# ਦੇਸ਼ ਦੁਆਬਾ

VOL - 3 ISSUE - 10
August 16-31, 2014

Postal Address
5101 Doe Hollow Pl, Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਕੈਲੇਫੋਰਨੀਆ ਦੇ ਸਕੂਲਾਂ ਵਿਚ ਸਿੱਖ ਧਰਮ ਬਾਰੇ ਸਿੱਖਿਆ ਦੇਣ ਲਈ ਅਸੈਂਬਲੀ ਵਿਚ ਬਿਲ ਪਾਸ

ਸੈਕਰਾਮੈਂਟੋ- ਉਘੇ ਸਿੱਖ ਵਿਦਵਾਨ ਡਾ. ਉਂਕਾਰ ਸਿੰਘ ਬਿੰਦਰਾ ਜੀ ਅਤੇ ਪਿਸ਼ੌਰਾ ਸਿੰਘ ਢਿੱਲੋਂ ਨੇ 'ਦੇਸ਼ ਦੁਆਬਾ' ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਲੀਫੋਰਨੀਆ ਦੇ ਸਕੂਲਾਂ ਵਿਚ ਸਿੱਖ ਧਰਮ ਬਾਰੇ ਸਿੱਖਿਆ ਦੇਣ ਲਈ ਕੈਲੀਫੋਰਨੀਆ ਅਸੈਂਬਲੀ ਵਿਚ ਇਕ ਬਿਲ ਏ ਸੀ ਆਰ 154 (ਗਰੇਅ) ਸਰਬ ਸੰਮਤੀ ਨਾਲ ਪਾਸ ਹੋ ਗਿਆ ਹੈ। ਇਹ ਬਿਲ 11 ਅਗਸਤ ਨੂੰ ਅਸੈਂਬਲੀ ਮੈਂਬਰ ਐਡਮ ਗਰੇਅ ਨੇ ਪੇਸ਼ ਕੀਤਾ। ਇਸ ਮੌਕੇ ਬਹੁਤ ਸਾਰੀਆਂ ਸਿੱਖ ਸ਼ਖਸੀਅਤਾਂ ਹਾਜ਼ਰ ਸਨ। ਉਹਨਾਂ ਨੇ ਐਡਮ ਗਰੇਅ ਦਾ ਬਿਲ ਪੇਸ਼ ਕਰਨ ਉਤੇ ਧੰਨਵਾਦ ਕੀਤਾ ਡਾ. ਉਂਕਾਰ ਸਿੰਘ ਬਿੰਦਰਾ ਨੇ ਇਹ ਵੀ ਦੱਸਿਆ ਕਿ ਹਾਲ ਦੀ ਘੜੀ ਕੈਲੀਫੋਰਨੀਆ ਦੇ ਇਕੋ ਇਕ ਡਿਕਟ੍ਰਿਕ ਸਕੂਲ ਮਡੈਸਟੋ ਵਿਚ ਸਿੱਖ ਧਰਮ ਬਾਰੇ ਪੜ੍ਹਾਇਆ ਜਾਂਦਾ ਹੈ।

## ਸਵਰਗੀ ਸ੍ਰੀ ਲਾਹੌਰੀ ਰਾਮ ਸਾਲਾਨਾ ਯਾਦਗਾਰੀ ਪਿਕਨਿਕ 17 ਅਗਸਤ ਨੂੰ

**ਸੈਕਰਾਮੈਂਟੋ (ਡੀ ਡੀ ਬੀ)–** ਇੰਡੋ-ਅਮੈਰੀਕਨ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖਸੀਅਤ ਅਤੇ ਪ੍ਰਸਿੱਧ ਸਮਾਜ ਸੇਵੀ ਸਵਰਗੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦੀ ਯਾਦ ਵਿਚ



ਆਯੋਜਿਤ ਹੋਣ ਵਾਲੀ 6ਵੀਂ ਸਲਾਨਾ ਪਿਕਨਿਕ ਇਸ ਵਾਰ ਐਲਕ ਗਰੋਵ ਪਾਰਕ ਵਿਖੇ 17 ਅਗਸਤ ਦਿਨ ਐਤਵਾਰ ਨੂੰ ਹੋਣ ਜਾ ਰਹੀ ਹੈ। ਇਸ ਮੌਕੇ ਸ੍ਰੀ ਲਾਹੌਰੀ ਰਾਮ ਦੇ ਪਰਿਵਾਰ ਦੇ ਸ਼ੁਭ ਚਿੰਤਕ ਅਤੇ ਸਮਰਥਕਾਂ ਸਮੇਤ ਕਮਿਊਨਿਟੀ ਦੇ ਬਹੁਤ ਸਾਰੇ ਲੋਕੀ ਸ਼ਾਮਲ ਹੋਣਗੇ। ਇਹ ਪਿਕਨਿਕ ਸਵੇਰੇ 11 ਵਜੇ ਆਰੰਭ ਹੋਵੇਗੀ ਅਤੇ ਸ਼ਾਮੀ 5 ਵਜੇ ਤੱਕ ਚੱਲੇਗੀ। ਇਸ ਸਬੰਧਤ IVACC ਅਨੁਸਾਰ ਪਿਕਨਿਕ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਹਨ। ਹੋਰ ਜਾਣਕਾਰੀ ਲਈ 916-802-5776 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ ਸਮੇਤ ਕਈ ਮੁਲਕਾਂ ਵਿਚ ਹੋ ਰਹੇ ਹਨ ਸਿੱਖਾਂ ਵਿਰੁੱਧ ਨਸਲੀ ਹਮਲੇ

**ਨਿਊਯਾਰਕ (ਬਿਊਰੋ)–** ਭਾਰਤੀ ਮੂਲ ਦੇ ਲੋਕ ਇਸ ਵਕਤ ਦੁਨੀਆਂ ਦੇ ਹਰ ਖਿੱਤੇ ਵਿਚ ਰਹਿੰਦੇ ਹਨ। ਜ਼ਿਆਦਾਤਰ ਕੈਨੇਡਾ ਅਤੇ ਇੰਗਲੈਂਡ ਵਰਗੇ ਮੁਲਕਾਂ ਵਿਚ ਭਾਰਤੀ ਮੂਲ ਦੇ ਲੋਕਾਂ ਨੇ ਚੰਗੀ ਪਛਾਣ ਵੀ ਬਣਾਈ ਹੈ ਅਤੇ ਰਾਜਨੀਤਿਕ ਖੇਤਰ ਵਿਚ ਵੀ ਸ਼ਮੂਲੀਅਤ ਕੀਤੀ ਹੈ, ਜਿਸ ਕਰਕੇ ਉਹਨਾਂ ਦੀ ਪਛਾਣ ਦੀ ਸਮੱਸਿਆ ਇਹਨਾਂ ਮੁਲਕਾਂ ਵਿਚ ਕੁਝ ਘਟੀ ਹੈ। ਪਰ ਅਮਰੀਕਾ ਵਰਗੇ ਮੁਲਕ ਵਿਚ ਜਿੱਥੇ 5 ਲੱਖ ਤੋਂ ਜ਼ਿਆਦਾ ਸਿੱਖ ਭਾਈਚਾਰੇ ਦੇ ਲੋਕ ਰਹਿੰਦੇ ਹਨ, ਦੀ ਰਾਜਨੀਤਿਕ ਸਰਗਰਮੀ ਪਹਿਲਾਂ ਕੁਝ ਘੱਟ ਰਹੀ ਹੈ, ਪਰ ਹੁਣ ਤੇਜ਼ੀ ਨਾਲ ਵੱਧ ਰਹੀ ਹੈ। ਅਮਰੀਕਾ ਵਿਚ ਦੋ ਸਾਲ ਪਹਿਲਾਂ ਵਿਸਕਾਂਸਿਨ ਸਥਿਤ ਗੁਰੂ ਘਰ ਤੇ ਹੋਏ ਦਹਿਸ਼ਤਗਰਦ ਹਮਲੇ ਤੋਂ ਬਾਅਦ ਅਮਰੀਕੀ ਸਰਕਾਰ ਦੇ ਅੱਖਾਂ ਅਤੇ ਕੰਨ ਸਿੱਖਾਂ ਵਿਰੁੱਧ ਹੋ ਰਹੀ ਨਸਲੀ ਹਿੰਸਾ ਅਤੇ ਨਫਰਤ ਬਾਰੇ ਖੁੱਲ੍ਹੇ। ਇਸ ਤੋਂ ਪਹਿਲਾਂ 9/11 ਦੇ ਹਮਲਿਆਂ ਤੋਂ ਬਾਅਦ ਅਮਰੀਕਾ ਵਿਚ ਪੈਦਾ ਹੋਇਆ ਇਸਲਾਮਿਕ ਅੱਤਵਾਦ ਦੇ ਵਿਰੁੱਧ ਗੁੱਸਾ ਸਿੱਖਾਂ ਨੂੰ ਆਏ ਦਿਨ ਨਿਸ਼ਾਨਾ ਬਣਾਉਂਦਾ ਰਿਹਾ ਅਤੇ ਸਿੱਖ ਭਾਈਚਾਰਾ ਇਹ ਧੱਕੇਸ਼ਾਹੀਆਂ ਸਹਿਣ ਕਰਦਾ ਰਿਹਾ, ਪਰ ਹੁਣ ਇਹ ਹਮਲੇ ਹੋਰ ਵੀ ਜ਼ਿਆਦਾ ਵੱਧ ਗਏ ਹਨ। ਅਮਰੀਕੀ ਸਟੋਰਾਂ, ਪੈਟਰੋਲ ਪੰਪਾਂ ਅਤੇ ਹੋਰ ਥਾਵਾਂ ਤੇ ਕੰਮ ਕਰਦੇ ਸਿੱਖਾਂ ਅਤੇ ਯਾਤਰਾ ਦਰਮਿਆਨ ਅਕਸਰ ਹੀ ਨਸਲੀ ਟਿੱਪਣੀਆਂ ਦਾ ਸਿੱਖਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਨੌਬਤ ਹਿੰਸਕ ਹਮਲੇ ਤੱਕ ਦੀ ਆ ਜਾਂਦੀ ਹੈ। ਇਹਨਾਂ ਨਸਲੀ ਹਮਲਿਆਂ ਲਈ ਸਿਰਫ ਆਮ ਜਨਤਾ ਹੀ ਜ਼ਿੰਮੇਵਾਰ ਨਹੀਂ, ਬਲਕਿ ਪ੍ਰਸ਼ਾਸਨ ਵੀ ਕਈ ਵਾਰ ਨਸਲੀ ਵਾਰਦਾਤਾਂ ਕਰਦਾ ਨਜ਼ਰ ਆਇਆ ਹੈ। ਇਸ ਪਿੱਛੇ ਪ੍ਰਮੁੱਖ ਕਾਰਨ ਸਿੱਖਾਂ ਦੀ ਪਛਾਣ ਦੀ ਸਮੱਸਿਆ ਹੈ। ਅਮਰੀਕੀ ਅਤੇ ਹੋਰ ਮੁਲਕਾਂ ਵਿਚ ਸਿੱਖਾਂ ਨੂੰ ਮੁਸਲਮਾਨ ਭਾਈਚਾਰੇ ਨਾਲ ਸਬੰਧਤ ਸਮਝਿਆ ਜਾਂਦਾ ਹੈ, ਜਿਸ ਕਰਕੇ ਉਹਨਾਂ ਵਿਰੁੱਧ ਨਸਲੀ ਨਫਰਤ ਵਧਦੀ ਜਾ ਰਹੀ ਹੈ। ਪਛਾਣ ਦੀ ਸਮੱਸਿਆ




ਸਿਰਫ ਅਮਰੀਕਾ ਵਿਚ ਨਹੀਂ, ਬਲਕਿ ਆਸਟ੍ਰੇਲੀਆ, ਯੂਰਪੀ ਮੁਲਕ, ਕੈਨੇਡਾ ਅਤੇ ਦੱਖਣੀ ਅਮਰੀਕੀ ਮੁਲਕਾਂ ਵਿਚ ਵੀ ਬਰਕਰਾਰ ਹੈ। ਇਸ ਸਮੱਸਿਆ ਦਾ ਕੋਈ ਸਥਾਨ ਹੱਲ ਨਿਕਲਦਾ ਨਜ਼ਰ ਨਹੀਂ ਆ ਰਿਹਾ, ਕਿਉਂਕਿ ਤਮਾਮ ਮੀਡੀਆ ਵੀ ਪੱਛਮੀ ਮੁਲਕਾਂ ਵਿਚ ਅੱਤਵਾਦ ਵਿਰੋਧੀ ਪ੍ਰਚਾਰ ਕਰਦਿਆਂ ਸਿੱਖਾਂ ਦੀਆਂ ਅਜਿਹੀਆਂ ਤਸਵੀਰਾਂ ਭੁਲੇਖੇ ਨਾਲ ਛਾਪ ਅਤੇ ਪ੍ਰਸਾਰਿਤ ਕਰਦਾ ਹੈ, ਜਿਸ ਦੇ ਕਾਰਨ ਆਮ ਲੋਕਾਂ ਵਿਚ ਸਿੱਖਾਂ ਨੂੰ ਮੁਸਲਿਮ ਭਾਈਚਾਰੇ ਦੇ ਲੋਕ ਸਮਝਣਾ ਸੁਭਾਵਿਕ ਹੀ ਹੈ।

ਅਮਰੀਕਾ ਵਿਚ ਇਸ ਸਮੱਸਿਆ ਦੀ ਗੰਭੀਰਤਾ ਨੂੰ ਦੇਖਦਿਆਂ ਉਥੋਂ ਦੀਆਂ ਕਈ ਸਿੱਖ ਸੰਸਥਾਵਾਂ ਨੇ ਇਸ ਸਮੱਸਿਆ ਦੇ ਹੱਲ ਲਈ ਪਹਿਲਾਂ ਸਿੱਖ ਪਛਾਣ ਦਾ ਪ੍ਰਚਾਰ ਕਰਨ ਦਾ ਬੀੜਾ ਚੁੱਕਿਆ ਹੈ। ਇਹਨਾਂ ਸੰਸਥਾਵਾਂ ਨੇ ਪ੍ਰਚਾਰ ਕਰਨ ਵਿਚ ਮਾਹਿਰ ਲੋਕਾਂ ਦੀਆਂ ਸੇਵਾਵਾਂ ਲਈਆਂ ਹਨ, ਜੋ ਅਮਰੀਕੀ ਸਮਾਜ ਵਿਚ ਸਿੱਖਾਂ ਦੀ ਪਛਾਣ ਨੂੰ ਹਰ ਕਿਸਮ ਦੇ ਮੀਡੀਆ ਵਿਚ ਪ੍ਰਚਾਰ ਰਹੇ ਹਨ ਤਾਂ ਜੋ ਆਮ ਲੋਕਾਂ ਨੂੰ ਸਿੱਖ ਅਤੇ ਗੈਰ ਸਿੱਖ ਵਿਚ ਫਰਕ ਆਸਾਨੀ ਨਾਲ ਪਤਾ ਲੱਗ ਸਕੇ। ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਲੜ ਹਟੀ ਬੀਬੀ ਹਿਲੇਰੀ ਕਲਿੰਟਨ ਦੇ ਲਈ ਕੰਮ ਕਰਨ ਵਾਲੇ ਮਾਹਿਰ ਵੀ ਇਹਨਾਂ ਨੇ ਇਸ ਪ੍ਰਚਾਰ ਮੁਹਿੰਮ ਵਿਚ ਜੋੜੇ ਹਨ। ਇਸ ਮੁਹਿੰਮ ਦੇ ਕਿੰਨੇ ਸਕਾਰਾਤਮਕ ਨਤੀਜੇ ਮਿਲਦੇ ਹਨ, ਇਹ ਤਾਂ ਆਉਣ ਵਾਲੇ ਵਕਤ ਵਿਚ ਦੇਖਿਆ ਜਾਵੇਗਾ, ਪਰ ਸਿੱਖਾਂ ਦੀ ਪਛਾਣ ਦੀ ਜੋ ਸਮੱਸਿਆ ਅੱਜ ਖੜ੍ਹੀ ਹੋਈ ਹੈ, ਇਹ ਕੋਈ ਅੱਜ ਦੀ ਨਹੀਂ ਬਲਕਿ ਬਹੁਤ ਪੁਰਾਣੀ ਹੈ।ਇਸ ਸਮੱਸਿਆ ਦੇ ਹੱਲ ਲਈ ਵੱਖ ਵੱਖ ਮੁਲਕਾਂ ਦੇ ਸਥਾਨਕ ਮੀਡੀਆ ਵਿਚ ਪ੍ਰਚਾਰ ਮੁਹਿੰਮ ਚਲਾਉਣ ਦੀ ਵਿਸ਼ੇਸ਼ ਲੋੜ ਹੈ। ਸਰਕਾਰਾਂ ਦੇ ਪੱਧਰ ਤੇ ਅਜਿਹੇ ਵਿਤਕਰੇ ਨੂੰ ਸ਼ਹਿ ਨਹੀਂ ਦਿੱਤੀ ਜਾਂਦੀ, ਬਲਕਿ ਇਹ ਸਮਾਜ ਵਿਚ ਹੀ ਪਾਈ ਜਾਂਦੀ ਪਛਾਣ ਦੀ ਸਮੱਸਿਆ ਹੈ, ਜਿਸ ਕਾਰਨ ਸੈਂਕੜੇ ਸਿੱਖ ਭਾਈਚਾਰੇ ਦੇ ਲੋਕੀ ਹਰ ਰੋਜ਼ ਨਸਲੀ ਹਮਲਿਆਂ, ਨਸਲੀ ਵਿਤਕਰਿਆਂ ਅਤੇ ਮਾੜੇ ਵਤੀਰੇ ਦਾ ਸ਼ਿਕਾਰ ਹੁੰਦੇ ਹਨ।



## ਆਪਣੇ ਆਪ ਨੂੰ 'ਹਿੰਦੂ ਇਸਾਈ' ਆਖਣਾ ਫਰਾਂਸਿਸ ਦਾ ਨਿੱਜੀ ਵਿਚਾਰ ਹੈ- ਉਹ ਇਸਾਈਆਂ ਦੇ ਪ੍ਰਤੀਨਿਧ ਨਹੀਂ

ਆਰ. ਐਸ. ਐਸ. ਮੁਖੀ ਭਾਗਵਤ ਵਲੋਂ ਸਾਰੇ ਭਾਰਤ ਦੇ ਲੋਕਾਂ ਨੂੰ ਹਿੰਦੂ ਕਹਿਣ 'ਤੇ ਭਾਰਤ ਵਿਚ ਬਹੁਤ ਤਿੱਖੀ ਪ੍ਰਤੀਕਿਰਿਆ ਹੋਈ ਹੈ। ਵੱਖ ਵੱਖ ਸਿਆਸੀ ਪਾਰਟੀਆਂ ਦੇ ਨੇਤਾਵਾਂ- ਖਾਸ ਕਰਕੇ ਕਾਂਗਰਸ, ਬਸਪਾ, ਰਾਸ਼ਟਰੀ ਜਨਤਾ ਦਲ, ਜਨਤਾ ਦਲ (ਯੂ) ਆਦਿ ਪਾਰਟੀਆਂ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਭਾਰਤ ਹਿੰਦੂ ਰਾਸ਼ਟਰ ਨਹੀਂ ਬਲਕਿ ਸਭ ਧਰਮਾਂ ਦੇ ਲੋਕਾਂ ਦਾ ਦੇਸ਼ ਹੈ। ਪ੍ਰੰਤੂ ਭਾਰਤੀ ਜਨਤਾ ਪਾਰਟੀ ਨੇ ਇਸ ਬਾਰੇ ਚੁੱਪ ਧਾਰੀ ਹੋਈ ਹੈ। ਗੋਆ ਦੇ ਮੁੱਖ ਮੰਤਰੀ ਫਰਾਂਸਿਸ ਇਕੋ ਇਕ ਸਿਆਸੀ ਨੇਤਾ ਹਨ, ਜਿਹਨਾਂ ਨੇ ਕਿਹਾ ਕਿ ਅਸੀਂ 'ਇਸਾਈ ਹਿੰਦੂ' ਹਾਂ। ਇਸ ਤੋਂ ਪਹਿਲਾਂ ਗੋਆ ਦੇ ਇਕ ਇਸਾਈ ਮੰਤਰੀ ਨੇ ਕਿਹਾ ਸੀ ਕਿ "ਆਸ ਹੈ ਕਿ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦੇਣਗੇ।" ਇੱਥੇ ਵਰਣਨਯੋਗ ਹੈ ਕਿ ਗੋਆ ਵਿਚ ਬਹੁਤ ਸਾਰੇ ਇਸਾਈ ਅਜਿਹੇ ਹਨ ਜੋ ਆਪਣੇ ਪਿਛਲੇ ਧਰਮ ਨੂੰ ਭੁਲਾ ਨਹੀਂ ਸਕੇ ਅਤੇ ਉਹਨਾਂ ਨੇ ਆਪਣੇ ਪੁਰਾਣੇ ਸੰਸਕਾਰ ਜਾਰੀ ਰੱਖੇ ਹੋਏ ਹਨ। 2002 ਵਿਚ ਗੋਆ ਦੇ ਕੁਝ ਇਸਾਈਆਂ ਨੇ ਆਰਚਬਿਸ਼ਪ ਨੂੰ ਲਿਖਿਆ ਸੀ ਕਿ ਸਾਡੇ ਚਰਚਾਂ ਵਿਚ ਹੁਣ ਦਲਿਤ ਇਸਾਈ ਵੀ ਆਉਣ ਲੱਗ ਪਏ ਹਨ। ਇਹਨਾਂ ਨੂੰ ਮਨ੍ਹਾ ਕੀਤਾ ਜਾਵੇ, ਨਹੀਂ ਤਾਂ ਅਸੀਂ ਇਸਾਈ ਧਰਮ ਛੱਡ ਦੇਵਾਂਗੇ। ਉਸ ਸਮੇਂ 'ਮਸੀਹੀ ਸੰਸਾਰ' ਨੇ ਲਿਖਿਆ ਸੀ ਕਿ ਜੋ ਲੋਕ 4-5 ਸੌ ਸਾਲ ਵਿਚ ਪ੍ਰਭੂ ਯਿਸ਼ੂ ਨੂੰ ਨਹੀਂ ਸਮਝ ਸਕੇ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਜਿੱਥੋਂ ਆਏ ਹਨ, ਉਥੇ ਹੀ ਚਲੇ ਜਾਣ। ਕਿਉਂਕਿ ਇਸਾਈ ਧਰਮ ਜਾਤ ਪਾਤ ਵਿਚ ਵਿਸ਼ਵਾਸ ਨਹੀਂ ਰੱਖਦਾ। ਇਸ ਲਈ ਜੋ ਜਾਤ ਪਾਤ ਨੂੰ ਮੰਨਦਾ ਹੈ ਉਹ ਇਸਾਈ ਨਹੀਂ ਹੋ ਸਕਦਾ। ਹੁਣ 'ਹਿੰਦੂ ਇਸਾਈ' ਅਤੇ ਹਿੰਦੂ ਰਾਸ਼ਟਰ ਬਾਰੇ ਇਕਾ ਦੁਕਾ ਇਸਾਈਆਂ ਵੱਲੋਂ ਜੋ ਬਿਆਨ ਆਏ ਹਨ, ਉਹ ਇਹਨਾਂ ਲੋਕਾਂ ਦੇ ਨਿੱਜੀ ਵਿਚਾਰ ਹਨ। ਇਹ ਵਿਚਾਰ ਸਾਰੀ ਕੌਮ ਦੀ ਵਿਚਾਰਧਾਰਾ ਦੀ ਪ੍ਰਤੀਨਿਧਤਾ ਨਹੀਂ ਕਰਦੇ।


**Prime Real Estate Services**
PRE

Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991

**HAPPY TRAVELS AGENCY**


Harjit (Happy)
Agency Owner
HappyTravels Agency
Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
1743 GRAND CANAL BLVD
12 STOCKTON, CA 95207

**Mikasa HOMES & FUNDING**
Rakesh Chander
Mikasa Homes & Funding
1601 S. De Anza Blvd, Suite 118
Cupertino, CA 95014

Rakesh Chander
Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com

**MAJESTIC HOMES**

RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

**Amrik Chand (CPA)**
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



# ਪ੍ਰਭੂ ਯਿਸੂ ਮਸੀਹ ਦੀ ਮਹਿਮਾਂ ਦਾ

# ਸ਼ੁਭ ਸਮਾਗਮ

## 29,30 ਅਤੇ 31 ਅਗਸਤ 2014

ਮੁੱਖ ਬੁਲਾਰੇ:



ਪਾਸਟਰ ਜਗਪਾਲ ਸਿੰਘ ਧਾਲੀਵਾਲ

**ਪਾਸਟਰ ਜਗਪਾਲ ਸਿੰਘ ਧਾਲੀਵਾਲ ਅਤੇ ਪਾਸਟਰ ਰੇਹਾਨ ਗਾਰਸਟਿਨ (ਪੰਜਾਬੀ ਮਸੀਹੀ ਚਰਚ ਕੈਨੇਡਾ)**



ਪਾਸਟਰ ਰੇਹਾਨ ਗਾਰਸਟਿਨ

## ਪਰਾਥਨਾ ਦੇ ਘਰ ਦੀਆਂ ਸਾਲਾਨਾ ਮੀਟਿੰਗਾਂ

**ਪਰੋਗਰਾਮ:**

ਅਗਸਤ 29 (ਸ਼ੁਕਰਵਾਰ): ਭੋਜਨ ਸ਼ਾਮ 5.00 ਵਜੇ, ਬੰਦਗੀ 6.30 ਵਜੇ
ਅਗਸਤ 30 (ਸ਼ਨੀਵਾਰ) : ਬੰਦਗੀ ਸਵੇਰੇ 10.30, ਭੋਜਨ 1.00 ਵਜੇ
ਅਗਸਤ 30 (ਸ਼ਨੀਵਾਰ) : ਭੋਜਨ 5.00 ਵਜੇ, ਬੰਦਗੀ ਸ਼ਾਮ 6.30 ਵਜੇ
ਅਗਸਤ 31 (ਐਤਵਾਰ) : ਬੰਦਗੀ ਸਵੇਰੇ 10.30, ਭੋਜਨ 1.00 ਵਜੇ

**ਸਥਾਨ:**

467 ਗਾਰਡਨ ਹਾਈਵੇ
ਯੂਬਾ ਸਿਟੀ CA 95991
ਸੰਪਰਕ ਵਾਸਤੇ ਫੋਨ ਕਰੋ:
530-933-6045



ਕਸ਼ਮੀਰ ਸਿੰਘ ਹੀਰਾ

# INDIA MARKET

**SWEETS & SPICES**

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

## ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ



ਬਰਿੰਦਰ ਬੰਗੜ



Eyebrow Threading &
Henna Tattoo (each hand)
**Only for $ 5.00**
(Regular $ 8.00)
Walk In Welcome
Mon-Sat 10am to 7 pm

The Threading queen
threading & HEENA TATTOOS
Call for appointment
(916) 297-0150, (916) 316-8199

1265 Pleasant grove blve# 100
Roseville 95747 (916) 297-0150, (916) 786-7666




## Sweets Spices Chaat House

Chaat Papdi. Samosa Chaat. Pani Puri. Dahi Vada. Bhel Puri Chaat

Chaat Plate Only for **$2.99**

## 916-786-7666

**1265 Pleasant Grove Blvd.
# 100 Roseville, CA 95747**

## We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & more!

We accept EBT cards

## 916-338-5511

**5203 Elkhorn Blvd.Sacramento, CA 95842**

# ਗੋਲਡਨ ਪੰਜਾਬ ਕਲੱਬ ਯੂ.ਐਸ.ਏ ਵਲੋਂ ਕਰਵਾਇਆ ਗਿਆ ਮੇਲਾ ' ਮੀਆਂ ਨਾਲ ਤੀਆਂ' ਨਵੀਂ ਲੀਹ ਪਾ ਗਿਆ







**ਹੇਵਰਡ:** ਗੋਲਡਨ ਪੰਜਾਬ ਕਲੱਬ ਯੂ.ਐਸ. ਏ ਨਾਨ ਪ੍ਰਾਫ਼ਿਟ ਵਲੋਂ ਬੀਤੇ ਦਿਨੀਂ Newark Pevillion ਵਿਖੇ ਨਿਵੇਕਲੇ ਢੰਗ ਨਾਲ ਕਰਵਾਇਆ ਗਿਆ ' ਮੀਆਂ ਨਾਲ ਤੀਆਂ' ਮੇਲਾ ਇਕ ਨਵੀਂ ਲੀਹ ਪਾ ਗਿਆ। ਇਸ ਮੇਲੇ ਦਾ ਉਦੇਸ਼ ਤੀਆਂ ਦੇ ਤਿਓਹਾਰ ਨੂੰ ਪਰਿਵਾਰਾਂ ਸਮੇਤ ਮਨਾਉਣਾ ਸੀ। ਇਕ ਤਰ੍ਹਾਂ ਨਾਲ ਉਹ ਮੁਟਿਆਰਾਂ ਅਤੇ ਬੀਬੀਆਂ ਜੋ ਛੋਟੇ ਬੱਚਿਆਂ ਦੀ ਦੇਖ-ਭਾਲ ਕਾਰਨ ਜਾਂ ਰਾਈਡ ਨਾ ਮਿਲਣ ਦੀ ਸੂਰਤ ਵਿਚ ਤੀਆਂ ਦੇਖਣ ਨਹੀਂ ਜਾ ਸਕਦੀਆ ਸਨ, ਕਲੱਬ ਵਲੋਂ ਇਕ ਵਿਸ਼ੇਸ਼ ਉਪਰਾਲਾ ਸੀ। ਮੁਟਿਆਰਾਂ ਨੇ ਪਰਿਵਾਰਾਂ ਸਮੇਤ ਪੁੱਜ ਕੇ ਇਸ ਮੇਲੇ ਨੂੰ ਭਰਵਾਂ ਹੁੰਗਾਰਾ ਦਿੱਤਾ।

ਮੇਲੇ ਦੀ ਸੂਰੂਆਤ ਗਰੈਂਡ ਸਪਾਂਸਰ ਸਤਵੰਤ ਸਿੰਘ ਇੰਸ਼ੋਰੈਂਸ ਏਜੰਟ ਤੋਂ ਰੀਬਨ ਕਟਵਾ ਕੇ ਕਰਵਾਈ ਗਈ। ਇਸ ਤੋਂ ਬਾਅਦ ਮਿਸ਼ਨ ਲਰਨਿੰਗ ਅਕੈਡਮੀ, ਫ਼ੁਲਵਾੜੀ ਕੋਰਪ, ਅਜੇ ਅਕੈਡਮੀ, ਵੀਆਨ -ਯਾਨਿਕ ਅਤੇ ਰਾਇਲ ਭੰਗੜਾ ਟੀਮਾਂ ਨੇ ਪੰਜਾਬ ਦੇ ਪ੍ਰਸਿੱਧ ਲੋਕ ਨਾਚ ਭੰਗੜੇ ਅਤੇ ਗਿੱਧੇ ਨਾਲ ਦਰਸ਼ਕ ਝੂਮਣ ਲਾ ਦਿੱਤੇ। ਪਰਿਵਾਰ ਸਮੇਤ ਆਏ ਇੰਦਰਜੀਤ ਸਿੰਘ ਮੰਗਾ ਨੇ ' ਮੀਆਂ ਨਾਲ ਤੀਆਂ' ਕਵਿਤਾ ਪੇਸ਼ ਕਰਕੇ ਦਰਸ਼ਕਾਂ ਤੋਂ ਵਾਹ -ਵਾਹ ਖੱਟੀ। ਸੋਨੀਆ ਅਤੇ ਜੱਸੀ ਨੇ ' ਤਾਈ ਬਿਸ਼ਨੀ' ਸਕਿੱਟ ਨਾਲ ਢਿੱਡੀਂ ਪੀੜਾਂ ਪਾ ਦਿੱਤੀਆਂ। ਨੀਲਮ ਸੈਣੀ ਦੀ ਅਗਵਾਈ ਵਿਚ ਤੀਆਂ ਦੇ ਮਹੱਤਵ ਨੂੰ ਸਮਝਾਉਂਦਾ ' ਮੀਆਂ ਨਾਲ ਤੀਆਂ' ਵਿਸ਼ੇਸ਼ ਰੂਪਕ ਪ੍ਰੋਗਰਾਮ ਨੂੰ ਸਿਖਰ ਤੇ ਲੈ ਗਿਆ। ਟੀ.ਵੀ. ਐਂਕਰ ਜਸਲੀਨ ਖਨੂਜਾ ਨੇ ਇਸੇ ਥੀਮ ਨਾਲ ਮਿਲਦਾ ਗੀਤ ' ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ' ਆਪਣੇ ਮੀਆਂ ਤਨਵੀਰ ਨੂੰ ਸਟੇਜ ਤੇ ਲਿਆ ਕੇ ਪੇਸ਼ ਕੀਤਾ।

ਜਸਵਿੰਦਰ ਕੌਰ, ਸੋਨੀਆ, ਸੁਖਬੀਰ ਕੌਰ, ਰੰਗ ਮੰਚ ਦੀ ਰੂਹੇ-ਰਵਾਂ ਜਸਵਿੰਦਰ ਧਨੋਆ ਅਤੇ ਬਲਵਿੰਦਰ ਕੌਰ ਦੀ ਪੇਸ਼ਕਾਰੀ ਵੀ ਰੌਚਿਕ ਸੀ। ਇਸ ਤੋਂ ਬਾਅਦ ਸਥਾਨਿਕ ਗਾਇਕਾਂ ਸੁਲਤਾਨ ਅਖਤਰ, ਹਰਜੀਤ ਜੀਤੀ ਅਤੇ ਦਰਸ਼ਨ ਔਜਲਾ ਨੇ ਤੀਆਂ ਨਾਲ ਸੰਬੰਧਿਤ ਗੀਤ ਗਾ ਕੇ ਮੁਟਿਆਰਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਨੀਲਮ ਸੈਣੀ ਨੇਂ ਇਸ ਪਰਿਵਾਰਕ ਪ੍ਰੋਗਰਾਮ ਦਾ ਤਰਤੀਬ ਬੱਧ ਅਤੇ ਸੁਚੱਜਾ ਸੰਚਾਲਨ ਇਸ ਤਰਾਂ ਕੀਤਾ ਕਿ ਸਭ ਨੇ ਪ੍ਰੋਗਰਾਮ ਦਾ ਪੂਰਾ ਆਨੰਦ ਮਾਣਿਆਂ ਅਤੇ ਕੋਈ ਵੀ ਅੱਧ ਵਿਚੋਂ ਉੱਠ ਕੇ ਨਹੀਂ ਗਿਆ। ਰੱਖੜੀ, ਜਿਊਲਰੀ, ਕੱਪੜੇ, ਮਹਿੰਦੀ ਅਤੇ ਖਾਣੇ ਦੇ ਸਟਾਲਾਂ ਨੇ ਪੂਰੇ ਮੇਲੇ ਦਾ ਮਹੌਲ ਬਣਾਇਆ ਹੋਇਆ ਸੀ। ਸਤਵੰਤ ਇੰਸ਼ੋਰੈਂਸ ਵਲੋਂ ਤੋਹਫ਼ਿਆਂ ਦੇ ਭਰੇ ਬੈਗ ਖਿੱਚ ਦਾ ਕਾਰਨ ਬਣੇ ਰਹੇ। ਪਾਲੀ ਧਨੌਲਾ ਦੀ ਟੀਮ ਨੇ ਗੁਰਦਾਸ ਮਾਨ ਸ਼ੋ ਲਈ ਰੈਫ਼ਲ ਕੱਢੇ।



ਗੋਲਡਨ ਪੰਜਾਬ ਕਲੱਬ ਯੂ.ਐਸ.ਏ ਆਪਣੇ ਸਾਰੇ ਸਹਿਯੋਗੀਆਂ ਅਤੇ ਸਪਾਂਸਰਾਂ ਮਨਜੀਤ ਇੰਸ਼ੋਰੈਂਸ ਸਰਵਿਸਜ਼, ਜੇ ਕੇ ਬਰੋਕਰਜ, ਜੇ ਕੇ ਡਾਕ ਪਰੈਪ ਸਰਵਿਸਜ਼, ਆਰ ਐਸ ਬੀ ਪੀ ਕੋਪਰੇਸ਼ਨ, ਲਾਲੀ ਟਰੱਕ ਅਤੇ ਟਾਇਰ ਸਰਵਸਿਜ਼, ਗੁਰਮੀਤ ਕਾਲੀਆ ਇੰਸ਼ੋਰੈਂਸ ਏਜੰਸੀ, ਮਨਜੀਤ ਸਿੰਘ ਸ਼ੋਕਰ ਸੁਪਰ ਸਟਾਰ ਲਿਕੁਯਰ, ਰੈਸਟੋਰੈਂਟ, ਐਸ ਐਸ ਟਰਕਿੰਗ, ਐਸ ਯੂ ਐਸ ਲਾਜਿਸਟਿਕ ਇੰਕ, ਐਸ ਸਿੰਘ, ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ, ਤੰਦੂਰ ਰੈਸਟੋਰੈਂਟ, ਕੈਸ਼ ਫ਼ੈਬਰਿਕ, ਸਮਰਾਟ ਕੜ੍ਹੀ ਹੱਟ, ਰੇਡੀਓ ਚੜ੍ਹਦੀ ਕਲਾ, ਰਣਧੀਰ ਕੰਗ ਐਡਵੋਕੇਟ, ਰਣਬੀਰ ਸਿੰਘ ਘੋਲੀਆ, ਜਸਵੰਤ ਸਿੰਘ ਬਾਸੀ, ਜਗਤਾਰ ਗਿੱਲ, ਪਾਲੀ ਧਨੌਲਾ, ਅਵਤਾਰ ਸਿੰਘ ਮਾਊਂਟਨ ਮਾਈਕ ਪੀਜ਼ਾ, ਜਸਵੰਤ ਖੰਨਾ, ਸਰਬਜੀਤ ਗਿੱਲ, ਗੁਰਮੀਤ ਸਿੰਘ ਮੀਤ ਇੰਸ਼ੋਰੈਂਸ, ਭਜਨ ਸਿੰਘ ਮੋਗੇ ਵਾਲੇ, ਸਾਬਾ ਬਾਈ ਜੀ ਆਦਿ ਵਲੋਂ ਮਿਲੇ ਭਰਵੇਂ ਸੋਹਿਯੋਗ ਲਈ ਧੰਨਵਾਦੀ ਹੈ। **-ਨੀਲਮ ਸੈਣੀ**

# ਓਲੰਪੀਅਨ ਸੁਰਿੰਦਰ ਸਿੰਘ ਸੋਢੀ ਸ੍ਰੀ ਗੁਰੂ-ਰਵਿਦਾਸ ਗੁਰੂ-ਘਰ ਵਿਖੇ ਨਤਮਸਤਕ ਹੋਏ





ਪਿਛਲੇ ਦਿਨੀਂ ਓਲੰਪੀਅਨ ' ਬੈਸਟ ਸਕੋਰਰ' ਦਾ ਖਿਤਾਬ ਜਿੱਤਣ, ਭਾਰਤੀ ਹਾਕੀ ਦਾ ਸੁਨਿਹਰੀ ਇਤਿਹਾਸ ਰਚਣ ਵਾਲੇ ਅਰਜਨਾ ਐਵਾਰਡੀ ਅਤੇ ਆਈ ਜੀ ਪੁਲਿਸ ਸ. ਸੁਰਿੰਦਰ ਸਿੰਘ ਸੋਢੀ ਨੇ ਆਪਣੀ ਅਮਰੀਕਾ ਫ਼ੇਰੀ ਦੌਰਾਨ ਨਿਊਯਾਰਕ ਦੇ ਸ੍ਰੀ ਗੁਰੂ-ਰਵਿਦਾਸ ਗੁਰੂ-ਘਰ ਵਿਖੇ ਨਤਮਸਤਕ ਹੋਏ ਤੇ ਕਥਾ-ਕੀਰਤਨ ਦਾ ਆਨੰਦ ਮਾਣਿਆਂ ਤੇ ਆਪਣੇ ਆਪ ਨੂੰ ਧੰਨ ਭਾਗ ਸਮਝਿਆ।

ਸਟੇਜ ਤੋਂ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪੰਜਾਬੀਆਂ ਨੂੰ ਮੁਬਾਰਕਵਾਦ ਦਿਤੀ ਜਿਨ੍ਹਾਂ ਵਿਦੇਸ਼ੀ ਧਰਤੀ 'ਤੇ ਆ ਕੇ ਭਾਰੀਆਂ ਮੇਹਨਤਾਂ ਕੀਤੀਆਂ ਤੇ ਆਪਣੇ ਕਾਰੋਬਾਰਾਂ 'ਚ ਵਾਧਾ ਕੀਤਾ।

ਬੱਚਿਆਂ ਨੂੰ ਖੇਡਾਂ ਨਾਲ ਜੁੜਨ ਦਾ ਸੰਦੇਸ਼ ਦਿਤਾ।ਸ. ਨਿਰਮਲ ਸਿੰਘ ਦੀ ਅਗਵਾਈ ਵਾਲੀ ਕਮੇਟੀ ਦੇ ਮੈਂਬਰਾਂ ਵਲੋਂ ਸ. ਸੋਢੀ ਨੂੰ ਸਿਰੋਪਾਉ ਦੀ ਬਖਸ਼ਿਸ਼ ਕੀਤੀ ਗਈ।

ਨਾਲ ਆਏ ਸਬਜ਼ੀ ਮੰਡੀ ਵਾਲੇ ਜਗੀਰ ਸਿੰਘ ਅਤੇ ਰਾਜ ਕੁਮਾਰ ਝੱਲੀ ਦਾ ਵੀ ਧੰਨਵਾਦ ਕੀਤਾ ਗਿਆ। ਕਮੇਟੀ ਮੈਂਬਰਾਂ ਨਾਲ ਲੰਗਰ ਹਾਲ ਵਿੱਚ ਜਾ ਕੇ ਲੰਗਰ ਛਕਿਆ ਤੇ ਕਾਫੀ ਦੇਰ ਪੰਜਾਬ ਦੇ ਖੇਡ-ਸਿਸਟਮ ਅਤੇ ਪੰਜਾਬ 'ਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਬਾਰੇ ਮੈਂਬਰਾਂ ਨਾਲ ਗੱਲ-ਬਾਤ ਦੀ ਸਾਂਝ ਪਾਈ।ਤਸਵੀਰ ਵਿੱਚ ਖੱਬਿਉਂ ਸੱਜੇ-ਸੁਖ ਰਾਮ, ਮਨੋਹਰ ਲਾਲ ਕਲੇਰ, ਹੈਡ-ਗ੍ਰੰਥੀ ਭਾਈ ਅਮਰਜੀਤ ਸਿੰਘ, ਭੋਲਾ ਕਲੇਰ, ਸ. ਸੁਰਿੰਦਰ ਸਿੰਘ ਸੋਢੀ, ਜਗੀਰ ਸਿੰਘ ਸਬਜ਼ੀ ਮੰਡੀ, ਸ੍ਰੀ ਨੰਦ ਲਾਲ, ਰਾਜ ਕੁਮਾਰ ਝੱਲੀ ਅਤੇ ਗੁਰਦਿਆਲ ਸਿੰਘ।

- ਇਕਬਾਲ ਸਿੰਘ ਜੱਬੋਵਾਲੀਆ

# ਨਾਮਵਰ ਐਨ ਆਰ ਆਈ ਨਰਿੰਦਰਪਾਲ ਸਿੰਘ ਹੁੰਦਲ ਵੈਸਟ ਸੈਕਰਾਮੈਂਟੋ ਦੇ ਮੇਅਰ ਦੀ ਦੌੜ ਵਿਚ ਹੋਏ ਸ਼ਾਮਲ-ਕਾਗ਼ਜ਼ ਭਰੇ

## ਨਵੰਬਰ ਵਿਚ ਹੋਵੇਗੀ ਮੇਅਰ ਦੀ ਚੋਣ



**ਸੈਕਰਾਮੈਂਟੋ-** ਟਕਸਾਲੀ ਅਕਾਲੀ ਪਰਿਵਾਰ ਦੇ ਜੰਮਪਲ ਅਤੇ ਅਮਰੀਕਾ ਦੇ ਨਾਮਵਰ ਪਰਦੇਸੀ ਪੰਜਾਬੀ ਨਰਿੰਦਰਪਾਲ ਸਿੰਘ ਹੁੰਦਲ ਹੁਣ ਅਮਰੀਕੀ ਰਾਜਨੀਤੀ ਵਿਚ ਵੀ ਕੁੱਦ ਪਏ ਹਨ। ਉਨ੍ਹਾ ਨੇ ਡੈਮੋਕ੍ਰੇਟਿਕ ਪਾਰਟੀ ਵਿਚ ਸ਼ਾਮਲ ਹੋਕੇ ਵੈਸਟ ਸੈਕਰਾਮੈਂਟੋ ਦੇ ਮੇਅਰ ਦੀ ਚੋਣ ਲੜਨ ਦਾ ਐਲਾਨ ਕੀਤਾ ਹੈ ।

8 ਅਗਸਤ ਨੂੰ ਉਨ੍ਹਾ ਨੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਵਜੋਂ ਵੈਸਟ ਸੈਕਰਾਮੈਂਟੋ ਦੇ ਮੇਅਰ ਲਈ ਆਪਣੇ ਨਾਮਜ਼ਦਗੀ ਕਾਗ਼ਜ਼ ਦਾਖ਼ਲ ਕਰ ਦਿੱਤੇ। ਅਜਿਹੀ ਨਾਮਜ਼ਦਗੀ ਲਈ 30 ਵੋਟਰਾਂ ਦੀ ਸਿਫ਼ਾਰਸ਼ ਦੀ ਲੋੜ ਹੁੰਦੀ ਹੈ। ਸਿਰਫ਼ ਅਮਰੀਕੀ ਸਿਟੀਜ਼ਨ ਹੀ ਵੋਟਰ ਬਣ ਸਕਦੇ ਨੇ । ਨਰਿੰਦਰਪਾਲ ਸਿੰਘ ਹੁੰਦਲ ਪਹਿਲੇ ਪੰਜਾਬੀ ਅਤੇ ਪਹਿਲੇ ਸਿੱਖ ਹੋਣਗੇ ਜੋ ਕਿ ਵੈਸਟ ਸੈਕਰਾਮੈਂਟੋ ਦੇ ਕਿਸੇ ਅਜਿਹੇ ਅਹੁਦੇ ਲਈ ਚੋਣ ਮੈਦਾਨ ਵਿਚ ਕੁੱਦੇ ਹਨ।ਉਨ੍ਹਾ ਨੇ ਆਪਣੀ ਚੋਣ ਮੁਹਿੰਮ ਲਈ ਮੁਢਲੀ ਤਿਆਰੀ ਸ਼ੁਰੂ ਕਰ ਦਿੱਤੀ ਹੈ।ਉਹ ਪੰਜਾਬ ਦੇ ਮਾਹਲਪੁਰ ਦੇ ਜੰਮੇ ਹਨ ਪਰ ਉਂਝ ਉਹ ਗੜ੍ਹਸ਼ੰਕਰ ਦੇ ਜੱਦੀ ਵਾਸੀ ਹਨ।ਉਹ ਪਿਛਲੇ 30 ਸਾਲ ਤੋਂ ਅਮਰੀਕਾ ਵਿਚ ਰਹਿ ਰਹੇ ਹਨ। ਉਹ ਅੰਮ੍ਰਿਤਸਰ ਮਿਸ਼ਨਰੀ ਕਾਲਜ ਦੇ ਪੜ੍ਹੇ ਹੋਏ ਹਨ।ਨਰਿੰਦਰਪਾਲ ਸਿੰਘ ਹੁੰਦਲ 1987 ਵਿੱਚ ਅਮਰੀਕਾ ਵਿਚ ਸ਼ਰੋਮਣੀ ਅਕਾਲੀ ਦਲ ਦੇ ਉਦੋਂ ਪ੍ਰਧਾਨ ਬਣੇ ਜਦੋਂ 1984 ਤੋਂ ਅਕਾਲੀ ਦਲ ਨੂੰ ਮੁੜ ਅਮਰੀਕਾ ਵਿਚ ਜਥੇਬੰਦ ਕੀਤਾ ਗਿਆ ਸੀ। ਉਹ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵੀ ਨਜ਼ਦੀਕੀ ਰਹੇ ਸਨ। ਹੁੰਦਲ ਹੋਰੀਂ ਪਿਛਲੇ ਕਈ ਵਰ੍ਹਿਆਂ ਤੋਂ ਸਕਿਉਰਿਟੀ ਏਜੰਸੀ ਦੇ ਕਾਰੋਬਾਰ ਵਿਚ ਹਨ ਜੋ ਕਿ ਵੱਖ ਵੱਖ ਅਦਾਰਿਆਂ ਨੂੰ ਸੁਰੱਖਿਆ ਗਾਰਡ ਮੁਹੱਈਆ ਕਰਦੇ ਹਨ। ਪਿਛਲੇ ਚਾਰ ਵਰ੍ਹਿਆਂ ਤੋਂ ਉਹ ਹਫਤਵਾਰੀ ਪੰਜਾਬੀ ਅਖ਼ਬਾਰ ਇੰਡੋ-ਅਮੇਰਿਕਨ ਟਾਈਮਜ਼ ਸੈਕਰਾਮੈਂਟੋ ਤੋਂ ਹੀ ਪ੍ਰਕਾਸ਼ਤ ਕਰ ਰਹੇ ਹਨ।ਇਹ ਵੀ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਵੈਸਟ ਸੈਕਰਾਮੈਂਟੋ ਸਿਟੀ ਵਿਚ 16000 ਦੇ ਕਰੀਬ ਵੋਟਰ ਹਨ ਜਿਨ੍ਹਾਂ ਵਿਚ ਭਾਰਤੀ ਜਾਂ ਪੰਜਾਬੀ ਵੋਟਰ ਮਾਮੂਲੀ ਗਿਣਤੀ ਵਿਚ ਹਨ। ਵੈਸਟ ਸੈਕਰਾਮੈਂਟੋ ਸ਼ਹਿਰ ਉਹ ਸ਼ਹਿਰ ਹੈ ਜੋ ਕਿ ਕੈਲੇਫੋਰਨੀਆ ਦੇ ਮੁੱਖ ਸ਼ਹਿਰ ਸੈਕਰਾਮੈਂਟੋ ਦੇ ਨਾਲ ਲਗਵਾਂ ਹੈ ਅਤੇ ਸੈਕਰਾਮੈਂਟੋ ਦਰਿਆ ਇਨ੍ਹਾ ਦੋਵਾਂ ਸ਼ਹਿਰਾਂ ਦੇ ਵਿਚਕਾਰ ਹੈ। ਵੈਸਟ ਸੈਕਰਾਮੈਂਟੋ ਦੀ ਆਬਾਦੀ 48000 ਦੇ ਕਰੀਬ ਹੈ। ਨਰਿੰਦਰਪਾਲ ਸਿੰਘ ਹੁੰਦਲ ਦਾ ਈਮੇਲ ਪਤਾ ਹੈ:

nphundal@gmail.com

ਉਨ੍ਹਾਂ ਦਾ ਸੰਪਰਕ ਨੰਬਰ ਹੈ

+1-916-416-1251 ਅਤੇ +1-916-432-0930

# ਸਾਂਝੀ ਸੋਚ ਵੱਲੋਂ ਸਟੈਨਿਸਲਾਸ ਕਾਊਂਟੀ ਦੇ ਮੁੱਖੀ ਐਡਮ ਕ੍ਰਿਸਟਨਸਨ ਦਾ ਸਨਮਾਨ



**ਕੈਲੀਫੋਰਨੀਆ (ਮਹਿੰਦਰ ਸਿੰਘ ਕੰਡਾ)**-ਸਟੈਨਿਸਲਾਸ ਕਾਊਂਟੀ ਦੇ ਮੁੱਖੀ ਐਡਮ ਕ੍ਰਿਸਟਨਸਨ ਦੇ ਸਨਮਾਨ ਵਿਚ ਇੰਡ-ੀਅਨ ਸਵੀਟਸ ਸ਼ਾਪ ਵਿਖੇ ਇਕ ਵਿਸ਼ੇਸ਼ ਸਮਾਗਮ ਹੋਇਆ। ਜਿਸ ਵਿਚ ਇਲਾਕੇ ਦੀਆਂ ਮੋਹਤਬਰ ਸਖਸ਼ੀਅਤਾਂ ਨੇ ਹਿੱਸਾ ਲਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਐਡਮ ਕ੍ਰਿਸਟਨਸਨ ਨੇ ਕਿਹਾ ਕਿ ਕਾਊਂਟੀ ਦਾ 200 ਮਿਲੀਅਨ ਡਾਲਰ ਦਾ ਬਜਟ ਹੈ। ਕਾਊਂਟੀ ਵਿਚ ਨਵੀਂ ਜੇਲ੍ਹ ਬਣਾਈ ਜਾ ਰਹੀ ਹੈ।

ਸਮਾਜ ਵਿਰੋਧੀ ਅਨਸਰਾਂ ਨੂੰ ਸੁਧਾਰਨ ਲਈ ਇਸ ਜੇਲ੍ਹ ਦੀ ਬਹੁਤ ਲੋੜ ਹੈ। ਉਨ੍ਹਾਂ ਕਿਹਾ ਕਿ ਕਮਿਊਨਿਟੀ ਲਈ ਐਜੂਕੇਸ਼ਨ ਪ੍ਰੋਗਰਾਮ ਵੀ ਚਲਾਏ ਜਾ ਰਹੇ ਹਨ। ਕ੍ਰਿਸਟਨਸਨ ਨੇ ਕਿਹਾ ਕਿ ਸਾਡੀ ਤਰਜੀਹ ਸਮਾਜਿਕ ਸੁਰੱਖਿਆ ਹੈ ਤੇ ਇਸ ਮਕਸਦ ਲਈ ਗਲਤ ਲੋਕਾਂ ਨੂੰ ਜੇਲ੍ਹਾਂ ਵਿਚ ਡੱਕਣਾ ਜਰੂਰੀ ਹੈ। ਇਹ ਕੰਮ ਅਸੀਂ ਪਹਿਲੇ ਦੇ ਆਧਾਰ 'ਤੇ ਕਰਦੇ ਹਾਂ। ਸਮਾਗਮ ਵਿਚ ਸਿੱਖਾਂ ਦੀ ਪਛਾਣ ਦੇ ਮਾਮਲੇ 'ਤੇ ਵੀ ਵਿਚਾਰ ਕੀਤਾ ਗਿਆ। ਇੰਡੀਅਨ ਕਮਿਊਨਿਟੀ ਨੂੰ ਦਰਪੇਸ਼ ਸਮੱਸਿਆਵਾਂ ਤੋਂ ਕ੍ਰਿਸਟਨਸਨ ਨੂੰ ਜਾਣੂ ਕਰਵਾਇਆ ਗਿਆ। ਸਮਾਗਮ ਵਿਚ ਸਾਂਝੀ ਸੋਚ ਵੱਲੋਂ ਐਡਿਮ ਕ੍ਰਿਸਟਨਸਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਸਰਦੂਲ ਸਿੰਘ ਬਾਜਵਾ , ਸੁਖਦੇਵ ਸਿੰਘ ਗਿੱਲ , ਇੰਡੀਅਨ ਸਵੀਟਸ ਸ਼ਾਪ ਦੇ ਮਾਲਕ ਮਨਜਿੰਦਰ ਸਿੰਘ, ਹਰਜੀਤ ਬਾਸੀ, ਹਰਦੀਪ ਹੋਟੀ, ਤਜਿੰਦਰ ਸਿੰਘ ਹੁੰਦਲ, ਬਲਦੇਵ ਸਿੰਘ ਗਿੱਲ, ਗੁਰਜੀਤ ਸਿੰਘ ਢਿਲੋਂ, ਗੁਰਜੀਤ ਸਿੰਘ ਚਾਹਲ, ਜੋਰਾ ਸਿੰਘ, ਜੰਗ ਬਹਾਦਰ ਸਿੰਘ, ਬਲਦੇਵ ਸਿੰਘ ਚਾਹਲ, ਪਰਮਪਾਲ ਸਿੰਘ, ਮਹਿੰਦਰ ਸਿੰਘ ਭਿੰਡਰ, ਰਣਜੀਤ ਸਿੰਘ ਬਰਿਆਰ, ਪਿਆਰਾ ਸਿੰਘ ਸਿੱਧੂ, ਅਮਰੀਕ ਸਿੰਘ, ਜਸਵਿੰਦਰ ਸਿੰਘ ਤੂਰ, ਜਸਵੰਤ ਸਿੰਘ ਬਰਾੜ, ਭਰਪੂਰ ਸਿੰਘ, ਹਰਦੀਸ਼ ਸਿੰਘ ਬਾਜਵਾ, ਦਵਿੰਦਰ ਪਾਲ ਸਿੰਘ, ਸੀਤਲ ਸਿੰਘ, ਹਰਦੇਵ ਸਿੰਘ, ਨਰਿੰਜਣ ਸਿੰਘ ਘੁੰਮਣ, ਮੱਘਰ ਸਿੰਘ ਬਸਰਾ, ਸ੍ਰ ਭੁੱਲਰ, ਹਰਪਿੰਦਰ ਸਿੰਘ ਚੌਹਾਨ, ਸਤਿੰਦਰ ਸਿੰਘ ਬਾਠ, ਸਰਬਜੀਤ ਸਿੰਘ, ਦਪਿੰਦਰ ਸਿੰਘ ਬਾਜਵਾ, ਨੀਲਮ ਸਿੰਘ ਸੰਧੂ, ਜੋਗਾ ਸਿੰਘ, ਨੱਥਾ ਸਿੰਘ, ਪ੍ਰਿਤਪਾਲ ਸਿੰਘ ਤੇ ਬੂਟਾ ਸਿੰਘ ਬਾਸੀ ਮੁਖ ਸੰਪਾਦਕ ਸਾਂਝੀ ਸੋਚ ਤੇ ਇਲਾਕੇ ਦੇ ਹੋਰ ਮੋਹਤਬਰ ਵਿਅਕਤੀ ਹਾਜਰ ਸਨ।

# ਸਿੱਖਾਂ ਵੱਲੋਂ ਆਰ.ਐਸ.ਐਸ.ਮੁਖੀ ਮੋਹਨ ਭਾਗਵਤ ਖਿਲਾਫ ਰੋਸ ਮਾਰਚ

ਜਲੰਧਰ- ਜਲੰਧਰ ਵਿਖੇ ਸਿੱਖ ਤਾਲਮੇਲ ਕਮੇਟੀ ਨੇ ਆਰ ਐਸ ਐਸ ਮੁਖੀ ਮੋਹਨ ਭਾਗਵਤ ਖਿਲਾਫ ਰੋਸ ਪ੍ਰਗਟ ਕਰਦਿਆਂ ਪੈਦਲ ਰੋਸ ਮਾਰਚ ਕੱਢਿਆ, ਜਿਸ ਵਿਚ ਵੱਡੀ ਗਿਣਤੀ ਵਿਚ ਨੌਜਵਾਨ 'ਸਿੱਖ ਵੱਖਰੀ ਕੌਮ ਹੈ, ਅਸੀਂ ਹਿੰਦੂ ਨਹੀਂ ਅਤੇ ਸਾਨੂੰ ਸਿੱਖ ਹੋਣ 'ਤੇ ਮਾਣ ਹੈ' ਦੇ ਨਾਅਰੇ ਲਗਾਉਂਦੇ ਹੋਏ ਸ਼ਾਮਲ ਹੋਏ। ਕਈਆਂ ਨੇ ਹੱਥਾਂ ਵਿਚ ਆਰ. ਐਸ. ਐਸ. ਖਿਲਾਫ ਤਖ਼ਤੀਆਂ ਫੜੀਆਂ ਹੋਈਆਂ ਸਨ। ਜਦਕਿ ਇਸ ਰੋਸ ਮਾਰਚ ਦੌਰਾਨ ਆਰ. ਐਸ. ਐਸ. ਮੁਖੀ ਖਿਲਾਫ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ਗਈ। ਜ਼ਿਕਰਯੋਗ ਹੈ ਕਿ ਆਰ. ਐਸ. ਐਸ. ਮੁਖੀ ਮੋਹਨ ਭਾਗਵਤ ਵੱਲੋਂ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਦੱਸਦੇ ਹੋਏ ਬੀਤੇ ਦਿਨੀਂ ਬਿਆਨ ਦਿੱਤਾ ਗਿਆ ਸੀ ਜਿਸ ਕਾਰਨ ਸਮੁੱਚੀ ਸਿੱਖ ਕੌਮ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਦੇ ਮੱਦੇਨਜ਼ਰ ਸਿੱਖ ਤਾਲਮੇਲ ਕਮੇਟੀ ਤੇ ਉਸਦੇ ਸਹਿਯੋਗੀਆਂ ਵੱਲੋਂ ਪੈਦਲ ਰੋਸ ਮਾਰਚ ਕੱਢਿਆ ਗਿਆ।

ਇਸ ਮੌਕੇ ਰੋਸ ਮਾਰਚ ਦੀ ਅਗਵਾਈ ਕਰ ਰਹੇ ਤੇਜਿੰਦਰ ਸਿੰਘ ਪ੍ਰਦੇਸੀ, ਸੁਰਿੰਦਰਪਾਲ ਸਿੰਘ ਗੋਲਡੀ, ਹਰਪਾਲ ਸਿੰਘ ਚੱਢਾ, ਗੁਰਮੀਤ ਸਿੰਘ ਬਿੱਟੂ, ਬਲਜੀਤ ਸਿੰਘ ਆਹਲੂਵਾਲੀਆ ਨੇ ਪ੍ਰੈਸ ਨੂੰ ਸੰਬੋਧਿਤ ਕਰਦਿਆਂ ਦੋਸ਼ ਲਗਾਇਆ ਕਿ ਪਿਛਲੇ ਕੁਝ ਸਮੇਂ ਤੋਂ ਸਿੱਖੀ ਤੇ ਹਮਲੇ ਵਧਦੇ ਜਾ ਰਹੇ ਹਨ।



ਉਹਨਾਂ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਸਮਾਂ ਰਹਿੰਦੇ ਇਹੋ ਜਿਹੀਆਂ ਤਾਕਤਾਂ ਨੂੰ ਨਕੇਲ ਨਾ ਪਾਈ ਗਈ ਤਾਂ ਆਉਣ ਵਾਲਾ ਸਮਾਂ ਪੰਜਾਬ ਵਿਚ ਖ਼ਤਰਨਾਕ ਹਾਲਾਤ ਪੈਦਾ ਕਰ ਦੇਵੇਗਾ, ਉਹਨਾਂ ਕਰੜੇ ਸ਼ਬਦਾਂ ਵਿਚ ਆਖਿਆ ਕਿ ਸਿੱਖਾਂ ਦੀ ਵੱਖਰੀ ਪਛਾਣ ਕਿਸੇ ਦੀ ਮੁਥਾਜ ਨਹੀਂ ਹੈ। ਸਾਡਾ ਵੱਖਰਾ ਸਰੂਪ ਹੈ।

ਸਾਡਾ ਵੱਖਰਾ ਗੁਰਮਤਿ ਸੰਗੀਤ ਹੈ ਪਰ ਅਸੀਂ ਹਿੰਦੂ, ਮੁਸਲਮਾਨ ਅਤੇ ਈਸਾਈਆਂ ਸਮੇਤ ਸਭ ਧਰਮਾਂ ਦਾ ਸਤਿਕਾਰ ਕਰਦੇ ਹਾਂ। ਜੇਕਰ ਸਾਡੀ ਪਛਾਣ ਦੇ ਪ੍ਰਤੀ ਕੋਈ ਵੀ ਗਲਤ ਪ੍ਰਚਾਰ ਕਰੇਗਾ, ਉਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਪ੍ਰਭੂ ਯਿਸੂ ਮਸੀਹ ਦੀ ਮਹਿਮਾ ਦਾ ਸ਼ੁਭ ਸਮਾਗਮ 29, 30, 31 ਅਗਸਤ ਨੂੰ




**ਯੂਬਾ ਸਿਟੀ (ਡੀ ਡੀ ਬੀ)–** ਯੂਬਾ ਸਿਟੀ ਦੇ 457 ਗਾਰਡਨ ਹਾਈਵੇ ਵਿਖੇ ਸਥਿਤ ਹਾਲ ਵਿਚ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਦਾ ਸ਼ੁਭ ਸਮਾਗਮ ਆਗਾਮੀ 29 ਤੋਂ 31 ਅਗਸਤ ਤੱਕ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਪਹਿਲੇ ਦਿਨ 29 ਅਗਸਤ ਸ਼ੁੱਕਰਵਾਰ ਨੂੰ ਭੋਜਨ ਸ਼ਾਮੀ 5 ਵਜੇ ਅਤੇ ਫਿਰ 6.30 ਵਜੇ ਬੰਦਗੀ ਹੋਵੇਗੀ। 30 ਅਗਸਤ ਸ਼ਨੀਵਾਰ ਨੂੰ ਸਵੇਰੇ 10.30 ਵਜੇ ਬੰਦਗੀ ਅਤੇ ਭੋਜਨ ਦੁਪਹਿਰੇ 1 ਵਜੇ ਹੋਵੇਗਾ। 30 ਅਗਸਤ ਨੂੰ ਹੀ ਸ਼ਾਮੀ 5 ਵਜੇ ਭੋਜਨ ਤੋਂ ਬਾਅਦ 6.30 ਵਜੇ ਬੰਦਗੀ ਹੋਵੇਗੀ ਅਤੇ 31 ਅਗਸਤ ਦਿਨ ਐਤਵਾਰ ਨੂੰ ਸਵੇਰੇ 10.30 ਵਜੇ ਬੰਦਗੀ ਹੋਵੇਗੀ ਅਤੇ 1 ਵਜੇ ਦੁਪਹਿਰੇ ਭੋਜਨ ਹੋਵੇਗਾ। ਇਸ ਪ੍ਰੋਗਰਾਮ ਵਿਚ ਮੁੱਖ ਬੁਲਾਰੇ ਪਾਸਟਰ ਜਗਪਾਲ ਸਿੰਘ ਧਾਲੀਵਾਲ ਅਤੇ ਪਾਸਟਰ ਰੇਹਾਨ ਗਾਰਸਟਿਨ (ਪੰਜਾਬੀ ਮਸੀਹੀ ਚਰਚ ਕੈਨੇਡਾ) ਹੋਣਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਸਫਾ 2 ਤੇ ਇਸ਼ਤਿਹਾਰ ਦੇਖੋ ਜਾਂ 530-933-6045 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੁਖਬੀਰ ਵਲੋਂ ਅਟਵਾਲ ਦੀ ਕਾਮਨਵੈਲਥ ਸੰਸਦੀ ਐਸੋਸੀਏਸ਼ਨ ਵਿਚ ਨਾਮਜ਼ਦਗੀ 'ਤੇ ਮੁਬਾਰਕਬਾਦ



ਚੰਡੀਗੜ੍ਹ- ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵਲੋਂ ਅਕਾਲੀ ਆਗੂ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਚਰਨਜੀਤ ਸਿੰਘ ਅਟਵਾਲ ਦੀ ਰਾਸ਼ਟਰਮੰਡਲ ਸੰਸਦੀ ਐਸੋਸੀਏਸ਼ਨ ਵਿਚ ਨਾਮਜ਼ਦਗੀ 'ਤੇ ਮੁਬਾਰਕਬਾਦ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਸ. ਅਟਵਾਲ ਦੀ ਇਹ ਪ੍ਰਾਪਤੀ ਨਾ ਸਿਰਫ ਪੰਜਾਬੀਆਂ ਲਈ ਸਗੋਂ ਸਾਰੇ ਦੇਸ਼ ਵਾਸੀਆਂ ਲਈ ਮਾਣ ਵਾਲੀ ਗੱਲ ਹੈ। ਜ਼ਿਕਰਯੋਗ ਹੈ ਕਿ ਸ. ਅਟਵਾਲ ਸਤੰਬਰ 2001 ਵਿਚ ਵੀ ਸੀ.ਪੀ.ਏ. ਦੀ ਕਾਰਜਕਾਰੀ ਕਮੇਟੀ ਦੇ ਉਪ ਚੇਅਰਮੈਨ ਵੀ ਰਹਿ ਚੁੱਕੇ ਹਨ।

ਇਸ ਤੋਂ ਇਲਾਵਾ ਉਹ ਸਤੰਬਰ 1999 ਵਿਚ ਵੀ ਰਾਸ਼ਟਰਮੰਡਲ ਸੰਸਦੀ ਐਸੋਸੀਏਸ਼ਨ ਦੇ ਏਸ਼ੀਆ ਖਿੱਤੇ ਵਲੋਂ ਖੇਤਰੀ ਪ੍ਰਤੀਨਿਧੀ ਰਹਿ ਚੁੱਕੇ ਹਨ।

## ਵਿਦਿਆਰਥਣਾਂ ਨੂੰ ਦਾਖਲਾ ਨਾ ਦੇਣ ਵਾਲੀ ਪ੍ਰਿੰਸੀਪਲ ਖਿਲਾਫ ਕੀਤੀ ਜਾਵੇ ਕਾਰਵਾਈ- ਬਲਵਿੰਦਰ ਕੁਮਾਰ



ਫਗਵਾੜਾ (ਬੀ.ਕੇ.ਰੱਤੂ)- ਬਹੁਜਨ ਸਮਾਜ ਪਾਰਟੀ (ਬਸਪਾ) ਦੇ ਬੁਲਾਰੇ ਬਲਵਿੰਦਰ ਕੁਮਾਰ ਨੇ ਖਾਲਸਾ ਕਾਲੇਜ ਆਫ ਵੂਮੇਨ ਜਲੰਧਰ ਦੀ ਪ੍ਰਿੰਸੀਪਲ ਵਲੋਂ ਦੋ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥਣਾਂ ਪ੍ਰਤੀ ਅਪਣਾਏ ਵਤੀਰੇ ਦੀ ਨਿੰਦਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਦੇ ਨਿਰਦੇਸ਼ਾਂ ਦੇ ਬਾਵਜੂਦ ਇਸ ਕਾਲਜ ਦੀ ਪ੍ਰਿੰਸੀਪਲ ਡਾ. ਕੁਲਦੀਪ ਕੌਰ ਉਬੀ ਨੇ ਦੋ ਵਿਦਿਆਰਥਣਾਂ ਮਮਤਾ ਰਾਣੀ ਤੇ ਦਵਿੰਦਰ ਕੌਰ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਦਾਖਿਲਾ ਨਹੀਂ ਦਿੱਤਾ ਤੇ 25 ਜੁਲਾਈ ਤੋਂ ਲੈ ਕੇ 6 ਅਗਸਤ ਤੱਕ ਉਨ੍ਹਾਂ ਦੇ ਵਾਰ ਵਾਰ ਕਾਲਜ ਦੇ ਗੇੜੇ ਲਗਵਾਕੇ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ। ਬਲਵਿੰਦਰ ਕੁਮਾਰ ਨੇ ਇਹ ਵੀ ਕਿਹਾ ਕਿ ਐਸਸੀ ਵਰਗ ਪਹਿਲਾਂ ਹੀ ਭੇਦਭਾਵ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ।

ਇਸ ਕੇਸ ਵਿਚ ਵੀ ਜਾਤੀ ਭੇਦਭਾਵ ਦੀ ਸਾਫ ਝਲਕ ਮਿਲਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮਮਤਾ ਰਾਣੀ ਤੇ ਦਵਿੰਦਰ ਕੌਰ ਦਾਖਿਲੇ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦੀਆਂ ਸੀ, ਇਸਦੇ ਬਾਵਜੂਦ ਉਸਨੂੰ ਦਾਖਿਲਾ ਨਹੀਂ ਦਿੱਤਾ ਗਿਆ। ਉਨ੍ਹਾਂ ਇਹ ਵੀ ਕਿਹਾ ਕਿ 28 ਜੁਲਾਈ ਨੂੰ ਇਹ ਮਾਮਲੇ ਡੀਸੀ ਜਲੰਧਰ ਦੇ ਧਿਆਨ ਲਿਆਂਦਾ ਗਿਆ ਸੀ। ਉਸ ਤੋਂ ਬਾਅਦ ਅਧਿਕਾਰੀ ਇਸ ਮਾਮਲੇ ਵਿਚ ਕਾਲਜ ਦੀ ਪ੍ਰਿੰਸੀਪਲ ਨਾਲ ਗੱਲਬਾਤ ਕਰਦੇ ਰਹੇ। ਪ੍ਰਿੰਸੀਪਲ ਅਧਿਕਾਰੀਆਂ ਸਾਹਮਣੇ ਦਾਖਿਲਾ ਦੇਣ ਲਈ ਤਿਆਰ ਹੋ ਜਾਂਦੀ ਸੀ, ਪਰ ਕਾਲਜ ਜਾ ਕੇ ਵਿਦਿਆਰਥਣਾਂ ਨੂੰ ਦਾਖਿਲਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਜਾਂਦਾ ਸੀ। ਇਸ ਮਾਮਲੇ ਵਿਚ ਪ੍ਰਿੰਸੀਪਲ ਖਿਲਾਫ ਖਿਲਾਫ ਕਾਰਵਾਈ ਕੀਤੀ ਜਾਵੇ। ਕਾਲਜ ਨੂੰ ਦਿੱਤੀ ਜਾਣ ਵਾਲੀ ਸਰਕਾਰੀ ਗ੍ਰਾਂਟ ਜਾਂ ਹੋਰ ਸਹਾਇਤਾ ਤੇ ਰੋਕ ਲਗਾਈ ਜਾਣੀ ਚਾਹੀਦੀ ਕਿਉਂਕਿ ਇਹ ਸੰਸਥਾ ਸਰਕਾਰੀ ਨਿਰਦੇਸ਼ਾਂ ਨੂੰ ਹੀ ਮੰਨਣ ਲਈ ਤਿਆਰ ਨਹੀਂ ਹੈ। ਪਾਰਟੀ ਬੁਲਾਰੇ ਨੇ ਇਹ ਵੀ ਕਿਹਾ ਕਿ ਸੂਬੇ ਵਿਚ ਕਈ ਹੋਰ ਕਾਲਜ ਸਕੀਮ ਨੂੰ ਲਾਗੂ ਨਹੀਂ ਕਰ ਰਹੇ। ਇਨ੍ਹਾਂ ਖਿਲਾਫ ਵੀ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

## ਡੇਰਾ ਰਤਨਪੁਰੀ ਜੇਜੋਂ ਦੁਆਬਾ 'ਚ 108 ਸੰਤ ਹਰਚਰਨ ਦਾਸ ਦੀ ਚੌਥੀ ਸਲਾਨਾ ਬਰਸੀ

ਹੁਸ਼ਿਆਰਪੁਰ (ਸ਼ਿਵ ਕੁਮਾਰ ਬਾਵਾ) ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਨੂੰ ਕਾਮਯਾਬ ਕਰਨ ਲਈ ਧਾਰਮਿਕ ਸੰਸਥਾਵਾਂ/ ਡੇਰੇ ਆਪਣੇ ਧਾਰਮਿਕ ਸਮਾਗਮਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਦੇ ਭੈੜੇ ਪ੍ਰਭਾਵਾਂ ਤੋਂ ਜਾਗਰੂਕ ਕਰਾਉਣ ਤਾਂ ਜੋ



ਸੂਬੇ ਵਿੱਚ ਤੰਦਰੁਸਤ ਸਮਾਜ ਦੀ ਸਿਰਜਣਾ ਹੋ ਸਕੇ। ਇਹ ਵਿਚਾਰ ਚੇਅਰਮੈਨ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਸ੍ਰੀ ਰਜੇਸ਼ ਬਾਘਾ ਨੇ ਡੇਰਾ ਰਤਨਪੁਰੀ ਜੇਜੋਂ ਦੁਆਬਾ ਵਿਖੇ 108 ਸੰਤ ਹਰਚਰਨ ਦਾਸ ਮਹਾਰਾਜ ਜੀ ਦੀ ਚੌਥੀ ਸਲਾਨਾ ਬਰਸੀ ਦੇ ਮੌਕੇ ਤੇ ਆਯੋਜਿਤ ਜੋੜ ਮੇਲੇ ਦੌਰਾਨ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਦੱਸਿਆ ਕਿ ਡੇਰਾ ਰਤਨਪੁਰੀ ਵਿਖੇ ਸੰਤ ਬੀਬੀ ਮੀਨਾ ਦੇਵੀ, ਸੰਤ ਬਾਬਾ ਅਮਨ ਦੀਪ ਅਤੇ ਸਾਧੂ ਸੰਪਰਾਏ ਸੁਸਾਇਟੀ ਵੱਲੋਂ ਇਹ ਸਮਾਗਮ ਆਯੋਜਿਤ ਕਰਕੇ 108 ਸੰਤ ਹਰਚਰਨ ਦਾਸ ਜੀ ਮਹਾਰਾਜ ਵੱਲੋਂ ਦਰਸਾਏ ਗਏ ਮਾਰਗ ਤੇ ਲੋਕਾਂ ਨੂੰ ਚੱਲਣ ਦੀ ਪ੍ਰੇਰਨਾ ਦੇ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਡੇਰੇ ਵੱਲੋਂ ਧਾਰਮਿਕ ਗਤੀਵਿਧੀਆਂ ਦੇ ਨਾਲ-ਨਾਲ ਸਮਾਜਿਕ ਕੰਮਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ। ਇਸ ਡੇਰੇ ਵੱਲੋਂ ਬੱਚਿਆਂ ਨੂੰ ਸਿੱਖਿਆ ਦੇਣ ਲਈ ਇੱਕ ਸਕੂਲ ਵੀ ਚਲਾਇਆ ਜਾ ਰਿਹਾ ਹੈ ਅਤੇ ਗਰੀਬ ਪ੍ਰੀਵਾਰਾਂ ਦੀਆਂ ਲੜਕੀਆਂ ਦੀ ਸ਼ਾਦੀਆਂ ਵੀ ਕਰਵਾਈਆਂ ਜਾਂਦੀਆਂ ਹਨ ਜੋ ਬਹੁਤ ਹੀ ਸ਼ਲਾਘਾਯੋਗ ਹੈ। ਇਸ ਮੌਕੇ ਤੇ ਡੇਰਾ ਰਤਨਪੁਰੀ ਜੇਜੋਂ ਦੁਆਬਾ ਵੱਲੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ। ਪੰਜਾਬ ਭਰ ਦੇ ਵੱਖ-ਵੱਖ ਸ਼ਹਿਰਾਂ ਤੋਂ ਆਏ ਸੰਤਾਂ ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਰਾਮ ਮਾਛੀਆਂ, ਗੁਰਲਾਲ ਸੈਲਾ, ਪ੍ਰਵੀਨ ਕੁਮਾਰ ਸੰਧੂ, ਸਰਪੰਚ ਜੇਜੋਂ ਕੁਲਵਿੰਦਰ ਕੌਰ, ਸਾਬਕਾ ਸਰਪੰਚ ਸੁਖਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਅਕਾਲੀ ਦਲ ਰਛਪਾਲ ਸਿੰਘ ਪਾਲ, ਮਦਨ ਜਲੰਧਰੀ, ਲਹਿੰਬਰ ਰਾਮ, ਵੱਖ-ਵੱਖ ਸ਼ਹਿਰਾਂ ਤੋਂ ਆਏ ਪਤਵੰਤੇ ਅਤੇ ਸੰਗਤਾਂ ਵੀ ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਿੱਖ ਵਿਦਵਾਨ ਦੀ, ਬੁੱਧ ਧੰਮ ਨੂੰ ਦੇਣ



ਹਰਬੰਸ ਵਿਰਦੀ, ਲੰਡਨ

ਮਹਾਨ ਸ਼ਾਇਰ ਡਾ: ਮੁਹੰਮਦ ਇਕਵਾਲ ਨੇ ਕਿਤਨਾ ਸਹੀ ਕਿਹਾ ਹੈ "ਕੌਮ ਨੇ ਪੈਗਾਮੇ ਗੌਤਮ ਕੀ ਜ਼ਰਾ ਪ੍ਰਵਾਹ ਨਾ ਕੀ, ਕਦਰ ਪਹਿਚਾਨੀ ਨਾ ਅਪਨੇ ਗੌਹਰੇ ਯਕਦਾਨਾ (ਅਨਮੋਲ ਹੀਰਾ) ਕੀ" ਜੰਬੂਦੀਪ (ਭਾਰਤ) ਜਿਸਨੂੰ ਸਮਰਾਟ ਅਸ਼ੋਕ ਤੋਂ ਲੈਕੇ ਸਮਰਾਟ ਹਰਸ਼ਵਰਧਨ ਦੇ 950 ਸਾਲ ਤੱਕ ਸੋਨੇ ਦੀ ਚਿੜਿਆ ਕਿਹਾ ਜਾਂਦਾ ਸੀ । ਇਹ ਹੀ ਸਮਾਂ ਸੀ ਜਦੋਂ ਜੰਬੂਦੀਪ ਵਿੱਚ 2,000 ਸਾਲ ਪਹਿਲਾਂ 18 ਯੂਨੀਵਸਿਟੀਆਂ ਸਨ, ਦੁਨੀਆ ਦੀ ਸਭ ਤੋਂ ਵੱਡੀ ਤਕਸ਼ਸ਼ਿਲਾ ਯੂਨੀਵਰਸਿਟੀ ਸੀ ਅਤੇ ਨਾਲੰਦਾ ਦੁਨੀਆ ਦੀ ਪਹਿਲੀ ਯੂਨੀਵਰਸਿਟੀ, ਜਿੱਥੇ ਰਹਿਕੇ ਵਿਦਆਰਥੀ ਵਿੱਦਿਆ ਹਾਸਲ ਕਰ ਸਕਦੇ ਸਨ । ਅੱਜ ਕੱਲ ਜੋ ਯੂਰੇਸ਼ੀਅਨ ਬ੍ਰਾਮਣ ਬੜੀ ਚਤੁਰਾਈ ਨਾਲ ਕਹਿੰਦੇ ਹਨ ਕਿ "ਦੇਖੋ ਜੀ ਕੋਈ ਸਮਾਂ ਸੀ, ਜਦੋਂ ਲੋਕੀ ਬਾਹਰੋਂ ਭਾਰਤ ਵਿੱਚ ਵਿੱਦਿਆ ਪੜ੍ਹਨ ਆਉਂਦੇ ਸਨ ਪਰ ਅੱਜ ਭਾਰਤ ਤੋਂ ਬਾਹਰ ਪੜ੍ਹਨ ਜਾਂਦੇ ਹਨ"। ਮੇਰਾ ਇਨ੍ਹਾਂ ਭਲੇਮਾਣਸਾਂ ਨੂੰ ਇੱਕ ਹੀ ਸਵਾਲ ਹੈ ਕਿ ਤੁਹਾਡੇ ਤਾਂ ਗੁਰੁ ਕੁਲ ਹੁੰਦੇ ਸਨ ਜਿੱਥੇ ਕੇਵਲ ਬ੍ਰਾਮਣ ਹੀ ਵਿੱਦਿਆ ਹਾਸਲ ਕਰ ਸਕਦੇ ਸਨ ਅਗਰ ਏਕਲਵਯ ਵਰਗਾ ਮੂਲਨਿਵਾਸੀ ਸੂਰਵੀਰ ਹੌਸਲਾ ਕਰਕੇ ਤੁਹਾਡੇ ਦੁਸ਼ਟ ਬ੍ਰਾਮਣ ਦ੍ਰੋਣਾਚਾਰੀਆ ਕੋਲ ਧਨੁਸ਼ ਵਿੱਦਿਆ ਸਿੱਖਣ ਗਿਆ ਤਾਂ ਉਸਨੇ ਏਕਲਵਯ ਨੂੰ ਬੇਇੱਜ਼ਤ ਕਰਕੇ ਆਪਣੇ ਗੁਰੂਕੁਲ ਵਿੱਚੋਂ ਕੱਢਿਆ। ਆਪਣੀ ਸਖਤ ਮਿਹਨਤ ਨਾਲ ਜਦੋਂ ਏਕਲਵਯ, ਅਰਜਨ ਨਾਲੋਂ ਵੀ ਤੀਰ ਅੰਦਾਜ਼ੀ ਵਿੱਚ ਮਾਹਿਰ ਹੋ ਗਿਆ ਤਾਂ ਇਸ ਹੀ ਕਪਟੀ ਬ੍ਰਾਮਣ ਦਰੋਣਾਚਾਰੀਆ ਨੇ ਜ਼ਬਰਦਸਤੀ ਏਕਲਵਯ ਦੇ ਸੱਜੇ ਹੱਥ ਦਾ ਅੰਗੂਠਾ ਵੱਢਕੇ, ਏਕਲਵਯ ਨੂੰ ਅੰਗਹੀਣ ਬਣਾ ਦਿੱਤਾ। ਇਹ ਕਹਾਣੀ ਇਨ੍ਹਾਂ ਯੂਰੇਸ਼ੀਅਨ ਬ੍ਰਾਮਣਾਂ ਦਾ ਮਹਾਭਾਰਤ ਦੁਹਾਈ ਦੇ ਦੇ ਕੇ ਕਹਿ ਰਿਹਾ ਹੈ, ਜਿਸਨੂੰ ਇਨ੍ਹਾਂ ਨੇ ਮਹਾਭਾਰਤ ਦੇ ਸੀਰੀਅਲ ਵਿੱਚ ਵੀ ਫਿਲਮਾਇਆ ਹੈ ।

ਭਾਰਤ ਵਿੱਚੋਂ ਬੁੱਧ ਧੰਮ ਦਾ ਯੂਰੇਸ਼ੀਅਨ ਬ੍ਰਾਮਣਾਂ ਨੇ ਆਪਣੇ ਵਲੋਂ ਸਫਾਇਆ ਕਰ ਦਿੱਤਾ ਸੀ ਪਰ ਭਾਰਤ ਦੇ ਗੁਆਂਢੀ ਦੇਸ਼ਾਂ ਨੇ ਬੁੱਧ ਦੀ ਸਿੱਖਿਆ ਉੱਤੇ ਚੁਲਕੇ ਹਰ ਪਹਿਲੂ ਤੋਂ ਤਰੱਕੀ ਦੀਆਂ ਮੰਜ਼ਲਾਂ ਨੂੰ ਛੋਇਆ । ਭਾਰਤ ਵਿੱਚੋਂ ਬੁੱਧ ਧੰਮ ਦੇ ਅਲੋਪ ਹੋਣ ਤੋਂ ਬਾਦ ਇਤਿਹਾਸ ਦੇ ਪੰਨੇ ਫੋਲਕੇ ਦੇਖ ਲਵੋ ਯੂਰੇਸ਼ੀਅਨ ਬ੍ਰਾਮਣਾਂ ਨੇ ਇਸ ਦੇਸ਼ ਨੂੰ ਗਰੀਬੀ, ਅਨਪੜਤਾ, ਜਾਤ ਪਾਤ, ਛੂਆਛਾਤ, ਪਾਠੰ ਅਤੇ ਰਾਜ ਕਰੋ, ਅੰਧਵਿਸ਼ਵਾਸੀ, ਔਰਤ ਨੂੰ ਪੈਰ ਦੀ ਜੁੱਤੀ ਆਦਿ ਲਾਣਤਾਂ ਦਿੱਤੀਆਂ । ਜੈਸੇ ਹੀ 647 ਈਸਵੀ ਵਿੱਚ ਆਖਰੀ ਬੁਧਿਸਟ ਸਮਰਾਟ ਹਰਸ਼ਵਰਧਨ ਦੀ ਮੌਤ ਹੋ ਗਈ, ਭਾਰਤ ਵਿੱਚ ਬੁੱਧ ਧੰਮ ਕਮਜ਼ੋਰ ਹੁੰਦਾ ਗਿਆ ਅਤੇ ਯੂਰੇਸ਼ੀਅਨ ਬ੍ਰਾਮਣ ਆਪਣੇ ਝੂਠੇ ਪ੍ਰਚਾਰ ਰਾਹੀਂ ਅੱਗੇ ਆ ਗਏ, 711 ਈਸਵੀ ਵਿੱਚ ਸਾਡੇ ਦੇਸ਼ ਤੇ ਪਹਿਲਾ ਹਮਲਾ, 18 ਸਾਲ ਦੇ ਮੁਹੰਮਦ-ਬਿੰਨ ਕਾਸਮ ਨੇ ਹਮਲਾ ਕੀਤਾ । ਉਸ ਸਮੇਂ ਇਨ੍ਹਾਂ ਯੂਰੇਸ਼ਅਨ ਬ੍ਰਾਮਣਾ ਦਾ ਰਾਜਾ ਦਾਹਰ ਦਿੱਲੀ ਦੇ ਤਖ਼ਤ ਉੱਤੇ ਬੈਠਾ ਸੀ, ਬੱਸ ਫਿਰ ਕੀ ਮੁਹੰਮਦ ਗਜ਼ਨਵੀ ਅਤੇ ਮੁਹੰਮਦ ਗੌਰੀ, ਕੇਵਲ ਦੋ ਮੁਸਲਮਾਨ ਹਮਲਾਆਵਰਾਂ ਨੇ ਇਨ੍ਹਾਂ ਯੂਰੇਸ਼ੀਅਨ ਆਰੀਅਨ ਬ੍ਰਾਮਣਾਂ ਦੇ ਰਾਜਿਆਂ ਨੂੰ 60 ਸਾਲ ਤਹਿਸ-ਨਹਿਸ ਕੀਤਾ।

ਜਦੋਂ ਤੱਕ ਬਾਬਰ ਪੱਕੇ ਤੌਰ ਤੇ ਆਕੇ ਵਸਣ ਨਹੀ ਲੱਗਾ, ਹਰ ਲੂਲੀ ਭਟਿਆਰੀ ਇਨ੍ਹਾਂ ਰਾਜਪੂਤਾਂ ਅਤੇ ਕਸ਼ੱਤਰੀਆਂ ਦੀ ਔਲਾਦ ਨੂੰ ਲੋਹੇ ਦੁ ਚਨੇ ਚਬਾਉਂਦੇ ਰਹੇ। ਇਸ ਤਰ੍ਹਾਂ ਮੁਗਲਾਂ ਦੇ 7-8 ਸਾਲ ਦੇ ਸ਼ਾਸਨ ਤੋਂ ਬਾਦ ਅੰਗਰੇਜ਼ਾਂ ਨੇ ਢਾਈ-ਤਿੰਨ ਸੌ ਸਾਲ ਰਾਜ ਕੀਤਾ, ਅੰਗਰੇਜ਼ਾਂ ਤੋਂ ਬਾਦ ਇਨ੍ਹਾਂ ਯੂਰੇਸ਼ੀਅਨ ਬ੍ਰਾਮਣਾਂ ਦੇ ਰਾਜ ਵਿੱਚ ਜੋ ਭੰਗ ਭੁੱਜ ਰਹੀ ਹੈ ਆਪਾਂ ਅੱਖੀਂ ਦੇਖ ਰਹੇ ਹਾਂ।

ਅਸੀਂ ਸ਼ੁਕਰਗੁਜ਼ਾਰ ਹਾਂ ਅੰਗਰੇਜ਼ਾਂ ਦੇ ਜਿਨ੍ਹਾਂ ਨੇ ਆਪਣੇ ਸ਼ਾਸਨ ਕਾਲ ਸਮੇਂ ਬੁੱਧ ਗਯਾ, ਸਾਰਨਾਥ, ਕੁਸ਼ੀਨਾਰਾ ਆਦਿ ਬੋਧੀ ਧੰਮ ਅਸਥਾਨਾਂ ਨੂੰ ਐਲਗਜ਼ੈਡਰਾ ਵਰਗੇ ਵਿਦਵਾਨ, ਪੁਰਾਤਨ ਵਿਭਾਗ ਦੇ ਮਾਹਰਾਂ ਨੇ ਲੱਭਿਆ । ਅੱਜ ਕੱਲ ਅਸੀਂ ਸ਼ੁਕਰਗੁਜ਼ਾਰ ਸਿੱਖ ਵਿਦਵਾਨਾਂ ਦੇ ਹਾਂ ਜੋ ਬੁੱਧ ਧੰਮ ਪ੍ਰਤੀ ਲਿਖ ਅਤੇ ਬੋਲ ਰਹੇ ਹਨ।

ਇਨ੍ਹਾਂ ਸਿੱਖ ਵਿਦਵਾਨਾਂ ਵਿੱਚੋਂ ਇੱਕ ਸਿੱਖ ਵਿਦਵਾਨ ਭਗੀਸ਼ਨ ਸਿੰਘ ਗੁਰਾਇਆ ਦਾ ਨਾਂਅ ਉਭਰਕੇ ਅੱਗੇ ਆਉਂਦਾ ਹੈ ਜੋ ਕਿ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਗੁਰਾਇਆ ਸਾਹਿਬ ਨੇ ਬੜੀ ਗਹਿਰਾਹੀਈ ਨਾਲ ਘੋਖ ਕਰਕੇ ਇਤਿਹਾਸ ਦੇ ਮਲਵੇ ਵਿੱਚੋਂ ਬੋਧੀਆ ਦਾ ਇਤਿਹਾਸ ਲੱਭਿਆ। "ਭੰਡਾਲਾ ਬੋਧੀਆਂ ਵਾਲਾ" "ਸਰੋਵਰ ਕੋਟਲੀ ਵਸਾਵਾ ਸਿੰਘ"ਅਤੇ ਕੁਝ ਹੀ ਸਮਾ ਪਹਿਲਾਂ "ਚੀਨਾ, ਛੀਨਾ ਅਤੇ ਚੀਮਾ ਦੀਆਂ ਅਨਮੋਲ ਡੀ ਵੀ ਡੀ ਪੇਸ਼ ਕਰਕੇ, ਦੁਨੀਆ ਵਿੱਚ ਸਭ ਤੋਂ ਪੁਰਾਣੇ ਬੁੱਧ ਧੰਮ ਦਾ ਇਤਿਹਾਸ ਦੁਨੀਆ ਨੂੰ ਦਿੱਤਾ ਹੈ। ਇਹ ਆਵਾਮ ਅਤੇ ਬੋਧੀਆਂ ਤੇ ਨਿਰਭਰ ਹੈ ਕਿ ਜੋ ਇਤਿਹਾਸਕ ਅਸਥਾਨ ਥੋੜੇ ਬਹੁਤ ਬਚ ਗਏ ਹਨ ਉਨ੍ਹਾਂ ਨੂੰ ਸੁਰੱਖਿਅਤ ਰੱਖਣਗੇ ਜਾਂ ਆਪਣੇ ਅੱਖੀਂ ਪੂਰੀ ਤਰ੍ਹਾਂ ਬ੍ਰਬਾਦ ਹੁੰਦਾ ਦੇਖਣਗੇ? ਗੁਰਾਇਆ ਸਾਹਿਬ ਦੀ ਜੀਵਨੀ

ਜਨਮ- 24 ਜਨਵਰੀ 1951, ਪਿੰਡ ਅਲਾਵਲਪੁਰ, ਨੇੜੇ ਕਲਾਨੌਰ, ਜਿਲਾ ਗੁਰਦਾਸਪੁਰ, ਪੰਜਾਬ

• ਸਿਖਿਆ- ਮੈਟਰਿਕ (ਪੰਜਾਬ) ਬੀ.ਐਸ.ਸੀ ( ਇੰਦੌਰ ਯੂਨੀ), ਐਮ ਏ (ਜੈਪੁਰ ਯੂਨੀ), ਐਲ ਐਲ ਬੀ (ਗਵਾਲੀਆਰ ਯੂਨੀ) ਡਿਪਲੋਮਾ ਜਰਨਲਿਜ਼ਮ (ਜੈਪੁਰ ਯੂਨੀ),

• ਨੌਕਰੀ- 1980 ਤੋਂ 1999 ਤਕ ਇੰਮਪਲਾਈਜ ਸਟੇਟ ਇੰਨਸ਼ੋਰੈਂਸ ਕਾਰਪੋਰੇਸ਼ਨ (ਮਨਿਸਟਰੀ ਆਫ ਲੇਬਰ) 1999 'ਚ ਅਸਿਸਟੈਂਟ ਡਾਇਰੈਕਟਰ ਦੀ ਪੋਸਟ ਤੋਂ ਅਸਤੀਫਾ ਦੇ ਦਿਤਾ। ਸਰਕਾਰ ਨੇ ਅਸਤੀਫਾ ਪ੍ਰਵਾਨ ਕਰਨ ਵਿਚ ਪੂਰੇ 13 ਸਾਲ ਲਏ ਤੇ ਆਖੀਰ ਤੇ ਪੈਨਸ਼ਨ ਦੇਣ ਤੋਂ ਇਨਕਾਰ ਕਰ ਦਿਤਾ।

• ਬਾਨੀ- ਪੰਜਾਬ ਮੋਨੀਟਰ ਰਸਾਲਾ -1997 (ਬਾਦ 1999 ਤੋਂ ਸੰਪਾਦਕ)


• ਬਾਨੀ- ਕਰਤਾਰ-ਪੁਰ ਲਾਂਘਾ ਅੰਦੋਲਨ- ਜਿਸ ਬਾਬਤ ਪੰਜਾਬ ਵਿਧਾਨ ਸਭਾ ਨੇ ਸਰਬ ਸੰਪਤੀ ਨਾਲ ਮਤਾ ਪਾਸ ਕੀਤਾ। ਖੁਦ ਭਾਰਤ ਦਾ ਵਿਦੇਸ਼ ਮੰਤਰੀ ਪ੍ਰਣਾਬ ਮੁਖਰਜੀ ਮੌਜੂਦਾ ਰਾਸ਼ਟਰਪਤੀ ਮੌਕਾ ਵੇਖਣ ਆਇਆ ਅਤੇ ਇਸ ਸ਼ਾਤਮਈ ਮੰਗ ਦੀ ਸਿਫਤ ਕੀਤੀ। ਪਾਕਿਸਤਾਨ ਨੇ ਹਾਂ ਭਰੀ।

ਪੰਜਾਬ ਦੇ ਵਿਰਸੇ (ਪੁਰਾਤਤਵ) ਦਾ ਸਰਵੇ-ਅੰਦਾਜਨ ਕੋਈ 200-300 ਪਿੰਡਾਂ ਸ਼ਹਿਰਾਂ ਵਿਚ ਪੁਰਾਤਨ ਇਮਾਰਤਾਂ ਪਛਾਣੀਆਂ ਤੇ ਉਨਾਂ ਦੇ ਬਚਾਅ ਵਾਸਤੇ ਲੇਖ ਲਿਖੇ ਤੇ ਕੋਈ 3000-4000 ਫੋਟੋਆਂ ਇੰਟਰਨੈਟ ਤੇ ਪਾਈਆਂ। ਕਾਰ ਸੇਵਾ ਵਾਲੇ ਬਾਬਿਆਂ ਦੀਆਂ ਵਿਰਸੇ ਵਿਰੋਧੀ ਕਾਰਵਾਈਆਂ ਬਾਬਤ ਸਿੱਖਾਂ ਨੂੰ ਸੁਚੇਤ ਕੀਤਾ ਤੇ ਪੰਜਾਬ ਦਾ ਵਿਰਸਾ ਬਚਾਇਆ ਜਾ ਸਕੇ। ਇਸ ਕੰਮ ਵਿਚ ਵੀ ਵੱਡੀ ਕਾਮਯਾਬੀ ਮਿਲੀ ਹੈ, ਸਿੱਖ ਸੰਗਤਾਂ ਸੁਚੇਤ ਹੋ ਚੁੱਕੀਆਂ ਹਨ।

ਇਸ ਸਰਵੇ ਦੌਰਾਨ ਕੁਝ ਬੋਧੀ ਸਥਾਨਾਂ ਦੀ ਪਛਾਣ ਕੀਤੀ ਤੇ ਉਨਾਂ ਦੇ ਬਚਾਅ ਵਾਸਤੇ ਲੋਕਾਂ ਨੂੰ ਜਾਗਰਤ ਕਰਨ ਹਿਤ ਲੇਖ ਲਿਖੇ, ਰੇਡੀਓ ਤੇ ਗੱਲ ਕੀਤੀ ਅਤੇ ਡੀ ਵੀ ਡੀ ਤਿਆਰ ਕੀਤੀਆਂ।

ਪਤਾ- 60, ਡਾਇਮੰਡ ਐਵਨਿਊ, ਮਜੀਠਾ ਰੋਡ, ਅੰਮ੍ਰਿਤਸਰ
ਫੋਨ 9417064262, 2421915
ਹਾਲ- ਜਿਲਿੰਗਮ, ਕੈਂਟ ਯੂ ਕੇ
ਫੋਨ 0044-7436009901, 07796109808
email – bsgoraya@kartarpur.com

# ਪਿੰਡ ਸ਼ੇਰਪੁਰ ਢੱਕੋਂ ਦੇ ਡੇਰਾ ਕੱਲਰਾਂ 'ਚ ਸੰਤ ਅਮਰ ਦਾਸ ਦੀ ਪੰਜਵੀਂ ਬਰਸੀ ਮਨਾਈ




**ਮਾਹਿਲਪੁਰ (ਸ਼ਿਵ ਕੁਮਾਰ ਬਾਵਾ)–** ਬਲਾਕ ਮਾਹਿਲਪੁਰ ਦੇ ਪਹਾੜੀ ਖਿੱਤੇ ਦੇ ਪਿੰਡ ਸ਼ੇਰਪੁਰ ਢੱਕੋਂ ਵਿਖੇ ਡੇਰਾ ਬਾਬਾ ਕੱਲਰਾਂ ਦੇ ਗੱਦੀ ਨਸ਼ੀਨ ਸੰਤ ਰਮੇਸ਼ ਦਾਸ ਵਲੋਂ ਸੰਤ ਰਾਮ ਕ੍ਰਿਸ਼ਨ, ਬੀਬੀ ਨੰਤੀ, ਬਾਬਾ ਚਰਨ ਦਾਸ, ਨਿਰਮਲ ਦਾਸ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸੰਤ ਬਾਬਾ ਅਮਰ ਦਾਸ ਦੀ ਪੰਜ਼ਵੀਂ ਬਰਸੀ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਈ ਗਈ।

ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਕੀਰਤਨ ਦਿਵਾਨ ਸਜਾਏ ਗਏ, ਜਿਸ ਵਿੱਚ ਭਾਈ ਲਹਿਬਰ ਸਿੰਘ ਜੈਤਪੁਰ, ਪ੍ਰੋ ਚੰਨਣ ਸਿੰਘ ਕੇਸਗੜ੍ਹ ਸਾਹਿਬ, ਅਮਰ ਸਿੰਘ ਪਿਆਲਾ, ਗਿਆਨੀ ਕੁਲਦੀਪ ਸਿੰਘ ਰਸੀਲਾ ਫਗਵਾੜੇ ਵਾਲੇ, ਗੁਰਮੇਜ਼ ਸਿੰਘ ਰਾਜਪੁਰ ਭਾਈਆਂ, ਪੰਜ਼ਾਬੀ ਗਾਇਕ ਬੂਟਾ ਮੁਹੰਮਦ , ਬੀਬੀ ਬਲਵਿੰਦਰ ਕੌਰ ਖਾਲਸਾ, ਭਾਈ ਅਤਰ ਸਿੰਘ ਮਾਹਿਲਪੁਰ, ਗਿਆਨੀ ਜਸਦੀਪ ਸਿੰਘ ਨਾਗਰਾ, ਹਰਨਾਮ ਸਿੰਘ ਬਹਿਲਪੁਰੀ ਆਦਿ ਜਥਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ 108 ਸੰਤ ਸਰਬਣ ਦਾਸ ਬੋਹਣ ਵਾਲੇ , ਸੰਤ ਸੀਤਲ ਦਾਸ ਕਾਲੇਵਾਲ ਭਗਤਾਂ, ਸੰਤ ਸਰਵਣ ਦਾਸ ਸਲੇਮ ਟਾਪਰੀ ਲੁਧਿਆਣਾ, ਸੰਤ ਸਤਨਾਮ ਦਾਸ ਖੰਨੀ, ਸੰਤ ਮਹਾਂਵੀਰ ਸਿੰਘ ਤਾਜ਼ੇਵਾਲ, ਸੰਤ ਨਿਰੰਜਣ ਨੰਦ ਡੇਰਾ ਝੂਬਾਲਾ, ਸੰਤ ਗੁਰਮੁੱਖਾ ਨੰਦ, ਸੰਤ ਹਰਮੀਤ ਸਿੰਘ ਬਣਾਂ ਸਾਹਿਬ , ਸੰਤ ਗੁਰਪਾਲ ਦਾਸ ਤਾਰਾਗੜ੍ਹ, ਸੰਤ ਬਲਵੰਤ ਦਾਸ ਡਿੰਗਰੀਆਂ ਮਜ਼ਾਰਾ, ਸੰਤ ਬਾਬਾ ਭੋਲਾ ਦਾਸ , ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋਂ ਦੋਆਬਾ, ਸੰਤ ਦਨੇਸ਼ ਦਾਸ ਭਗਤਪੁਰਾ, ਸੰਤ ਹੁਸਨ ਦਾਸ ਲਾਚੋਵਾਲ, ਸੰਤ ਧਰਮਪਾਲ ਦਸੂਹਾ, ਸੰਤ ਸੰਤੋਸ਼ਾ ਨੰਦ ਗਰਲੀ ਹਿਮਾਚਲ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਸਵਰਨ ਸਿੰਘ ਚੰਡੇਰ ਸਾਹਿਬ, ਸੰਤ ਹਰੀ ਓਮ ਮਾਹਿਲਪੁਰ, ਸੰਤ ਜਗਤਾਰ ਸਿੰਘ , ਬਾਬਾ ਕਸ਼ਮੀਰਾ ਸਿੰਘ ਆਦਿ ਮਹਾਂਪੁਰਸ਼ਾਂ ਵਲੋਂ ਸੰਤ ਬਾਬਾ ਅਮਰਦਾਸ ਜੀ ਦੀ ਜੀਵਨੀ ਬਾਰੇ ਵਿਸਥਾਰਪੂਰਵਕ ਚਾਨਣਾ ਪਾਉਂਦਿਆਂ ਆਖਿਆ ਕਿ ਸੰਤ ਅਮਰਦਾਸ ਜੀ ਨੇ ਆਪਣਾ ਸਮੁੱਚਾ ਜ਼ੀਵਨ ਗੁਰੂ ਅਤੇ ਗੁਰਬਾਣੀ ਦੇ ਲੇਖੇ ਲਾਇਆ ਅਤੇ ਆਪਣੇ ਕਾਰਜ਼ਕਾਲ ਦੌਰਾਨ ਉਹਨਾਂ ਮਨੁੱਖਤਾ ਦੀ ਸੇਵਾ ਲਈ ਅਥਾਹ ਕੰਮ ਕੀਤੇ।

ਉਹਨਾਂ ਦਾ ਸਮੁੱਚਾ ਜੀਵਨ ਪ੍ਰਰਨਾਦਾਇਕ ਹੈ ਜਿਸ ਤੋਂ ਸਾਨੂੰ ਸੇਧ ਲੈਣ ਦੀ ਲੋੜ ਹੈ। ਇਸ ਮੌਕੇ ਪਰਵਾਸੀ ਭਾਰਤੀ ਦਰਜੋਧਨ ਸਿੰਘ ਇੰਗਲੈਂਡ, ਗੁਰਦੇਵ



ਸਿੰਘ ਬੈਂਸ ਦਿੱਲੀ, ਅਮਰਜੀਤ ਸਿੰਘ ਹੁਸ਼ਿਆਰਪੁਰ, ਤਰਸੇਮ ਸਿੰਘ, ਮਨੀ ਰਾਮ, ਚਮਨ ਸਿੰਘ , ਕੁਲਦੀਪ ਸਿੰਘ , ਰਜਿੰਦਰ ਸਿੰਘ , ਭਜਨ ਲਾਲ ਸਮੇਤ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਿਰ ਸਨ।

ਸਮੁੱਚੇ ਸਮਾਗਮ ਦੇ ਸਟੇਜ ਸੰਚਾਲਨ ਦੇ ਫਰਜ਼ ਭਾਈ ਜੋਗਾ ਸਿੰਘ ਵਲੋਂ ਨਿਭਾਏ ਗਏ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ। ਪਹੁੰਚੀ ਸੰਗਤ ਅਤੇ ਮਹਾਂਪੁਰਸ਼ਾਂ ਦਾ ਧੰਨਵਾਦ ਸੰਤ ਰਮੇਸ਼ ਸਿੰਘ ਹੁਰਾਂ ਕੀਤਾ।

---------

# ਸੰਗੀਤਕਾਰ ਦੇ ਖੇਤਰ ਵਿੱਚ ਚਮਕਦਾ ਸਿਤਾਰਾ 'ਸਤਨਾਮ ਜੱਗਾ'

**ਫਗਵਾੜਾ 31 ਜੁਲਾਈ (ਰੱਤੂ)–** ਵਰਤਮਾਨ ਦੇ ਸਮੇਂ ਵਿੱਚ ਸੰਗੀਤਕਾਰ ਬਣਨਾ ਐਵਰਸਟ ਦੀ ਚੋਟੀ ਨੂੰ ਤਹਿ ਕਰਨ ਦੇ ਬਰਾਬਰ ਹੈ। ਫਿਰ ਸਿਆਣਿਆਂ ਦੀ ਕਹਾਵਤ ਕਿ ਪੈਸਾ,ਕਲਾ ਅਤੇ ਜੋਰ ਕਿਸੇ ਦੇ ਵੀ ਹਿੱਸੇ ਆ ਸਕਦੇ ਹਨ। ਸੋ ਇਸੇ ਤਰ੍ਹਾਂ ਹੀ ਸੰਗੀਤਕਾਰਾਂ ਦੀ ਦੁਨੀਆਂ ਵਿੱਚ ਸਤਨਾਮ ਜੱਗਾ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਸਤਨਾਮ ਜੱਗਾ ਦਾ ਜਨਮ ਪਿੰਡ ਖਲਵਾੜਾ ਤਹਿਸੀਲ ਫਗਵਾੜਾ ਦੇ ਵਿੱਚ ਸ:ਜੀਤ ਸਿੰਘ ਅਤੇ ਮਾਤਾ ਹਰਬੰਸ ਦੀ ਕੁੱਖੋ ਹੋਇਆ। ਸਤਨਾਮ ਜੱਗੇ ਨੂੰ ਬਚਪਨ ਤੋਂ ਹੀ ਗਾਇਕੀ ਦਾ ਸ਼ੌਕ ਸੀ। ਉਨ੍ਹਾਂ ਆਪਣੀ ਸੰਗੀਤ ਦੀ ਸਿੱਖਿਆ ਸਵਰਗਵਾਸੀ ਤਾਇਆ ਮੱਖਣ ਸਿੰਘ ਅਤੇ ਉਸਤਾਦ ਗੁਲਜ਼ਾਰ ਮਹੁੰਮਦ ਤੋਂ ਪ੍ਰਾਪਤ ਕੀਤੀ। ਸਤਨਾਮ ਜੱਗੇ ਨੇ ਵਧੇਰੇ ਮਿਹਨਤ ਕਰਨ ਉਪਰੰਤ ਸੰਗੀਤ ਦੀਆਂ ਬੁਲੰਦੀਆਂ ਨੂੰ ਪਾਰ ਕੀਤਾ। ਉਹ ਦੂਰਦਰਸ਼ਨ ਦੇ ਲਸ਼ਕਾਰਾ ਪ੍ਰੋਗਰਾਮ ਤੋਂ ਸ਼ੁਰੂ ਹੋ ਕੇ ਹੁਣ ਤੱਕ ਕੋਈ 30 ਕੁ ਦੇ



ਲਗਭਗ ਪੰਜਾਬੀ ਅਤੇ ਧਾਰਮਿਕ ਕੈਸਿਟਾਂ ਨੂੰ ਆਪਣਾ ਸੰਗੀਤ ਦੇ ਚੁੱਕਾ ਹੈ। ਉਨ੍ਹਾਂ ਵਿਸ਼ੇਸ ਤੌਰ ਤੇ ਅਮਰ ਅਰਸ਼ੀ, ਨਰਿੰਦਰ ਜੋਤ, ਦਰਸ਼ਨ ਕੋਹਿਨੂਰ, ਸ਼ਾਮ ਪੰਡੋਰੀ, ਮਨਜੀਤ ਕੌਰ, ਰਾਣਾ ਪੂਣੀਆਂ ਵਾਲਾ, ਕਸ਼ਮੀਰ ਕਮਲ-ਰੇਨੂ ਕਮਲ, ਅਮਨਦੀਪ ਬਾਠ ਅਤੇ ਪਿਆਰੇ ਲਾਲ ਚੱਕ ਹਕੀਮ ਆਦਿ ਤੋਂ ਇਲਾਵਾ ਅਨੇਕਾਂ ਗਾਇਕਾਂ ਨੂੰ ਸੰਗੀਤ ਦੇ ਚੁੱਕਾ ਹੈ। ਸਤਨਾਮ ਜੱਗਾ ਹੰਸ ਰਾਜ ਹੰਸ, ਮਲਕੀਤ, ਸਾਬਰਕੋਟੀ, ਬੂਟਾ ਮਹੁੰਮਦ, ਕਮਲ ਕਟਾਣੀਆ,ਸੁਖਦੇਵ ਸਾਹਿਲ, ਜਸਵਿੰਦਰ ਬਿੱਲਾ, ਕਮਲਜੀਤ ਕੰਗ, ਦੀਪਾ ਡੁਮੇਲੀ, ਕੁਲਵਿੰਦਰ ਢਿੱਲੋ ਅਤੇ ਬੈਨੀ ਏ ਨਾਲ ਕੰਮ ਕਰ ਚੁੱਕਾ ਹੈ। ਸਤਨਾਮ ਜੱਗੇ ਨੇ ਨੰਦ ਲਾਲ ਨੂਰਪੁਰੀ ਮੇਲਾ, ਵਰਿੰਦਰ ਯਾਦਗਰੀ ਮੇਲਾ ਫਗਵਾੜਾ, ਸ਼ਹੀਦ ਭਗਤ ਸਿੰਘ ਯਾਦਗਰੀ ਮੇਲਾ, ਧਰਤੀ ਪੰਜ ਦਰਿਆਵਾਂ ਦਾ ਮੇਲਾ, ਬਾਬਾ ਸਿਪਾਹੀਆ ਸ਼ਾਹ ਫਗਵਾੜਾ, ਨਰੂੜ ਪਿੰਡ ਦਾ ਮੇਲਾ ਆਦਿ ਤੋਂ ਇਲਾਵਾ ਅਨੇਕਾਂ ਸਥਾਨਾਂ ਤੋਂ ਵਿਸ਼ੇਸ਼ ਸਨਮਾਨ ਪ੍ਰਾਪਤ ਕਰ ਚੁੱਕਾ ਹੈ। ਸਤਨਾਮ ਜੱਗਾ ਇੱਕ ਅਜਿਹਾ ਸੰਗੀਤਕਾਰ ਹੈ ਜੋ ਵੱਡੇ ਕਲਾਕਾਰਾਂ ਨੂੰ ਵੀ ਦੱਸ ਦਿੰਦਾ ਹੈ ਕਿ ਕਿਹੜੀ ਸੁਰ ਦੇ ਵਿੱਚ ਚੱਲਣਾ ਹੈ। ਇਸ ਸੰਗੀਤਕਾਰ ਨੂੰ ਤਾਂ ਜਗਦੇਵ ਸਿੰਘ ਜੱਸੋਵਾਲ ਵੀ ਥਾਪੀ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰ ਚੁੱਕਾ ਹੈ। ਸਤਨਾਮ ਜੱਗਾ ਗੁਰਦਾਸ ਮਾਨ,ਹੰਸ ਰਾਜ ਹੰਸ, ਸੁਖਵਿੰਦਰ ਬਬਲੂ ਅਤੇ ਸਾਬਰਕੋਟੀ ਦੀ ਗਾਇਕੀ ਦਾ ਕਾਇਲ ਹੈ। ਸਤਨਾਮ ਜੱਗਾ ਯਾਰਾਂ ਦਾ ਯਾਰ ਹੈ। ਹਰ ਇੱਕ ਨਾਲ ਮਿਤਰਤਾ ਨਾਲ ਮਿਲਦਾ ਵਰਤਦਾ ਹੈ, ਉਸਨੇ ਕਦੇ ਵੀ ਆਪਣੀ ਕਲਾ ਦਾ ਹੰਕਾਰ ਨਹੀਂ ਕੀਤਾ। ਉਹ ਪੀ, ਐਸ ਪੁਰੇਵਾਲ, ਬਲਵਿੰਦਰ ਹੀਰ, ਆਰ. ਐਸ, ਗਿੱਲ ਸਰਪੰਚ ਦਿਆਲਪੁਰ, ਰਵੀ ਗਿੱਲ ਯੂ. ਕੇ ਅਤੇ ਉਸਤਾਦ ਮੋਹਨ ਲਾਲ ਫਗਵਾੜਾ ਦਾ ਵਿਸ਼ੇਸ਼ ਧੰਨਵਾਦੀ ਹੈ ਜਿਨ੍ਹਾਂ ਨੇ ਉਸ ਦੀ ਕਲਾ ਨੂੰ ਨਿਖਾਰਨ ਦੇ ਵਿੱਚ ਯੋਗਦਾਨ ਪਾਇਆ।ਅੱਜ ਸਤਨਾਮ ਜੱਗਾ ਫਗਵਾੜਾ ਦੇ ਵਿੱਚ ਨਵੇਂ ਕਲਾਕਾਰਾਂ ਨੂੰ ਸਿੱਖਿਆ ਦੇ ਰਿਹਾ ਹੈ ਅਤੇ ਸੰਗੀਤ ਦੀਆਂ ਸੇਵਾਵਾਂ ਵੀ ਦੇ ਰਹੇ ਹਨ। ਪ੍ਰਮਾਤਮਾ ਕਰੇ ਕਿ ਇਹ ਚਮਕਦਾ ਸਿਤਾਰਾ ਸੰਗੀਤ ਦੀਆਂ ਹੋਰ ਉੱਚੀਆਂ ਬੁਲੰਦੀਆਂ ਨੂੰ ਪ੍ਰਾਪਤ ਕਰੇ।

# ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਕਾਰਜਕਰਨੀ ਅਤੇ ਸਲਾਹਕਾਰ ਬੋਰਡ ਨਾਮਜ਼ਦ

ਲੁਧਿਆਣਾ - ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਅਹੁਦੇਦਾਰਾਂ ਦੀ ਡਾ. ਲਾਭ ਸਿੰਘ ਖੀਵਾ ਦੀ ਪ੍ਰਧਾਨਗੀ ਵਿਚ ਮੀਟਿੰਗ ਹੋਈ ਜਿਸ ਵਿਚ ਇਕੱਤੀ ਮੈਂਬਰੀ ਕਾਰਜਕਾਰਨੀ ਦੀ ਚੋਣ ਕੀਤੀ ਗਈ। ਇਸ ਤੋਂ ਇਲਾਵਾ ਤਰੇਹਟ ਵਿਸ਼ੇਸ਼ ਨਿਮੰਤ੍ਰਿਤ ਮੈਂਬਰ, ਤਰਤਾਲੀ ਮੁੱਖ ਸਲਾਹਕਾਰ, ਛਿਆਲੀ ਵਿਸ਼ੇਸ਼ ਸਲਾਹਕਾਰ ਅਤੇ ਪੰਜਾਬੋਂ ਬਾਹਰ ਦੇ ਛਿਆਲੀ ਸਲਾਹਕਾਰਾਂ ਦੀ ਵੀ ਚੋਣ ਕੀਤੀ ਗਈ। ਇਸ ਚੋਣ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਕੋ ਸਮੇਂ ਪੰਜਾਬ ਦੇ ਸਾਰੇ ਖਿਤਿਆਂ ਨੂੰ ਪ੍ਰਤੀਨਿਧਤਾ ਦੇਣ ਦੇ ਨਾਲ਼ ਨਾਲ਼ ਦੇਸ਼ ਦੇ ਦੂਸਰੇ ਸੂਬਿਆਂ ਜਿਵੇਂ ਜੰਮੂ, ਹਰਿਆਣਾ, ਦਿੱਲੀ, ਮਹਾਂਰਾਸ਼ਟਰ, ਰਾਜਸਥਾਨ ਅਤੇ ਕਲਕੱਤੇ ਦੇ ਲੇਖਕਾਂ ਨੂੰ ਵੀ ਪ੍ਰਤੀਨਿਧਤਾ ਦਿੱਤੀ ਗਈ ਹੈ ਅਤੇ ਦਸੂਰੇ ਦੇਸ਼ਾਂ ਜਿਵੇਂ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਪਾਕਿਸਤਾਨ ਹਾਲੈਂਡ, ਸਵੀਡਨ ਅਤੇ ਨਿਊਜ਼ੀਲੈਂਡ ਦੇ ਲੇਖਕਾਂ ਨੂੰ ਵੀ ਪ੍ਰਤੀਨਿਧਤਾ ਦਿੱਤੀ ਗਈ ਹੈ। ਆਪਣੀ ਅੰਤਰਰਾਸ਼ਟਰੀ ਦਿੱਖ ਅਨੁਸਾਰ ਕੇਂਦਰੀ ਲੇਖਕ ਸਭਾ ਨੇ ਨਾਮਜ਼ਦਗੀਆਂ ਕੀਤੀਆਂ ਹਨ। ਕੇਂਦਰੀ ਸਭਾ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨੇ ਦੱਸਿਆ ਕਿ ਕਾਰਜਕਾਰਨੀ ਦੀ ਅਗਲੀ ਮੀਟਿੰਗ ਵਿਚ ਦੋ ਸਾਲਾਂ ਦੀ ਕਾਰਜ ਸੂਚੀ ਤਿਆਰ ਕਰਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤੀ ਪ੍ਰਤੀਬੱਧਤਾ ਅਨੁਸਾਰ ਸਭਾ ਆਪਣੀਆਂ ਸਰਗਰਮੀਆਂ ਆਰੰਭ ਕਰ ਦੇਵੇਗੀ।

ਅਹੁਦੇਦਾਰਾਂ ਵਲੋਂ ਨਾਮਜ਼ਦ ਕੀਤੇ ਗਏ ਮੈਂਬਰਾਂ ਦੀ ਸੂਚੀ ਅਨੁਸਾਰ ਕਾਰਜਕਾਰਣੀ ਮੈਂਬਰਾਂ ਵਿਚ ਡਾ. ਸਰਬਜੀਤ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਸ਼੍ਰੀ ਸੁਰਿੰਦਰ ਰਾਮਪੁਰੀ, ਡਾ. ਸੁਰਜੀਤ ਬਰਾੜ, ਸ਼੍ਰੀ ਸੁਸ਼ੀਲ ਦੁਸਾਂਝ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਸ਼ਮਸ਼ੇਰ ਮੋਹੀ, ਸ਼੍ਰੀ ਮਦਨਵੀਰਾ, ਸ਼੍ਰੀ ਚਰਨ ਕੌਸ਼ਲ, ਸ਼੍ਰੀ ਦੇਵ ਦਰਦ, ਸ਼੍ਰੀ ਗੁਰਨਾਮ ਕੰਵਰ, ਸ਼੍ਰੀ ਮੱਖਣ ਸਿੰਘ ਕੁਹਾੜ, ਡਾ. ਹਜ਼ਾਰਾ ਸਿੰਘ ਚੀਮਾ, ਪ੍ਰੋ. ਜਸਪਾਲ ਜੀਤ ਸਿੰਘ, ਡਾ. ਰਵਿੰਦਰ ਸੰਧੂ, ਸ਼੍ਰੀ ਪ੍ਰਭਜੋਤ ਸੋਹੀ, ਸ਼੍ਰੀ ਦੀਪ ਜਗਦੀਪ, ਸ਼੍ਰੀ ਅਸ਼ਵਨੀ ਬਾਗੜੀਆ, ਸ਼੍ਰੀਮਤੀ ਸੋਮਾ ਸਬਲੋਕ, ਡਾ. ਹਰਜਿੰਦਰ ਸਿੰਘ ਅਟਵਾਲ, ਸ਼੍ਰੀ ਹਰਮਿੰਦਰ ਕੋਹਾਰਵਾਲਾ, ਸ਼੍ਰੀ ਸੰਤ ਸਿੰਘ ਸੋਹਲ, ਡਾ. ਗੁਰਮੀਤ ਕੱਲਰਮਾਜਰੀ, ਡਾ. ਰਮੇਸ਼ ਰੰਗੀਲਾ, ਸ਼੍ਰੀ ਜਗਵਿੰਦਰ ਯੋਧਾ, ਸ਼੍ਰੀ ਹਰਵੀਂਦਿਰ ਭੰਡਾਲ, ਡਾ. ਚਰਨਦੀਪ ਸਿੰਘ, ਸ਼੍ਰੀ ਸੁੱਚਾ ਸਿੰਘ ਰੰਧਾਵਾ, ਡਾ. ਸੁਖਵਿੰਦਰ ਸਿੰਘ, ਸ਼੍ਰੀ ਗੁਰਮੀਤ ਗਿੱਲ ਅਤੇ ਡਾ. ਜਗਦੀਸ਼ ਕੌਰ ਸ਼ਾਮਲ ਕੀਤੇ ਗਏ ਹਨ।

ਮੀਟਿੰਗ ਦੌਰਾਨ ਜਿਹੜੇ ਵਿਸ਼ੇਸ਼ ਨਿਮੰਤ੍ਰਿਤ ਮੈਂਬਰ ਲਏ ਗਏ ਹਨ ਉਹ ਡਾ. ਸੁਖਦੇਵ ਸਿੰਘ ਸਿਰਸਾ, ਸ਼੍ਰੀਮਤੀ ਗੁਰਚਰਨ ਕੌਰ ਕੋਚਰ, ਡਾ. ਅਨੂਪ ਸਿੰਘ, ਸ਼੍ਰੀ ਦਰਸ਼ਨ ਬੁੱਟਰ, ਡਾ. ਭੀਮ ਇੰਦਰ ਸਿੰਘ, ਡਾ. ਤੇਜਿੰਦਰ ਵਿਰਲੀ, ਸ਼੍ਰੀ ਅਜਮੇਰ ਸਿੱਧੂ, ਸ਼੍ਰੀ ਸਰਦਾਰਾ ਸਿੰਘ ਚੀਮਾ, ਸ਼੍ਰੀ ਕੁਲਵਿੰਦਰ ਸਿੰਘ ਬੱਛੋਆਣਾ, ਸ਼੍ਰੀ ਕੁਲਵੰਤ ਸਿੰਘ ਜੀਰਾ, ਸ਼੍ਰੀ ਜਸਵਿੰਦਰ ਗ਼ਜ਼ਲਗੋ, ਸ਼੍ਰੀ ਧਰਮਿੰਦਰ ਔਲਖ, ਸ਼੍ਰੀ ਮੰਗਤ ਚੰਚਲ, ਸ਼੍ਰੀ ਹਰਬੰਸ ਮਾਲਵਾ, ਡਾ. ਲੇਖਰਾਜ, ਡਾ. ਜਾਗੀਰ ਸਿੰਘ ਨੂਰ, ਸ਼੍ਰੀ ਬਲਜੀਤ ਰੈਣਾ, ਸ਼੍ਰੀ ਕਰਨੈਲ ਚੰਦ, ਸ਼੍ਰੀ ਗੁਰਬਚਨ ਵਿਰਦੀ, ਸ਼੍ਰੀ ਮਹਿੰਦਰ ਦੁਸਾਂਝ, ਸ਼੍ਰੀ ਗੁਰਮੀਤ ਪਲਾਹੀ, ਡਾ. ਸੁਰਿੰਦਰ ਜੀਤ ਕੌਰ, ਪ੍ਰੋ. ਗੁਪਾਲ ਬੁੱਟਰ, ਪ੍ਰੋ. ਕੁਲਵੰਤ ਔਜਲਾ, ਸ਼੍ਰੀ ਜਗੀਰ ਸਿੰਘ ਪ੍ਰੀਤ, ਸ਼੍ਰੀ ਜਨਮੇਜਾ ਜੌਹਲ, ਸ਼੍ਰੀ ਬਲਬੀਰ ਸਿੰਘ ਮੁਕੇਰੀਆਂ, ਸ਼੍ਰੀ ਬੂਟਾ ਸਿੰਘ ਅਸ਼ਾਂਤ, ਸ਼੍ਰੀ ਰਜਿੰਦਰ ਰਾਣਾ ਐਡਵੋਕੇਟ, ਸ਼੍ਰੀ ਸੁਖਦੇਵ ਮਾਦਪੁਰੀ, ਡਾ. ਓਮ ਪ੍ਰਕਾਸ਼ ਵਸ਼ਿਸ਼ਟ, ਸ਼੍ਰੀ ਤਰਲੋਚਨ ਸਿੰਘ ਪੱਤਰਕਾਰ, ਡਾ. ਚਰਨਜੀਤ ਨਾਭਾ, ਡਾ. ਸਾਹਿਬ ਸਿੰਘ, ਸ਼੍ਰੀ ਬਲਕਾਰ ਸਿੱਧੂ, ਸ਼੍ਰੀ ਸਤਪਾਲ ਭੀਖੀ, ਸ਼੍ਰੀ ਸਾਧੂ ਰਾਮ ਲੰਗੇਆਣਾ, ਸ਼੍ਰੀ ਗੁਰਦਿਆਲ ਨਿ-



ਰਮਾਣ, ਸ਼੍ਰੀ ਮੇਜਰ ਗਿੱਲ, ਸ਼੍ਰੀਮਤੀ ਪਰਮਜੀਤ ਪਰਮ, ਸ਼੍ਰੀਮਤੀ ਕੁਸ਼ਲ ਭੌਰਾ, ਸ਼੍ਰੀ ਹਰਬੰਸ ਹੀਓਂ, ਪ੍ਰੋ. ਦਵਿੰਦਰਜੀਤ ਕੌਰ, ਸ਼੍ਰੀ ਸੰਜੀਵਨ ਸਿੰਘ, ਸ਼੍ਰੀ ਪਰਸਰਾਮ ਬੱਧਣ, ਸ਼੍ਰੀ ਮਨਮੋਹਨ ਸਿੰਘ ਦਾਊਂ, ਡਾ. ਸਰਬਜੀਤ ਕੌਰ ਸੋਹਲ, ਪ੍ਰਿੰ. ਯਤਿੰਦਰ ਕੌਰ ਮਾਹਲ, ਸ਼੍ਰੀ ਸੁਰਿੰਦਰ ਕੈਲੇ, ਸੂਬਾ ਸੁਰਿੰਦਰ ਕੌਰ ਖ਼ਰਲ, ਡਾ. ਗੁਲਜ਼ਾਰ ਪੰਧੇਰ, ਸ਼੍ਰੀ ਬਲਬੀਰ ਸਿੰਘ ਸੈਣੀ, ਸ਼੍ਰੀ ਸ਼੍ਰੀਰਾਮ ਅਰਸ਼, ਸ਼੍ਰੀ ਹਰਮੀਤ ਵਿੱਲੋਂ, ਸ਼੍ਰੀ ਭੁਪਿੰਦਰ ਸੰਧੂ, ਸ਼੍ਰੀ ਸ਼ਬਦੀਸ਼, ਡਾ. ਤੇਜੰਦਿਰ ਮਾਰਕੰਡਾ, ਸ਼੍ਰੀ ਪ੍ਰੀਤ ਸੰਦਲ਼, ਸ਼੍ਰੀ ਸੁਰਜੀਤ ਜੱਜ, ਸ਼੍ਰੀ ਭਗਵਾਨ ਸਿੰਘ ਢਿੱਲੋਂ, ਡਾ. ਗੁਰਨਾਇਬ ਸਿੰਘ, ਡਾ. ਮੋਹਨ ਤਿਆਗੀ ਅਤੇ ਸ਼੍ਰੀ ਬਿਹਾਰੀ ਲਾਲ ਸੱਦੀ ਹਨ।

ਮੁੱਖ ਸਲਾਹਕਾਰ ਦੇ ਤੌਰ 'ਤੇ ਜਿਹੜੇ ਲੇਖਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਉਨ੍ਹਾਂ ਵਿਚ ਪਦਮਸ਼੍ਰੀ ਗੁਰਦਿਆਲ ਸਿੰਘ, ਡਾ. ਸੁਰਜੀਤ ਪਾਤਰ, ਡਾ. ਜੋਗਿੰਦਰ ਸਿੰਘ ਪੁਆਰ, ਡਾ. ਐਸ. ਤਰਸੇਮ, ਸ਼੍ਰੀ ਹਰਭਜਨ ਸਿੰਘ ਹੁੰਦਲ, ਸ਼੍ਰੀ ਵਰਿਆਮ ਸੰਧੂ, ਡਾ. ਰਘਬੀਰ ਸਿੰਘ ਸਿਰਜਣਾ, ਪ੍ਰੋ. ਅਜਮੇਰ ਔਲਖ, ਡਾ. ਦੀਪਕ ਮਨਮੋਹਨ ਸਿੰਘ, ਸ਼੍ਰੀ ਪਿਆਰਾ ਸਿੰਘ ਭੋਗਲ, ਪ੍ਰੋ. ਅਨੂਪ ਵਿਰਕ, ਪ੍ਰੋ. ਕਿਰਪਾਲ ਸਿੰਘ ਕਸੇਲ, ਸ਼੍ਰੀ ਗੁਲਜ਼ਾਰ ਸਿੰਘ ਸੰਧੂ, ਡਾ. ਜੋਗਾ ਸਿੰਘ, ਸ਼੍ਰੀ ਕੇਵਲ ਧਾਲੀਵਾਲ, ਡਾ. ਰਘਬੀਰ ਕੌਰ, ਡਾ. ਦਲੀਪ ਕੌਰ ਟਿਵਾਣਾ, ਪ੍ਰੋ. ਨਿਰੰਜਣ ਤਸਨੀਮ, ਸ਼੍ਰੀ ਨਿਰਮਲ ਅਰਪਣ, ਪ੍ਰੋ. ਗੁਰਭਜਨ ਗਿੱਲ, ਡਾ. ਸਰਦਾਰਾ ਸਿੰਘ ਜੌਹਲ, ਸ਼੍ਰੀ ਰਾਜਿੰਦਰ ਸਿੰਘ ਚੀਮਾ, ਸ਼੍ਰੀ ਮੋਹਨ ਭੰਡਾਰੀ, ਡਾ. ਤੇਜਵੰਤ ਗਿੱਲ, ਸ਼੍ਰੀ ਓਮ ਪ੍ਰਕਾਸ਼ ਗਾਸੋ, ਡਾ. ਲਖਵਿੰਦਰ ਜੌਹਲ, ਪ੍ਰੋ. ਅਵਤਾਰ ਜੌੜਾ, ਸ਼੍ਰੀ ਗੁਰਪਾਲ ਲਿੱਟ, ਸ਼੍ਰੀ ਹਰਭਜਨ ਸਿੰਘ ਬਾਜਵਾ, ਡਾ. ਐਸ.ਪੀ. ਸਿੰਘ, ਸ਼੍ਰੀ ਹਰਵਿੰਦਰ ਸਿੰਘ ਹੰਸਪਾਲ, ਸ਼੍ਰੀ ਮਿੱਤਰ ਸੈਨ ਮੀਤ, ਡਾ. ਜੋਗਿੰਦਰ ਕੈਰੋਂ, ਸ਼੍ਰੀ ਜਗਦੇਵ ਸਿੰਘ ਜੱਸੋਵਾਲ, ਡਾ. ਬਰਜਿੰਦਰ ਸਿੰਘ ਹਮਦਰਦ, ਡਾ. ਹਰਭਜਨ ਸਿੰਘ ਭਾਟੀਆ, ਡਾ. ਜਸਵਿੰਦਰ ਸਿੰਘ, ਡਾ. ਨਾਹਰ ਸਿੰਘ, ਡਾ. ਸ਼ਿੰਦਰਪਾਲ ਸਿੰਘ, ਸ਼੍ਰੀ ਸੁਵਰਨ ਸਿੰਘ ਵਿਰਕ, ਸ਼੍ਰੀ ਦਵਿੰਦਰ ਦਮਨ, ਡਾ. ਸ. ਸ. ਖਾਹਰਾ ਅਤੇ ਸ਼੍ਰੀ ਗੁਰਬਚਨ ਸਿੰਘ ਭੁੱਲਰ ਸ਼ਾਮਲ ਹਨ।

ਵਿਸ਼ੇਸ਼ ਸਲਾਹਕਾਰਾਂ ਵਿਚ ਵਿਸ਼ੇਸ਼ ਤੌਰ ਤੇ ਸਥਾਪਤ ਪੱਤਰਕਾਰਾਂ ਅਤੇ ਅਦਾਰਿਆਂ ਨੂੰ ਥਾਂ ਦਿੱਤੀ ਗਈ ਹੈ। ਉਹ ਹਨ ਸ਼੍ਰੀ ਸਤਨਾਮ ਮਾਣਕ, ਅਜੀਤ, ਡਾ. ਰਜਿੰਦਰ ਸਿੰਘ ਗਿੱਲ, ਡਾਇਰੈਕਟਰ ਨੌਰਥ ਜ਼ੋਨ ਕਲਚਰਲ ਸੈਂਟਰ, ਸ਼੍ਰੀ ਵਿਜੈ ਚੋਪੜਾ, ਹਿੰਦ ਸਮਾਚਾਰ, ਸ਼੍ਰੀ ਵਰਿੰਦਰ ਵਾਲੀਆ, ਪੰਜਾਬੀ ਟ੍ਰਿਬਿਊਨ, ਸ਼੍ਰੀ ਬਲਬੀਰ ਪਰਵਾਨਾ, ਨਵਾਂ ਜ਼ਮਾਨਾ, ਸ਼੍ਰੀ ਰਜਿੰਦਰ ਸਿੰਘ, ਆਸ਼ਿਆਨਾ, ਸ਼੍ਰੀ ਬੀ. ਐਸ. ਬੀਰ, ਮਹਿਰਮ, ਸ਼੍ਰੀ ਮੋਹਨ ਸਿੰਘ ਰਾਹੀ, ਰਵੀ ਸਾਹਿਤ ਪ੍ਰਕਾਸ਼ਨ, ਸ਼੍ਰੀ ਹਰੀਸ਼ ਜੈਨ, ਲੋਕਗੀਤ ਪ੍ਰਕਾਸ਼ਨ, ਸ਼੍ਰੀ ਗੁਰਬਚਨ ਸਿੰਘ, ਆਰਸੀ, ਡਾ. ਜਸਪਾਲ ਸਿੰਘ, ਉਪ ਕੁਲਪਤੀ ਪੰਜਾਬੀ ਯੂ. ਪਟਿਆਲਾ, ਡਾ. ਅਜਾਇਬ ਸਿੰਘ ਬਰਾੜ, ਉਪ ਕੁਲਪਤੀ ਗੁ. ਨਾ. ਦੇ. ਯੂ. ਅੰਮ੍ਰਿਤਸਰ, ਸ਼੍ਰੀ. ਚੇਤਨ ਸਿੰਘ, ਡਾਇਰੈਕਟਰ ਭਾਸ਼ਾ ਵਿਭਾਗ, ਸ਼੍ਰੀ ਸ਼ਿੰਗਾਰਾ ਸਿੰਘ ਭੁੱਲਰ, ਪੰਜਾਬੀ ਜਾਗਰਣ, ਸ਼੍ਰੀ ਕੁਲਦੀਪ ਸਿੰਘ ਬੇਦੀ, ਜੱਗਬਾਣੀ, ਸ਼੍ਰੀ ਜਗਜੀਤ ਸਿੰਘ ਦਰਦੀ, ਚੜ੍ਹਦੀ ਕਲਾ, ਪ੍ਰੋ. ਜਸਪਾਲ ਸਿੰਘ ਹੇਰਾਂ, ਪਹਿਰੇਦਾਰ, ਸ਼੍ਰੀ ਜੋਗਿੰਦਰ ਸਿੰਘ, ਸਪੋਕਸਮੈਨ, ਸ਼੍ਰੀ ਰਿਪੂਦਮਨ ਸਿੰਘ ਰਿੱਪੀ, ਦੇਸ਼ ਸੇਵਕ, ਡਾ. ਰੇਣੂਕਾ ਸਿੰਘ, ਨਵਯੁੱਗ ਪ੍ਰਕਾਸ਼ਨ, ਸ਼੍ਰੀ ਸਤੀਸ਼ ਗੁਲਾਟੀ, ਚੇਤਨਾ ਪ੍ਰਕਾਸ਼ਨ, ਸ਼੍ਰੀ ਗੁਰਸਾਗਰ ਸਿੰਘ, ਸਿੰਘ ਬ੍ਰਦਰਜ਼, ਸ਼੍ਰੀ ਜਗਮੋਹਨ ਕੌਸ਼ਲ, ਟੀਚਰਜ਼ ਹੋਮ , ਡਾ. ਹਰਸਿਮਰਨ ਸਿੰਘ ਰੰਧਾਵਾ, ਕੁਰੂਕਸ਼ੇਤਰਾ ਯੂਨੀਵਰਸਿਟੀ, ਡਾ. ਰਵੇਲ ਸਿੰਘ, ਦਿੱਲੀ, ਸ਼੍ਰੀ ਸੁਖਚੈਨ ਭੰਡਾਰੀ, ਪੰਜਾਬੀ ਸਾਹਿਤ ਅਕਾਦਮੀ ਹਰਿਆਣਾ, ਡਾ. ਪਰਮਜੀਤ ਢੀਂਗਰਾ, ਰੀਜ਼ਨਲ ਸੈਂਟਰ ਮੁਕਤਸਰ, ਡਾ. ਬੂਟਾ ਸਿੰਘ ਬਰਾੜ, ਰੀਜ਼ਨਲ ਸੈਂਟਰ ਬਠਿੰਡਾ, ਸੰਤ ਹਰਪਾਲ ਸਿੰਘ ਸੇਵਕ, ਨਾਮਧਾਰੀ ਦਰਬਾਰ, ਸ਼੍ਰੀ ਜਗਦੀਸ਼ ਵਰਿਆਮ, ਸ਼੍ਰੀ ਅਜੀਤ ਸਿੰਘ ਲਾਇਲ, ਡਾ. ਕੇ.ਕੇ. ਰੱਤੂ, ਦੂਰਦਰਸ਼ਨ ਚੰਡੀਗੜ੍ਹ, ਸ਼੍ਰੀ ਓਮ ਗੌਰੀ ਦੱਤ ਸ਼ਰਮਾ, ਦੂਰਦਰਸ਼ਨ ਜਲੰਧਰ, ਸ਼੍ਰੀ ਅਮਰਜੀਤ ਸਿੰਘ, ਅਕਸ, ਸ਼੍ਰੀਮਤੀ ਪੂਨਮ, ਪ੍ਰੀਤਲੜੀ, ਸ਼੍ਰੀ ਭੁਪਿੰਦਰ ਸਾਂਭਰ, ਸਾਡਾ ਯੁੱਗ, ਸ਼੍ਰੀ ਹਰਕੰਵਲ ਸਿੰਘ, ਸੰਗਰਾਮੀ ਲਹਿਰ, ਸ਼੍ਰੀ ਜਤਿੰਦਰ ਪੰਨੂੰ, ਨਵਾਂ ਜ਼ਮਾਨਾ, ਸ਼੍ਰੀ ਜਸ ਮੰਡ, ਨਵਾਂ ਜ਼ਮਾਨਾ, ਸ਼੍ਰੀ ਬਲਬੀਰ ਜੰਡੂ, ਪੰਜਾਬੀ ਟ੍ਰਿਬਿਊਨ, ਸ਼੍ਰੀ ਚਰਨਜੀਤ ਸਿੰਘ ਚੰਨ, ਜਨਤਕ ਪ੍ਰੈਸ ਦਿੱਲੀ, ਡਾ. ਤੇਜਿੰਦਰ ਕੌਰ ਧਾਰੀਵਾਲ, ਪੰਜਾਬ ਸਕੂਲ ਸਿੱਖਿਆ ਬੋਰਡ, ਬੀਬੀ ਹਰਜਿੰਦਰ ਕੌਰ, ਚੇਅਰਪਰਸਨ ਪੰਜਾਬ ਕਲਾ ਪ੍ਰੀਸ਼ਦ, ਪ੍ਰੋ. ਗੁਰਬਚਨ ਸਿੰਘ ਨਰੂਆਣਾ, ਸ਼੍ਰੀ ਮੇਖ ਰਾਜ ਮਿੱਤਰ, ਸ਼੍ਰੀ ਪ੍ਰਮਿੰਦਰ ਜੀਤ ਸਿੰਘ, ਸ਼੍ਰੀ ਅਸ਼ੋਕ ਕੁਮਾਰ, ਸੰਗਮ ਪ੍ਰਕਾਸ਼ਨ ਸਮਾਣਾ ਅਤੇ ਸ਼੍ਰੀ ਰੂਪ ਸਿੰਘ, ਸ਼੍ਰੋ. ਗੁ. ਪ੍ਰਬੰਧਕ ਕਮੇਟੀ।

ਪੰਜਾਬੋਂ ਬਾਹਰ ਦੇ ਸਲਾਹਕਾਰ ਲਏ ਗਏ ਹਨ: ਕੈਨੇਡਾ-ਸ਼੍ਰੀ ਜਰਨੈਲ ਸਿੰਘ ਕਹਾਣੀਕਾਰ, ਸ਼੍ਰੀ ਸਾਧੂ ਬਿੰਨਿੰਗ, ਸ਼੍ਰੀ ਕੇਸਰ ਸਿੰਘ ਨੀਰ, ਸ਼੍ਰੀ ਅਮਰਜੀਤ ਸੂਫ਼ੀ, ਪ੍ਰੋ. ਜਗੀਰ ਕਾਹਲੋਂ, ਸ਼੍ਰੀ ਸੁਰਿੰਦਰ ਧੰਜਲ, ਸ਼੍ਰੀ ਕਿਰਤਮੀਤ ਕੁਹਾੜ, ਸ਼੍ਰੀ ਨਵਤੇਜ ਬੈਂਸ, ਸ਼੍ਰੀ ਸਾਥੀ ਲੁਧਿਆਣਵੀ, ਸ਼੍ਰੀਮਤੀ ਗੁਰਮੀਤ ਪਿਨਾਗ, ਸ਼੍ਰੀ ਸੁਖਵਿੰਦਰ ਰਾਮਪੁਰੀ, ਬਲਬੀਰ ਕੌਰ ਸੰਘੇੜਾ, ਇੰਗਲੈਂਡ-ਸ਼੍ਰੀ ਦਰਸ਼ਨ ਧੀਰ, ਡਾ. ਅਮਰ ਜਿਓਤੀ, ਸ਼੍ਰੀ ਦਰਸ਼ਨ ਢਿੱਲੋਂ, ਸ਼੍ਰੀ ਮਹਿੰਦਰਪਾਲ ਸਿੰਘ ਧਾਲੀਵਾਲ, ਸ਼੍ਰੀ ਹਰਜੀਤ ਅਟਵਾਲ, ਅਮਰੀਕਾ-ਸ਼੍ਰੀ ਰਵਿੰਦਰ ਸਹਿਰਾਅ, ਸ਼੍ਰੀ ਸੁਰਿੰਦਰ ਸੋਹਲ, ਪ੍ਰੋ. ਹਰਭਜਨ ਸਿੰਘ, ਸ਼੍ਰੀ ਗੁਰਮੀਤ ਹਯਾਤਪੁਰੀ, ਸ਼੍ਰੀਮਤੀ ਪ੍ਰਵੇਜ਼ ਸੰਧੂ, **ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ 'ਅੰਬੇਦਕਰ ਟਾਈਮਜ' ਤੇ ਦੇਸ ਦੁਆਬਾ'**, ਪਾਕਿਸਤਾਨ-ਜਨਾਬ ਮਲਕ ਮੇਹਰ ਅਲੀ, ਜਨਾਬ ਇਕਬਾਲ ਕੈਸਰ, ਜਨਾਬ ਆਸਿਫ਼ ਰਜ਼ਾ, ਜਨਾਬ ਸਈਅਦ ਭੁੱਟਾ, ਜਨਾਬ ਅਹਿਮਦ ਸਲੀਮ, ਜਨਾਬ ਅਫ਼ਜ਼ਲ ਅਹਿਸਨ ਰੰਧਾਵਾ, ਜਨਾਬ ਮੁਸ਼ਤਾਕ ਸੂਫ਼ੀ, ਜਨਾਬ ਮਕਸੂਦ ਅਹਿਮਦ ਸਾਕਿਬ, ਅਸ-ਟਰੇਲੀਆ-ਸ਼੍ਰੀ ਬਲਰਾਜ ਸੰਘਾ, ਡਾ. ਅਮਰਜੀਤ ਟਾਂਡਾ, ਜਨਾਬ ਕੇਹਰ ਸ਼ਰੀਫ, ਹਾਲੈਂਡ, ਸ਼੍ਰੀ ਨਿੰਦਰ ਗਿੱਲ, ਸਵੀਡਨ, ਸ਼੍ਰੀ ਮੁਖਿਤਿਆਰ ਸਿੰਘ, ਨਿਊਜ਼ੀਲੈਂਡ, ਸ਼੍ਰੀ ਹਰਦੇਵ ਗਰੇਵਾਲ, ਕਲਕੱਤਾ, ਡਾ. ਕਰਨਜੀਤ ਸਿੰਘ, ਦਿੱਲੀ, ਸ਼੍ਰੀ ਗੁਰਦੀਪ, ਦੇਹਰਾਦੂਨ, ਸ਼੍ਰੀ ਹਰਪਾਲ ਸਿੰਘ ਲੱਖੀਆਂ, ਰਾਜਸਥਾਨ, ਸ਼੍ਰੀ ਗੁਰਮੀਤ ਬਰਾੜ, ਜੈਪੁਰ, ਸ਼੍ਰੀ ਕੇ. ਜਗਜੀਤ ਸਿੰਘ ਮੁੰਬਈ, ਸ਼੍ਰੀ ਰਾਜਿੰਦਰ ਆਤਿਸ਼ ਮੁੰਬਈ, ਡਾ. ਹਰਵਿੰਦਰ ਸਿਰਸਾ ਹਰਿਆਣਾ,ਜਨਾਬ ਖ਼ਾਲਿਦ ਹੁਸੈਨ ਜੰਮੂ , ਸ਼੍ਰੀ ਕਮਲ ਕਸ਼ਮੀਰੀ - ਸ੍ਰੀਨਗਰ, ਸ਼੍ਰੀ ਸੁਸ਼ੀਲ ਸ਼ਰਮਾ ਜੰਮੂ ਅਤੇ ਬਚਨ ਸਿੰਘ ਸਰਲ ਕਲਕੱਤਾ। ਇਨ੍ਹਾਂ ਤੋਂ ਇਲਾਵਾ ਹਰ ਸਾਹਿਤ ਸਭਾ ਵਿਚੋਂ ਇਕ ਨੁਮਾਇੰਦੇ ਦੀ ਚੋਣ ਸਥਾਨਕ ਸਾਹਿਤ ਸਭਾ ਕਰੇਗੀ ਅਤੇ ਜ਼ਿਲ੍ਹਿਆਂ ਦੇ ਸੰਯੋਜਕਾਂ ਦੀ ਚੋਣ ਵੀ ਜ਼ਿਲ੍ਹੇ ਦੀਆਂ ਸਾਹਿਤ ਸਭਾਵਾਂ ਮਿਲ ਕੇ ਕਰਨਗੀਆਂ। ਪ੍ਰਧਾਨ ਡਾ. ਲਾਭ ਸਿੰਘ ਖੀਵਾ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਸਮੁੱਚੇ ਮੈਂਬਰਾਂ ਦੇ ਸਹਿਯੋਗ ਨਾਲ਼ ਇਕ ਨਵੇਂ ਅੰਦੋਲਨ ਦੀ ਸ਼ੁਰੂਆਤ ਜ਼ਰੂਰ ਹੋਵੇਗੀ।

*ਰਿਪੋਰਟ- ਡਾ. ਕਰਮਜੀਤ ਸਿੰਘ (ਜਨਰਲ ਸਕੱਤਰ)*

ਦੇਸ਼ ਦੁਆਬਾ

# ਦਲਿਤਾਂ, ਬੋਧੀਆਂ ਦੀ ਹੈਰਾਨੀਜਨਕ ਚੁੱਪ

ਹਾਲ ਹੀ ਵਿਚ ਆਰ. ਐਸ. ਐਸ. ਦੇ ਮੁਖੀ ਮੋਹਨ ਭਾਗਵਤ ਨੇ ਸਿੱਖਾਂ, ਬੋਧੀਆਂ ਅਤੇ ਜੈਨੀਆਂ ਨੂੰ ਹਿੰਦੂ ਧਰਮ ਦਾ ਹਿੱਸਾ ਦੱਸਣ ਵਾਲੇ ਬਿਆਨ ਦੇ ਕਾਰਨ ਸਿੱਖ ਭਾਈਚਾਰੇ ਵਿਚ ਇਸ ਦੀ ਜ਼ੋਰਦਾਰ ਪ੍ਰਤੀਕਿਰਿਆ ਹੋਈ ਹੈ। ਕਈ ਥਾਵਾਂ ਤੇ ਰੋਸ ਪ੍ਰਦਰਸ਼ਨ ਵੀ ਹੋਏ ਹਨ ਅਤੇ ਦੇਸ਼-ਵਿਦੇਸ਼ ਵਿਚ ਬੈਠੇ ਸਿੱਖਾਂ ਨੇ ਉਹਨਾਂ ਨੂੰ ਹਿੰਦੂ ਧਰਮ ਦਾ ਹਿੱਸਾ ਦਰਸਾਏ ਜਾਣ ਦਾ ਜਬਰਦਸਤ ਵਿਰੋਧ ਕੀਤਾ ਹੈ। ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਉਹਨਾਂ ਦਾ ਵੱਖਰਾ ਸਰੂਪ ਹੈ, ਵੱਖਰਾ ਧਰਮ ਗ੍ਰੰਥ ਹੈ, ਵੱਖਰਾ ਗੁਰਮਤਿ ਸੰਗੀਤ ਹੈ, ਵੱਖਰਾ ਸਭਿਆਚਾਰ ਹੈ, ਵੱਖਰੀ ਮਨੁੱਖੀ ਸਹਿਹੋਂਦ ਦੀ ਭਾਵਨਾ ਹੈ ਅਤੇ ਸਿੱਖ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦਾ ਹੈ, ਇਸ ਕਰਕੇ ਇਸ ਨੂੰ ਹਿੰਦੂ ਧਰਮ ਦਾ ਅੰਗ ਕਹਿਣਾ ਬਿਲਕੁਲ ਗਲਤ ਅਤੇ ਅਸਹਿਣਯੋਗ ਹੈ। ਸਿੱਖ ਸਮਾਜ ਦੀ ਇਸ ਪ੍ਰਤੀਕਿਰਿਆ ਤੋਂ ਇਹ ਬਿਲਕੁਲ ਸਪਸ਼ਟ ਹੈ ਕਿ ਸਿੱਖ ਆਪਣੀ ਵੱਖਰੀ ਪਛਾਣ ਦੇ ਪ੍ਰਤੀ ਕਿੰਨਾ ਜਾਗਰੂਕ ਹੈ। ਇਸ ਪ੍ਰਤੀ ਸਿੱਖ ਵਿਦਵਾਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਕਿਤਾਬ 'ਹਮ ਹਿੰਦੂ ਨਹੀਂ' ਵਿਚ ਸਪਸ਼ਟ ਕੀਤਾ ਹੈ ਕਿ ਸਿੱਖ ਹਿੰਦੂ ਨਹੀਂ ਹਨ ਅਤੇ ਭਾਈ ਵੀਰ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਵੀ ਇਹ ਸਪਸ਼ਟ ਕੀਤਾ ਹੈ। ਇੱਥੋਂ ਤੱਕ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨੇ ਵੀ ਕਿਹਾ ਹੈ ਕਿ ਸਿੱਖ ਹਿੰਦੂਆਂ ਦਾ ਹਿੱਸਾ ਨਹੀਂ ਬਲਕਿ ਇਕ ਵੱਖਰੀ ਕੌਮ ਹਨ।

ਹੈਰਾਨੀ ਦੀ ਗੱਲ ਹੈ ਕਿ ਬੁੱਧਿਸਟ ਅਤੇ ਦਲਿਤ ਸਮਾਜ ਵੱਲੋਂ ਇਸ ਬਿਆਨ ਉਤੇ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ ਨਾ ਹੀ ਕਦੀ ਉਹਨਾਂ ਭਾਰਤੀ ਸੰਵਿਧਾਨ ਦੀ ਧਾਰਾ 25 ਦਾ ਵਿਰੋਧ ਕੀਤਾ, ਜੋ ਸਾਨੂੰ ਹਿੰਦੂਆਂ ਵਿਚ ਗਿਣਦੀ ਹੈ। ਜਦਕਿ ਭਾਰਤ ਵਿਚ ਉਠੀਆਂ ਦਲਿਤ ਸਮਾਜ ਦੀਆਂ ਮੂਵਮੈਂਟਾਂ, ਜਿਹਨਾਂ ਵਿਚ ਆਦਿ ਧਰਮ ਮੰਡਲ ਪੰਜਾਬ, ਆਦਿ ਦ੍ਰਵਿੜਾਂ, ਨਮੋ ਸ਼ੂਦਰਾਂ ਅਤੇ ਭਰਤ ਰਤਨ ਬਾਬਾ ਸਾਹਿਬ ਡਾ ਅੰਬੇਦਕਰ ਤੋਂ ਇਲਾਵਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਆਪਣੇ ਸੰਗਠਨ ਬਾਮਸੇਫ ਦੁਆਰਾ ਇਹ ਆਵਾਜ਼ ਬਹੁਤ ਹੀ ਜ਼ੋਰ ਸ਼ੋਰ ਨਾਲ ਉਠਾਈ ਕਿ ਅਸੀਂ ਭਾਰਤ ਦੇ ਮੂਲ ਨਿਵਾਸੀ ਹਾਂ ਅਤੇ ਹਿੰਦੂ (ਆਰੀਅਨ) ਲੋਕ ਬਾਹਰੋਂ ਆਏ ਹੋਏ ਹਨ। ਬਾਬਾ ਸਾਹਿਬ ਡਾ. ਅੰਬੇਦਕਰ ਜੀ ਵਾਰ-ਵਾਰ ਕਹਿੰਦੇ ਆਏ ਹਨ ਕਿ ਅਛੂਤ ਹਿੰਦੂ ਨਹੀਂ ਹਨ। ਸਦੀਆਂ ਤੋਂ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਭਾਰਤ ਵਿਚ ਮੂਲ ਤੌਰ ਤੇ ਰਹਿਣ ਵਾਲੇ ਲੋਕਾਂ ਨੂੰ ਬਾਹਰੋਂ ਹਮਲਾਵਰ ਬਣ ਕੇ ਆਏ ਹਿੰਦੂ ਸਮਾਜ ਨੇ ਗੁਲਾਮ ਬਣਾਇਆ, ਵਰਣ ਵੰਡ ਪੈਦਾ ਕੀਤੀ ਅਤੇ ਇੱਥੋਂ ਦੇ ਮੂਲ ਨਿਵਾਸੀਆਂ ਨੂੰ ਦਲਿਤ ਅਤੇ ਸ਼ੂਦਰ ਬਣਾ ਕੇ ਇਕ ਅਜਿਹੀ ਸਮਾਜਿਕ ਗੁਲਾਮੀ ਵਿਚ ਬੰਨ੍ਹ ਦਿੱਤਾ, ਜਿਸ ਦਾ ਸ਼ਿਕਾਰ ਹੋ ਕੇ ਭਾਰਤ ਦੇ ਰਹਿਣ ਵਾਲੇ ਮੂਲ ਨਿਵਾਸੀ ਹਮਲਾਵਰ ਜਾਤੀਆਂ ਦੇ ਗੁਲਾਮ ਬਣ ਕੇ ਰਹਿ ਗਏ। ਗੁਲਾਮੀ ਦੇ ਇਸ ਲੰਮੇ ਸਮੇਂ ਦਰਮਿਆਨ ਦਲਿਤ ਸਮਾਜ ਨੂੰ ਤੰਗੀਆਂ-ਤੁਰਸ਼ੀਆਂ, ਗਿਆਨ ਤੋਂ ਵਾਂਝਾ ਅਤੇ ਪਸ਼ੂਆਂ ਤੋਂ ਵੀ ਮਾੜਾ ਜੀਵਨ ਜਿਉਣ ਲਈ ਮਜਬੂਰ ਕੀਤਾ ਗਿਆ। ਇਹਨਾਂ ਮੂਲ ਨਿਵਾਸੀਆਂ ਨੇ 20ਵੀਂ ਸਦੀ ਤੋਂ ਆਪਣਾ ਮੂਲ ਪਛਾਣਿਆ ਅਤੇ ਦਲਿਤ ਸਮਾਜ ਉਠਣਾ ਸ਼ੁਰੂ ਹੋਇਆ, ਖਾਸ ਕਰਕੇ ਡਾ ਅੰਬੇਦਕਰ ਜੀ ਦੀ ਬਦੌਲਤ ਦਲਿਤ ਸਮਾਜ ਨੂੰ ਬਲ ਮਿਲਿਆ, ਜਿਸ ਦੇ ਨਤੀਜੇ ਵਜੋਂ ਅੱਜ ਦਲਿਤ ਸਮਾਜ ਦੇ ਕਲਿਆਣ ਦਾ ਰਾਹ ਪੱਧਰਾ ਹੋਇਆ ਹੈ। ਪਰ ਅੱਜ ਵੀ ਭਾਰਤੀ ਸਮਾਜ ਵਿਚ ਜਾਤੀਵਾਦ, ਛੂਤਛਾਤ ਅਤੇ ਵਿਤਕਰਾ ਜਾਰੀ ਹੈ। ਪਰ ਦਲਿਤ ਵਰਗ ਇਹ ਜਾਣਦਾ ਹੋਇਆ ਵੀ ਕਿ ਉਹ ਇਸ ਮੁਲਕ ਦੇ ਮੂਲ ਨਿਵਾਸੀ ਹਨ, ਫਿਰ ਵੀ 25 ਧਾਰਾ ਦਾ ਵਿਰੋਧ ਨਹੀਂ ਕਰਦਾ। ਇਸ ਪਿੱਛੇ ਕੀ ਕਾਰਨ ਹੋ ਸਕਦੇ ਹਨ, ਕੀ ਦਲਿਤਾਂ ਅਤੇ ਬੋਧੀਆਂ ਨੇ ਆਪਣੇ ਆਪ ਨੂੰ ਹਿੰਦੂ ਸਮਾਜ ਦਾ ਹਿੱਸਾ ਮੰਨ ਲਿਆ ਹੈ? ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਬਸਪਾ ਪ੍ਰਧਾਨ ਬੀਬੀ ਮਾਇਆਵਤੀ ਨੇ ਕਿਹਾ ਕਿ ਸਾਡੇ ਦੇਸ਼ ਦਾ ਨਾਂ ਭਾਰਤ ਵਰਸ਼ ਹੈ ਨਾ ਕਿ ਹਿੰਦੁਸਤਾਨ। ਇਸ ਦੇਸ਼ ਵਿਚ ਵੱਖ ਵੱਖ ਧਰਮਾਂ ਦੇ ਲੋਕ ਰਹਿੰਦੇ ਹਨ, ਇਕੱਲੇ ਹਿੰਦੂ ਨਹੀਂ। ਭਾਰਤ ਦਾ ਸੰਵਿਧਾਨ ਇਸ ਦੇਸ਼ ਦਾ ਨਾਂ ਭਾਰਤ ਦੱਸਦਾ ਹੈ।

-ਤਰਸੇਮ ਜਲੰਧਰੀ (ਸੰਪਾਦਕ)

# ਡਾ.ਅੰਬੇਦਕਰ, ਦਲਿਤ ਜਾਗ੍ਰਿਤੀ ਅਤੇ ਆਜ਼ਾਦੀ



- ਫਤਿਹਜੰਗ ਸਿੰਘ
9872670278

ਡਾ. ਅੰਬੇਦਕਰ, ਦਲਿਤ ਜਾਗ੍ਰਿਤੀ ਅਤੇ ਆਜ਼ਾਦੀ ਅਸਲ ਵਿਚ ਆਪਸ ਵਿਚ ਇੰਨੇ ਘੁਲ ਮਿਲ ਗਏ ਹਨ ਕਿ ਇਹਨਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ। ਜਦੋਂ ਦਲਿਤਾਂ ਦੀ ਜਾਗ੍ਰਿਤੀ ਜਾਂ ਆਜ਼ਾਦੀ ਦਾ ਤਸੱਵਰ ਕਰਦੇ ਹਾਂ ਤਾਂ ਪਹਿਲਾਂ ਝੱਟ ਬਾਬਾ ਸਾਹਿਬ ਦੀ ਤਸਵੀਰ ਸਾਹਮਣੇ ਆ ਜਾਂਦੀ ਹੈ, ਦਲਿਤਾਂ ਲਈ ਕੀਤਾ ਉਹਨਾਂ ਦਾ ਜ਼ਿੰਦਗੀ ਭਰ ਦਾ ਸੰਘਰਸ਼ ਅੱਖਾਂ ਸਾਹਮਣੇ ਆ ਖਲੋਂਦਾ ਹੈ। ਦਲਿਤਾਂ ਦਾ ਮਸੀਹਾ ਬਣ ਉਭਰ ਕੇ ਸਾਹਮਣੇ ਆ ਖਲੋਂਦਾ ਹੈ, ਜਿਸਨੇ ਸਾਰੀ ਉਮਰ ਆਪਣੇ ਲਈ ਕੁਝ ਨਹੀਂ ਕੀਤਾ, ਜੋ ਕੀਤਾ ਉਹਨਾਂ ਲੋਕਾਂ ਲਈ ਕੀਤਾ, ਜਿਹਨਾਂ ਨੂੰ ਸਮਾਜ ਦੇ ਠੇਕੇਦਾਰਾਂ ਨੇ ਪਸ਼ੂਆਂ ਤੋਂ ਵੀ ਬਦਤਰ ਦਰਜਾ ਦਿੱਤਾ ਹੋਇਆ ਸੀ। ਪਸ਼ੂਆਂ ਨੂੰ ਤਾਂ ਫਿਰ ਵੀ ਪਾਲਿਆ ਜਾ ਸਕਦਾ ਸੀ, ਛੂਹਿਆ ਜਾ ਸਕਦਾ ਪਰ ਇਹਨਾਂ ਲੋਕਾਂ ਦੇ ਤਾਂ ਪਰਛਾਵੇਂ ਤੋਂ ਵੀ ਕੋਹਾਂ ਦੂਰ ਰਿਹਾ ਜਾਂਦਾ ਸੀ। ਪਸ਼ੂਆਂ ਨੂੰ ਪਾਲਕੇ ਉਹਨਾਂ ਦਾ ਦੁੱਧ ਪੀਤਾ ਜਾਂਦਾ ਸੀ, ਕੁੱਤਾ ਪਾਲ ਕੇ ਉਸਨੂੰ ਨਾਲ ਸੁਆਇਆ ਜਾ ਸਕਦਾ ਸੀ, ਬਿੱਲੀ ਪਾਲ ਕੇ ਚੁੰਮੀ ਚੱਟੀ ਜਾ ਸਕਦੀ ਸੀ ਪਰ ਦਲਿਤ ਪਤਾ ਨਹੀਂ ਕਿਹੜਾ ਜਾਨਵਰ ਜਾਂ ਪਸ਼ੂ ਸਮਝਿਆ ਜਾਂਦਾ ਸੀ, ਜਿਸਦੀ ਧਰਤੀ ਤੇ ਪਈ ਪੈੜ ਜਾਂ ਇੱਥੋਂ ਤੱਕ ਕਿ ਪਰਛਾਵੇਂ ਤੱਕ ਤੋਂ ਵੀ ਭਿੱਟ ਚੜ੍ਹ ਜਾਂਦੀ ਸੀ। ਉਹਨਾਂ ਦੇ ਇਨਸਾਨਾਂ ਵਾਲੇ ਸਾਰੇ ਅਧਿਕਾਰ ਖਤਮ ਤੇ ਬੱਸ ਫਰਜ਼ ਹੀ ਫਰਜ਼, ਕੰਮ ਹੀ ਕੰਮ- ਉਹ ਵੀ ਸਾਰੇ ਗੰਦੇ, ਘਿਰਣਾਜਨਕ ਤੇ ਹੱਥ ਤੋੜ ਮਿਹਨਤ ਵਾਲੇ ਤੇ ਫਿਰ ਨੰਗੇ ਤੇ ਭੁੱਖੇ ਪਿੰਡੇ। ਇੱਥੇ ਹੀ ਬੱਸ ਨਹੀਂ ਸਗੋਂ ਤਰ੍ਹਾਂ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਯਾਤਨਾਵਾਂ ਦੇ ਦੇ ਪਲ ਪਲ ਕੋਹਿਆ ਜਾਂਦਾ ਸੀ। ਜੇ ਭੁੱਲੇ ਭਟਕੇ ਕਿਤੇ ਇਨਸਾਨਾਂ ਵਾਲੇ ਕੰਮ ਕਰਨ ਵੱਲ ਉਹਨਾਂ ਦਾ ਧਿਆਨ ਵੀ ਚਲਾ ਗਿਆ ਤਾਂ ਛੋਟੀ ਜਿਹੀ ਹਰਕਤ ਬਦਲੇ ਮਾਰ-ਮਾਰ ਚਮੜੀ ਉਧੇੜ ਦਿੱਤੀ ਜਾਂਦੀ ਸੀ, ਕਦੇ ਜੀਭ ਕੱਟਣ ਤੇ ਕਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਉਣ ਵਰਗੀ ਸਖਤ ਸਜ਼ਾ ਵੀ ਦਿੱਤੀ ਜਾਂਦੀ। ਇਹੋ ਜਿਹੀਆਂ ਸਥਿਤੀਆਂ ਵਿਚ ਜੋ ਉਚ ਜਾਤੀਆਂ ਵੱਲੋਂ ਪੈਦਾ ਕੀਤੀਆਂ ਗਈਆਂ ਸਨ, ਡਾ. ਅੰਬੇਦਕਰ ਨੇ ਇਹਨਾਂ ਲਤਾੜੇ ਤੇ ਨਪੀੜੇ ਗਏ ਇਨਸਾਨਾਂ ਲਈ ਤਾ-ਉਮਰ ਕੰਮ ਕਰਨ ਦਾ ਸੰਕਲਪ ਲਿਆ ਤਾਂ ਜੋ ਇਹਨਾਂ ਨੂੰ ਵੀ ਇਨਸਾਨਾਂ ਦਾ ਦਰਜਾ ਮਿਲ ਸਕੇ, ਇਨਸਾਨਾਂ ਦੇ ਅਧਿਕਾਰ ਮਿਲ ਸਕਣ। ਜ਼ਰਾ ਉਹ ਸਥਿਤੀਆਂ ਅੱਖਾਂ ਅੱਗੇ ਲਿਆਓ ਕਿ ਮਰੇ ਹੋਏ ਡੰਗਰ ਨੂੰ ਇਕ ਪਾਸੇ ਕਾਂ ਅਤੇ ਕੁੱਤੇ ਖਾਣ ਲਈ ਝਪਟੇ ਹੋਏ ਹਨ ਅਤੇ ਦੂਜੇ ਪਾਸੇ ਇਹ ਬੰਦੇ ਮਰੇ ਪਸ਼ੂ ਦੇ ਮਾਸ ਤੋਂ ਢਿੱਡ ਭਰਨ ਲਈ ਕਾਵਾਂ ਕੁੱਤਆਂ ਨਾਲ ਸੰਘਰਸ਼ ਕਰ ਰਹੇ ਹਨ। ਬਾਬਾ ਸਾਹਿਬ ਸਮਝਾਉਂਦੇ ਹੋਣਗੇ ਕਿ ਆਹ ਸ਼ੀਸ਼ਾ ਵੇਖੋ ਤੁਸੀਂ ਵੀ ਮੇਰੇ ਵਰਗੇ ਬੰਦੇ ਹੋ, ਤੁਹਾਡੀ ਖੁਰਾਕ ਇਹ ਮਰੇ ਪਸ਼ੂ ਨਹੀਂ ਇਹ ਕਾਵਾਂ ਕੁੱਤਿਆਂ ਲਈ ਹੈ। ਬਾਬਾ ਸਾਹਿਬ ਨੂੰ ਮਾਰ ਪੈਂਦੀ ਹੈ ਕਿ ਸਾਡੇ ਲਈ ਜੋ ਢਿੱਡ ਭਰਨ ਵਾਸਤੇ ਹੈ, ਤੂੰ ਉਹ ਵੀ ਖੋਹਣਾ ਚਾਹੁੰਦਾ ਹੈਂ?

ਤੇ ਬਾਬਾ ਸਾਹਿਬ ਦੀ ਜੁਰਅਤ, ਦੂਰਦਰਸ਼ਤਾ, ਹਿੰਮਤ ਵੇਖੋ ਉਹ ਇਹਨਾਂ ਹੀ ਪਸ਼ੂ ਸਮਾਨ ਲੋਕਾਂ ਨੂੰ ਫਿਰ ਸਮਝਾ ਰਹੇ ਹਨ ਕਿ "ਆਪਣੀਆਂ ਦੀਵਾਰਾਂ ਤੇ ਲਿਖ ਲਓ ਕਿ ਤੁਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।" ਜਦੋਂ ਕਿ ਉਹਨਾਂ ਦੀਆਂ ਝੁੱਗੀਆਂ ਦੀਆਂ ਤਾਂ ਦੀਵਾਰਾਂ ਹੀ ਨਹੀਂ ਸਨ ਅਤੇ ਲਿਖਣ ਦੀ ਗੱਲ ਤਾਂ ਉਹ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕਦੇ। ਨਾ ਉਹਨਾਂ ਨੂੰ ਦੀਵਾਰ ਦੇ ਅਰਥ ਪਤਾ ਹਨ ਤੇ ਨਾ ਲਿਖਣ ਦੇ। ਪਰ ਬਾਬਾ ਸਾਹਿਬ ਨੇ ਤਾਂ ਇਹ ਗੱਲ ਆਖ ਕੇ ਉਹਨਾਂ ਦੀ ਜਾਗਰਿਤੀ ਅਤੇ ਆਜ਼ਾਦੀ ਦਾ ਆਗਾਜ਼ ਕਰ ਦਿੱਤਾ। ਤੇ ਬਾਬਾ ਸਾਹਿਬ ਦਾ ਦਿਨ ਤੇ ਰਾਤ, ਖਾਣ ਤੇ ਪੀਣਾ, ਪੜ੍ਹਨਾ ਤੇ ਲਿਖਣਾ ਇਹਨਾਂ ਲੋਕਾਂ ਨੂੰ ਹੀ ਸਮਰਪਿਤ ਰਿਹਾ। ਉਹ ਕਹਿੰਦੇ ਸਨ ਕਿ ਜਿਹਨਾਂ ਲੋਕਾਂ ਵਿਚ ਮੈਂ ਜਨਮ ਲਿਆ, ਜਿਹਨਾਂ ਵਿਚ ਮੈਂ ਪਲ ਕੇ ਵੱਡਾ ਹੋਇਆ, ਮੈਂ ਉਹਨਾਂ ਲੋਕਾਂ ਦੀ ਬਿਹਤਰੀ ਲਈ ਹੀ ਜੀਵਨ ਭਰ ਕੰਮ ਕਰਾਂਗਾ।

ਦਲਿਤਾਂ ਦੀ ਲੰਮੀ ਦੁਖ ਭਰੀ ਦਸਤਾਨ ਦਾ ਚਿੰਤਨ ਉਹਨਾਂ ਨੂੰ ਇਸ ਸਿੱਟੇ ਤੇ ਲੈ ਆਇਆ ਕਿ ਇਹ ਲੋਕ ਗੁਲਾਮੀ ਨੂੰ ਹੀ ਨਹੀਂ ਸਮਝ ਪਾ ਰਹੇ। ਉਹ ਕਹਿੰਦੇ ਸਨ ਗੁਲਾਮ ਨੂੰ ਉਸਦੀ ਗੁਲਾਮੀ ਦਾ ਅਹਿਸਾਸ ਕਰਵਾਉਣਾ ਜ਼ਰੂਰੀ ਹੈ, ਫਿਰ ਉਹ ਗੁਲਾਮੀ ਦੀਆਂ ਜੰਜ਼ੀਰਾਂ ਕੱਟਣ ਲਈ ਉਠ ਪਵੇਗਾ। ਅਤੇ ਗੁਲਾਮ ਦਲਿਤਾਂ ਵਿਚ ਬਾਬਾ ਸਾਹਿਬ ਨੇ ਉਹ ਅਹਿਸਾਸ ਪੈਦਾ ਕੀਤਾ, ਉਹ ਰੂਹ ਫੂਕੀ ਕਿ ਉਹ ਆਪਣੀ ਆਜ਼ਾਦੀ ਦੀ ਪ੍ਰਾਪਤੀ ਲਈ ਬਾਬਾ ਸਾਹਿਬ ਦੀ ਇਕ ਆਵਾਜ਼ ਤੇ ਉਮੜ ਪੈਂਦੇ। ਫਿਰ ਬਾਬਾ ਸਾਹਿਬ ਨੇ ਭਾਵੇਂ ਮਹਾੜ ਦਾ ਮੋਰਚਾ ਲਾਇਆ, ਭਾਵੇਂ ਮੰਦਰ ਪ੍ਰਵੇਸ਼ ਦਾ, ਭਾਵੇਂ ਗੋਲਮੇਜ਼ ਕਾਨਫਰੰਸ ਵਿਚ ਬਹਿਸ ਦਾ ਤੇ ਭਾਵੇਂ ਮਨੂੰ ਸਿਮਰਤੀ ਦਾ, ਭਾਵੇਂ ਗੋਲਮੇਜ਼ ਕਾਨਫਰੰਸ ਵਿਚ ਬਹਿਸ ਦਾ ਤੇ ਭਾਵੇਂ ਮਨੂੰ ਸਿਮ੍ਰਤੀ ਸਾੜਨ ਦਾ, ਦਲਿਤਾਂ ਨੇ ਵੱਧ ਚੜ੍ਹ ਕੇ ਸਾਥ ਦਿੱਤਾ। ਇਹ ਉਹਨਾਂ ਦਲਿਤਾਂ ਦਾ ਆਪਣੀ ਆਜ਼ਾਦੀ ਪ੍ਰਤੀ ਜਾਗਰਤੀ ਦਾ ਅਹਿਸਾਸ ਹੀ ਤਾਂ ਸੀ।

ਬਾਬਾ ਸਾਹਿਬ ਨੇ ਇਸ ਜਾਗ੍ਰਿਤੀ ਅਤੇ ਆਜ਼ਾਦੀ ਨੂੰ ਕਾਇਮ ਰੱਖਣ ਲਈ, ਦ੍ਰਿੜ੍ਹ ਕਰਨ ਲਈ ਸੰਵਿਧਾਨ ਤਿਆਰ ਕਰਨ ਲੱਗਿਆਂ ਉਹ ਸਾਰੇ ਅਧਿਕਾਰ ਜੋ ਉਹਨਾਂ ਤੋਂ ਖੋਹ ਕੇ ਉਨ੍ਹਾਂ ਨੂੰ ਗੁਲਾਮ ਬਣਾਇਆ ਗਿਆ ਸੀ, ਉਹਨਾਂ ਖੋਹੇ ਅਧਿਕਾਰਾਂ ਨੂੰ ਮੁਢਲੇ ਅਧਿਕਾਰਾਂ ਦੇ ਤੌਰ ਤੇ ਦਰਜ ਕੀਤਾ ਤੇ ਸੁਪਰੀਮ ਕੋਰਟ ਵੱਲੋਂ ਲਾਗੂ ਕਰਨ ਦੀ ਵਿਵਸਥਾ ਕੀਤੀ। ਜਦੋਂ ਬਾਬਾ ਸਾਹਿਬ ਨੂੰ ਸੰਵਿਧਾਨ ਤਿਆਰ ਕਰਨ ਉਪਰੰਤ ਇਹ ਪੁੱਛਿਆ ਗਿਆ ਸੀ ਕਿ ਸੰਵਿਧਾਨ ਦੀ ਸਭ ਤੋਂ ਮਹੱਤਵਪੂਰਨ ਧਾਰਾ ਕਿਹੜੀ ਹੈ ਤਾਂ ਉਹਨਾਂ ਨੇ ਕਿਹਾ ਧਾਰਾ 32 ਜੋ ਮੁਢਲੇ ਅਧਿਕਾਰਾਂ ਨੂੰ ਸੁਪਰੀਮ ਕੋਰਟ ਰਾਹੀਂ ਲਾਗੂ ਕੀਤੇ ਜਾਣ ਯੋਗ ਬਣਾਉਂਦੀ ਹੈ। ਉਹਨਾਂ ਇਕ ਸਮੇਂ ਕਿਹਾ ਸੀ "ਮੈਂ ਅਜਿਹਾ ਸੰਵਿਧਾਨ ਬਣਨ ਦੀ ਆਗਿਆ ਨਹੀਂ ਦੇ ਸਕਦਾ, ਜਿਸ ਵਿਚ ਮੈਂ ਆਜ਼ਾਦ ਨਾ ਹੋਵਾਂ, ਬਰਾਬਰ ਦਾ ਹਿੱਸੇਦਾਰ ਨਾ ਹੋਵਾਂ ਅਤੇ ਜਿਸਦਾ ਭਾਵ ਉਹਨਾਂ ਲਈ ਆਜ਼ਾਦੀ ਹੋਵੇ ਅਤੇ ਮੇਰੇ ਉਪਰ ਸ਼ਾਸਨ ਕਰਨਾ ਹੋਵੇ।"

ਬਾਬਾ ਸਾਹਿਬ ਦੇ ਸੰਘਰਸ਼ ਦਾ ਕੇਂਦਰੀ ਬਿੰਦੂ ਸਦੀਆਂ ਤੋਂ ਨਪੀੜੇ, ਲਤਾੜੇ, ਅਪਮਾਨਿਤ ਦਲਿਤਾਂ ਦੀ ਜਾਗ੍ਰਿਤੀ ਅਤੇ ਉਹਨਾਂ ਦੀ ਆਜ਼ਾਦੀ ਸੀ। ਉਹ ਰਾਜਨੀਤਿਕ ਲੋਕਤੰਤਰ ਦੀ ਪਹਿਲੀ ਸ਼ਰਤ ਹੀ ਵਿਅਕਤੀ ਦੀ ਆਜ਼ਾਦੀ ਮੰਨਦੇ ਸਨ। ਉਹਨਾਂ ਕਿਹਾ ਸਾਨੂੰ ਸਿਰਫ ਰਾਜਨੀਤਿਕ ਲੋਕਤੰਤਰ ਨਾਲ ਹੀ ਸੰਤੁਸ਼ਟ ਨਹੀਂ ਹੋ ਜਾਣਾ ਚਾਹੀਦਾ ਸਗੋਂ ਰਾਜਨੀਤਕ ਲੋਕਤੰਤਰ ਨੂੰ ਸਮਾਜਿਕ ਲੋਕਤੰਤਰ ਵਿਚ ਬਦਲਣਾ ਹੋਵੇਗਾ।ਜਿਸਦਾ ਭਾਵ ਹੈ ਉਹ ਜੀਵਨ ਸ਼ੈਲੀ ਜਿਸ ਵਿਚ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ ਹੋਵੇ। ਇਹਨਾਂ ਤਿੰਨਾਂ ਦਾ ਆਪਸ ਵਿਚ ਗੂੜ੍ਹਾ ਰਿਸ਼ਤਾ ਹੈ। ਇਹਨਾਂ ਦੀ ਹੋਂਦ ਤੋਂ ਬਿਨਾਂ ਆਦਰਸ਼ ਸਮਾਜ ਦੀ ਸਥਾਪਨਾ ਹੋ ਹੀ ਨਹੀਂ ਸਕਦੀ। ਉਹਨਾਂ ਵੱਲੋਂ ਦੱਸਿਆ ਸੁਤੰਤਰਤਾ ਦਾ ਸੰਕਲਪ ਤਿੰਨ ਸ਼ਰਤਾਂ ਦੀ ਮੰਗ ਕਰਦਾ ਹੈ:-

1. ਸਮਾਨਤਾ
2. ਆਰਥਿਕ ਸੁਰੱਖਿਆ ਦੀ ਵਿਵਸਥਾ
3. ਸਾਰਿਆਂ ਲਈ ਬਰਾਬਰ ਗਿਆਨ ਪ੍ਰਾਪਤੀ ਦੇ ਮੌਕੇ

ਬਾਬਾ ਸਾਹਿਬ ਨੇ ਦਲਿਤਾਂ ਦੀ ਜਾਗ੍ਰਿਤੀ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ, ਚਿਰਜੀਵੀ ਬਣਾਉਣ ਲਈ ਪੜ੍ਹੋ, ਸੰਘਰਸ਼ ਕਰੋ ਅਤੇ ਜੁੜੋ ਦਾ ਸ਼ਕਤੀਸ਼ਾਲੀ ਨਾਅਰਾ ਦਿੱਤਾ। ਉਹਨਾਂ ਨੇ ਦੁਨੀਆਂ ਭਰ ਦਾ ਰਾਜਨੀਤਿਕ, ਧਾਰਮਿਕ, ਸਮਾਜਿਕ ਸਾਹਿਤ ਦਾ ਚਿੰਤਨ ਕੀਤਾ ਤੇ ਦਲਿਤਾਂ ਲਈ ਜੋ ਕੁਝ ਚੁਕਵਾਂ ਸੀ ਉਹ ਛਪਿਆ ਜਾਂ ਅਣਛਪਿਆ ਪਿੱਛੇ ਛੱਡ ਗਏ। ਉਸਨੂੰ ਇੱਕਤਰ ਕਰਕੇ ਅੱਜ ਡੇਢ ਦਰਜਨ ਤੋਂ ਵੱਧ ਗ੍ਰੰਥ ਛਪ ਚੁੱਕੇ ਹਨ, ਜਿਹਨਾਂ ਵਿਚ ਦਲਿਤਾਂ ਦੀ ਭਲਾਈ, ਤਰੱਕੀ, ਆਜ਼ਾਦੀ, ਜਾਗ੍ਰਿਤੀ ਸਭੋ ਕੁਝ ਛਿਪਿਆ ਹੋਇਆ ਹੈ।

ਅੱਜ ਭਾਵੇਂ ਦਲਿਤ ਬਾਬਾ ਸਾਹਿਬ ਦੇ ਇਸ ਵਡਮੁੱਲੇ ਖਜ਼ਾਨੇ ਦਾ ਭਰਪੂਰ ਲਾਭ ਨਹੀਂ ਉਠਾ ਰਹੇ ਪਰ ਜਿੰਨਾ ਕੁ ਵੀ ਉਠਾ ਸਕੇ, ਉਸ ਕਰਕੇ ਅੱਜ ਉਹ ਕੁੱਤਿਆਂ-ਬਿੱਲਿਆਂ ਤੋਂ ਉਠ ਕੇ ਅੱਧੀ ਸਦੀ ਵਿਚ ਹੀ ਸਦੀਆਂ ਤੋਂ ਰਾਜ ਕਰਨ ਵਾਲਿਆਂ ਲਈ ਖਤਰਾ ਬਣੇ ਨਜ਼ਰ ਆਉਣ ਲੱਗੇ ਹਨ। ਵਿਸ਼ਵ ਭਰ ਵਿਚ ਆਪਣੀ ਪਛਾਣ ਬਣਾ ਲਈ ਹੈ। ਆਪਣੇ ਦੇਸ਼ ਦੀ ਸਭ ਤੋਂ ਵੱਡੀ ਤਾਕਤਵਰ ਕੁਰਸੀ 'ਤੇ ਨਜ਼ਰ ਰੱਖਣ ਯੋਗ ਹੋ ਗਏ ਹਨ। ਰੱਖਣ ਵੀ ਕਿਉਂ ਨਾ ਬਾਬਾ ਸਾਹਿਬ ਨੇ ਕਿਹਾ ਸੀ, "ਇਸ ਦੇਸ਼ ਵਿਚ ਦੋ ਕੌਮਾਂ ਹਨ। ਇਕ ਸੱਤਾਧਾਰੀ ਅਤੇ ਦੂਜੀ ਜਿਸਤੇ ਰਾਜ ਕੀਤਾ ਜਾਂਦਾ ਰਿਹਾ ਹੈ। ਹੁਣ ਹੋਰ ਸਹਿਣ ਨਹੀਂ ਕੀਤਾ ਜਾਵੇਗਾ ਕਿ ਹਮੇਸ਼ਾ ਵਾਸਤੇ ਰਾਜ ਕਰਨ ਦਾ ਠੇਕਾ ਕਿਸੇ ਇਕ ਵਰਗ ਕੋਲ ਹੀ ਰਹੇ। (ਵਾਲੀਅਮ 15-902) ਇਸ ਗੱਲ ਨੂੰ ਗੰਭੀਰਤਾ ਨਾਲ ਲੈ ਕੇ ਹੀ ਦਲਿਤਾਂ ਨੇ ਅੱਖ ਵੱਡੀ ਕੁਰਸੀ ਤੇ ਰੱਖੀ ਹੋਈ ਹੈ। ਇਹ ਬਾਬਾ ਸਾਹਿਬ ਦੀ ਹੀ ਚਿਣਗ ਪੈਦਾ ਕੀਤੀ ਹੋਈ ਹੈ। ਨਹੀਂ ਤਾਂ ਜਿਸ ਦਲਿਤ ਨੂੰ ਨਾ ਵੋਟ ਦਾ ਪਤਾ ਸੀ, ਨਾ ਇਸਦੀ ਤਾਕਤ ਦਾ ਅੱਜ ਉਹ ਬਾਬਾ ਸਾਹਿਬ ਦੀ ਘਾਲਣਾ ਕਾਰਨ ਉਸੇ ਵੋਟ ਦੇ ਜ਼ਰੀਏ ਸਦਾ ਤੋਂ ਸੱਤਾਧਾਰੀ ਵਰਗ ਨੂੰ ਮਾਤ ਦੇਣ ਲਈ ਤਿਆਰ ਹੋ ਗਿਆ ਹੈ।

ਬਾਬਾ ਸਾਹਿਬ ਦੀ ਘਾਲਣਾ, ਮਿਹਨਤ, ਵਿੱਦਿਆ, ਸੋਚ ਅਤੇ ਸਮਰਪਣ ਨੂੰ ਵੇਖਦਿਆਂ ਐਸ. ਨਾਗੱਪਾ ਨੇ ਆਖਿਆ ਸੀ ਕਿ "ਜੇ ਮੌਕਾ ਮਿਲੇ ਤਾਂ ਅਨੁਸੂਚਿਤ ਜਾਤੀ ਦੇ ਲੋਕ ਬੇਹੱਦ ਬੁਲੰਦੀਆਂ ਛੂਹ ਸਕਦੇ ਹਨ। ਇੰਨਾ ਹੀ ਨਹੀਂ ਸਗੋਂ ਉਹ ਹੋਰ ਕਿਸੇ ਨਾਲੋਂ ਬਿਹਤਰ ਵੀ ਸਾਬਤ ਹੋ ਸਕਦੇ ਹਨ।

(ਵਾਲੀਅਮ-12-1177)।

ਬਾਬਾ ਸਾਹਿਬ ਚਲੇ ਗਏ ਪਰ ਉਹਨਾਂ ਦੀ ਸਾਰੀ ਉਮਰ ਦੀ ਕਮਾਈ ਜੋ ਲਿਖਤੀ ਜਾਂ ਭਾਸ਼ਣ ਸਨ, ਅੱਜ ਸਾਡੇ ਕੋਲ ਮੌਜੂਦ ਹਨ, ਉਹਨਾਂ ਤੋਂ ਭਰਪੂਰ ਫਾਇਦਾ ਉਠਾਉਣਾ ਹਾਲੇ ਅਸੀਂ ਸਿੱਖਣਾ ਹੈ। ਕੋਈ ਸ਼ੱਕ ਨਹੀਂ ਬਾਬਾ ਸਾਹਿਬ ਦੀ ਮਿਹਨਤ ਸਦਕਾ ਅੱਜ ਦਲਿਤਾਂ ਵਿਚ ਜਿੱਥੇ ਜਾਗਰਿਤੀ ਦਾ ਅਹਿਸਾਸ ਨਜ਼ਰ ਆਉਂਦਾ ਹੈ, ਉਥੇ ਆਜ਼ਾਦੀ ਦੇ 67 ਸਾਲਾਂ ਬਾਅਦ ਵੀ ਅੱਧਿਉਂ ਵੱਧ ਆਬਾਦੀ ਮਸਾਂ ਹੀ ਇਕ ਡੰਗ ਦੀ ਰੋਟੀ ਨਾਲ ਸਾਰਦੀ ਹੈ, ਜਦੋਂ ਕਿ 75-80 ਲੱਖ ਟਨ ਅਨਾਜ ਹਰ ਸਾਲ ਸੰਭਾਲਣ ਖੁਣੋਂ ਖਰਾਬ ਕਰ ਦਿੰਦੇ ਹਾਂ। ਇਸ ਮਾਮਲੇ ਵਿਚ ਸੁਪਰੀਮ ਕੋਰਟ ਨੇ ਸਰਕਾਰ ਨੂੰ ਹੁਕਮ ਵੀ ਕੀਤਾ ਹੈ ਕਿ ਇਹ ਅਨਾਜ ਗਰੀਬਾਂ ਵਿਚ ਵੰਡ ਦਿੱਤਾ ਜਾਵੇ ਪਰ ਸਰਕਾਰ ਤੇ ਕੋਈ ਅਸਰ ਨਹੀਂ ਕਿਉਂਕਿ ਇਹ 'ਲੋਕਰਾਜੀ' ਸਰਕਾਰ ਗਰੀਬ ਪੱਖੀ ਨਹੀਂ ਹੈ। ਦੂਜੇ ਪਾਸੇ ਅੰਬਾਨੀ ਵਰਗੇ ਅਮੀਰ ਵੀ ਹਨ ਜੋ ਸਾਢੇ ਚਾਰ ਹਜ਼ਾਰ ਕਰੋੜ ਦਾ ਆਪਣਾ ਰਿਹਾਇਸ਼ੀ ਮਕਾਨ ਬਣਾਉਂਦੇ ਹਨ, ਜਿਸ ਦੀਆਂ 27 ਮੰਜ਼ਿਲਾਂ ਵਿਚੋਂ 7 ਮੰਜ਼ਿਲਾਂ ਵਿਚ 1600 ਕਾਰਾਂ ਦੀ ਪਾਰਕਿੰਗ ਹੈ। ਇਸ ਤੋਂ ਇਲਾਵਾ ਹੈਲੀਪੈਡ, ਸਵੀਮਿੰਗ ਪੂਲ, ਗੋਲਫ ਦੀਆਂ ਸਹੂਲਤਾਂ ਵੀ ਉਸੇ ਮਕਾਨ ਵਿਚ ਹਨ। ਮੁਕਾਬਲੇ ਵਿਚ ਅਜਿਹੇ ਕਰੋੜਾਂ ਗਰੀਬ ਦਲਿਤ ਵੀ ਹਨ ਜੋ 600 ਰੁਪਏ ਮਾਸਿਕ ਆਮਦਨ (ਸਰਕਾਰੀ ਅੰਕੜੇ) ਨਾਲ ਪਤਾ ਨਹੀਂ ਇਸ ਮਹਿੰਗਾਈ ਦੇ ਦੌਰ ਵਿਚ ਕਿਵੇਂ ਗੁਜ਼ਾਰਾ ਕਰਦੇ ਹੋਣਗੇ।

ਭਾਰਤ ਦਾ ਦੁਨੀਆਂ ਵਿਚ ਅਮੀਰ ਮੁਲਕਾਂ ਦੀ ਕਤਾਰ ਵਿਚ 128ਵਾਂ ਸਥਾਨ ਹੈ ਪਰ ਕਈ ਲੱਖ ਕਰੋੜਾਂ ਰੁਪਿਆ ਫਜ਼ੂਲ ਵਿਚ ਖਰਚ ਕੇ ਅਨੇਕਾਂ ਸਕੈਂਡਲ ਪੈਦਾ ਕਰਕੇ ਗਰੀਬਾਂ ਨਾਲ ਕੋਝਾ ਮਜ਼ਾਕ ਕੀਤਾ ਜਾਂਦਾ ਹੈ। ਗਰੀਬ ਵਿਦਿਆਰਥੀਆਂ ਦੇ ਵਜ਼ੀਫੇ ਤੱਕ ਦੇ ਪੈਸੇ ਵੀ ਇਸ ਵਿਖਾਵੇ ਦੀ ਭੇਂਟ ਚੜ੍ਹ ਜਾਂਦੇ ਹਨ। ਸਮਾਜਿਕ ਸਥਿਤੀ ਦਾ ਇਹ ਹਾਲ ਹੈ ਕਿ ਮਨੁੱਖਾਂ ਦੀਆਂ ਜਾਤਾਂ ਤਾਂ ਸਦੀਆਂ ਤੋਂ ਚਲੀਆਂ ਆ ਰਹੀਆਂ ਹਨ, ਜਿਹਨਾਂ ਰਾਹੀਂ ਦਲਿਤਾਂ ਨੂੰ ਲੁੱਟਿਆ-ਖਸੁੱਟਿਆ ਗਿਆ ਪਰ ਇਹ ਘਟਣ ਦੀ ਬਜਾਏ ਹੁਣ ਇੱਥੇ ਤੱਕ ਪਹੁੰਚ ਗਈ ਹੈ ਕਿ ਉਚ ਜਾਤੀ ਦੇ ਕੁੱਤੇ ਨੂੰ ਦਲਿਤ ਦੀ ਰੋਟੀ ਖੁਆਉਣ ਨਾਲ ਕੁੱਤਾ ਵੀ ਭਿੱਟਿਆ ਗਿਆ (ਅਖਬਾਰੀ ਖਬਰਾਂ) ਤੇ ਰੋਟੀ ਖੁਆਉਣ ਵਾਲੇ ਨੂੰ ਭਾਰੀ ਜੁਰਮਾਨਾ ਪੰਚਾਇਤਾ ਵੱਲੋਂ ਲਗਾਇਆ ਗਿਆ।

ਬਾਬਾ ਸਾਹਿਬ ਦੀ ਦੇਣ ਕਾਰਨ ਦਲਿਤਾਂ ਨੂੰ ਨੌਕਰੀਆਂ ਵਿਚ ਰਾਖਵੇਂਕਰਨ ਕਰਕੇ 16 ਫੀਸਦੀ ਹਿੱਸਾ ਜਿਵੇਂ-ਕਿਵੇਂ ਮਿਲ ਰਿਹਾ ਸੀ, ਭਾਵੇਂ ਇਹ ਨਿਰਧਾਰਿਤ ਕੋਟੇ ਤੋਂ ਬਹੁਤ ਘੱਟ ਹੈ ਪਰ ਹੁਣ ਸਰਕਾਰੀ ਨੌਕਰੀਆਂ ਦਾ ਭੋਗ ਪਾ ਦਿੱਤਾ ਗਿਆ ਹੈ ਤੇ ਪ੍ਰਾਈਵੇਟ ਵਿਚ ਰਾਖਵਾਂਕਰਨ ਨਹੀਂ ਦਿੱਤਾ ਜਾ ਰਿਹਾ। ਵਪਾਰ ਵਿਚ ਤਾਂ ਪਹਿਲਾਂ ਹੀ ਮਸਾਂ 10 ਫੀਸਦੀ ਅਤੇ ਜ਼ਮੀਨ ਵਿਚ ਮਸਾਂ 7 ਫੀਸਦੀ ਹਿੱਸਾ ਹੈ। ਸਾਡਾ ਹਾਲੇ ਟੀ. ਵੀ. ਚੈਨਲ ਤਾਂ ਕੀ ਕੋਈ ਵੱਡਾ ਅਖਬਾਰ ਵੀ ਨਹੀਂ ਹੈ। ਜੋ ਮਾੜੇ ਮੋਟੇ ਹਨ, ਉਹਨਾਂ ਦਾ ਵੀ ਆਈ. ਪੀ. ਸੀ. ਟੀ. ਧਾਰਾ 153-ਏ, 295 ਏ ਅਤੇ ਸੀ ਆਰ ਪੀ ਸੀ ਦੀ 438 ਵਿਚ ਸੰਸ਼ੋਧਨ ਕਰਕੇ ਕਿਸੇ ਵੇਲੇ ਵੀ ਗਲਾ ਘੁੱਟਣ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ, ਜਿਸ ਕਰਕੇ ਹੁਣ ਅਸੀਂ ਆਪਣੇ ਬਜ਼ੁਰਗਾਂ ਨਾਲ ਜਾਂ ਸਾਡੇ ਆਪਣੇ ਨਾਲ ਭਾਵਿਆਂ ਵੱਲੋਂ ਕੀਤੀਆਂ ਜ਼ਿਆਦਤੀਆਂ ਦਾ ਜ਼ਿਕਰ ਵੀ ਸੋਚ ਸਮਝ ਕੇ ਕਰ ਸਕਾਂਗੇ। ਪਿੱਛੇ ਜਿਹੇ ਹਿਮਾਚਲ ਸਰਕਾਰ ਵੱਲੋਂ ਦਲਿਤ 18 ਲੇਖਕਾਂ 'ਤੇ ਕੇਸ ਬਣਾ ਦਿੱਤੇ ਗਏ ਸਨ, ਜਿਹਨਾਂ ਵਿਚ ਡਾ. ਅੰਬੇਦਕਰ ਵੀ ਸ਼ਾਮਲ ਸਨ।

ਬਾਬਾ ਸਾਹਿਬ ਨੇ ਵਿੱਦਿਆ ਤੇ ਜ਼ੋਰ ਦਿੱਤਾ ਸੀ ਤਾਂ ਜੋ ਦਲਿਤ ਪੜ੍ਹ-ਲਿਖ ਕੇ ਜਾਗਰਿਤ ਹੋਣਗੇ ਪਰ ਸਰਕਾਰ ਨੇ ਵਿੱਦਿਆ ਵਿਚ ਵੰਡੀਆਂ ਪਾ ਕੇ ਅਮੀਰਾਂ ਲਈ ਪਬਲਿਕ ਸਕੂਲ, ਕਾਨਵੈਂਟ ਸਕੂਲ ਆਦਿ ਦੀ ਵਧੀਆ ਅਤੇ ਮਹਿੰਗੀ ਵਿੱਦਿਆ ਅਲੱਗ ਕਰ ਦਿੱਤੀ ਕਿਉਂਕਿ ਗਰੀਬ ਦਲਿਤ ਤਾਂ ਇਸ ਪਾਸੇ ਕੋਈ ਵਿਰਲਾ ਹੀ ਸੋਚ ਸਕੇਗਾ। ਦਲਿਤਾਂ ਲਈ ਸਰਕਾਰੀ ਸਕੂਲ ਹੀ ਰਹਿ ਗਏ, ਜਿਹਨਾਂ ਵਿਚ ਸਹੂਲਤਾਂ ਹੀ ਨਹੀਂ ਹਨ। ਇਹ ਟਾਈ ਬੈਲਟ ਬਨਾਮ ਗੱਟਾ, ਤੱਪੜ, ਸਕੂਲਾਂ ਦਾ ਮੁਕਾਬਲਾ ਹੈ, ਜੋ ਮੁੱਢ ਵਿਚ ਹੀ ਪਾੜਾ ਪਾ ਦਿੱਤਾ ਗਿਆ। ਸਰਬ ਸਿੱਖਿਆ ਅਭਿਆਨ ਰਾਹੀਂ 6 ਤੋਂ 14 ਸਾਲ ਤੱਕ ਮੁਫਤ ਵਿੱਦਿਆ ਲਾਜ਼ਮੀ ਕੀਤੀ ਸੀ ਪਰ ਇਸਦੇ ਪੈਸੇ ਨਾਲ ਕਰੋੜਾਂ ਰੁਪਏ ਦੇ ਟੀ. ਵੀ., ਫਰਿਜ, ਸੋਫੇ ਅਤੇ ਏ. ਸੀ. ਆਦਿ ਖਰੀਦੇ ਗਏ ਜੋ ਉਚ ਅਧਿਕਾਰੀਆਂ ਦੇ ਕੰਮ ਆਏ। ਸੀ. ਏ. ਜੀ ਦੀ ਇਕ ਰਿਪੋਰਟ ਅਨੁਸਾਰ 1.75 ਲੱਖ ਬੱਚੇ ਹਾਲੇ ਵੀ ਇਸ ਸਕੀਮ ਤੋਂ ਬਾਹਰ ਹਨ। ਭਾਰਤ ਦੇ 1,91,000 ਪਿੰਡਾਂ ਵਿਚ ਸਕੂਲ ਹੀ ਹੈ ਨਹੀਂ

(ਬਾਕੀ ਸਫਾ 9 ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਆਦਿਵਾਸੀ ਹੋਣ ਦੀ ਸਜ਼ਾ

# ਪੀ. ਜੀ. ਟਾਪਰ ਨੂੰ ਏਮਜ਼ ਵਿਚ ਮਿਲਿਆ ਤ੍ਰਿਸਕਾਰ

ਨਵੀਂ ਦਿੱਲੀ-ਭਾਰਤ ਦੀਆਂ ਅਹਿਮ ਸੰਸਥਾਵਾਂ ਵਿਚ ਕਮਜ਼ੋਰ ਮਾਨਸਿਕਤਾ ਵਾਲੇ ਦਰੋਣਾਚਾਰੀਆਂ ਦੀ ਕਮੀ ਨਹੀਂ ਹੈ ਜੋ ਪ੍ਰਤਿਭਾਸ਼ਾਲੀ ਆਦਿਵਾਸੀ ਵਿਦਿਆਰਥੀਆਂ ਦੇ ਅੰਗੂਠੇ ਕੱਟ ਕੇ ਉਹਨਾਂ ਦੀ ਪ੍ਰਤਿਭਾ ਖੋਹਣ ਦੇ ਮੌਕੇ ਦੀ ਭਾਲ ਵਿਚ ਰਹਿੰਦੇ ਹਨ। ਇਸਦੀ ਤਾਜ਼ਾ ਉਦਾਹਰਣ ਦੇਸ਼ ਦੇ ਸਭ ਤੋਂ ਵੱਡੇ ਮੈਡੀਕਲ ਸੰਸਥਾਨ ਸਰਵ ਭਾਰਤੀ ਮੈਡੀਕਲ ਸੰਸਥਾ (ਏਮਜ਼) ਵਿਚ ਉ-ੜੀਸਾ ਦੇ ਸੁੰਦਰਗੜ੍ਹ ਦੀ ਪ੍ਰਤਿਭਾਸ਼ਾਲੀ ਆਦਿਵਾਸੀ ਡਾਕਟਰ ਦੇ ਨਾਲ ਦੁਹਰਾਇਆ ਗਿਆ।



ਆਪਣੇ ਬੈਚ ਵਿਚ ਟਾਪਰ ਰਹੀ ਡਾਕਟਰ ਮੀਰਾ ਏਕਾ ਨੂੰ ਅਸਿਸਟੈਂਟ ਪ੍ਰੋਫੈਸਰ ਦੀ ਪੋਸਟ ਦੇ ਲਈ ਏਮਜ਼ ਨੇ ਅਣਫਿੱਟ ਕਰਾਰ ਦਿੱਤਾ। ਇੰਟਰਵਿਊ ਵਿਚ ਡਾਕਟਰ ਨੂੰ 'ਨਾਨ ਫਿੱਟ ਫਾਰ ਦਾ ਪੋਸਟ' ਕਹਿ ਕੇ ਨਕਾਰ ਦਿੱਤਾ ਗਿਆ। ਅਣਫਿੱਟ ਹੋਣ ਤੋਂ ਬਾਅਦ ਡਾਕਟਰ ਮੀਰਾ ਏਕਾ ਨੇ ਏਮਜ਼ ਦੇ ਡਾਇਰੈਕਟਰ ਡਾ. ਐਮ. ਸੀ. ਮਿਸ਼ਰਾ ਅਤੇ ਸਿਹਤ ਮੰਤਰੀ ਡਾ. ਹਰਸ਼ਵਰਧਨ ਨੂੰ ਚਿੱਠੀ ਲਿਖ ਕੇ ਨਿਆਂ ਦੀ ਮੰਗ ਕੀਤੀ ਹੈ। ਡਾਕਟਰ ਏਕਾ ਅੱਨਿਆ ਪੂਰਨ ਅਣਫਿੱਟ ਐਲਾਨ ਕੀਤੇ ਜਾਣ ਤੋਂ ਦੁੱਖੀ ਹਨ। ਉਹ ਫਿਲਹਾਲ ਏਮਜ਼ ਐਮਰਜੈਂਸੀ ਮੈਡੀਸਿਨ ਭਿਾਗ ਵਿਚ ਟੈਂਪਰੇਰੀ ਅਸਿਸਟੈਂਟ ਪ੍ਰੋਫੈਸਰ ਦੇ ਅਹੁਦੇ ਤੇ ਕੰਮ ਕਰ ਰਹੇ ਹਨ। ਸਾਲ 2004 ਵਿਚ ਏਮਜ਼ ਦੁਆਰਾ ਆਯੋਜਿਤ ਪੋਸਟ ਗ੍ਰੈਜੂਏਟ ਮੁਕਾਬਲਾ ਪ੍ਰੀਖਿਆ ਵਿਚ ਉਹ ਐਸ ਟੀ ਕੈਟੇਗਰੀ ਵਿਚ ਟਾਪਰ ਸੀ ਅਤੇ ਐਮ. ਡੀ. ਜਨਰਲ ਮੈਡੀਸਿਨ ਕੋਰਸ ਦੇ ਲਈ ਉਸਦੀ ਸਿਲੈਕਸ਼ਨ ਹੋਈ।

ਇਹੀ ਨਹੀਂ, ਉੜੀਸਾ ਸਰਕਾਰ ਦੁਆਰਾ ਆਯੋਜਿਤ ਪੀ. ਜੀ. ਮੁਕਾਬਲਾ ਪ੍ਰੀਖਿਆ ਵਿਚ ਵੀ ਡਾ. ਏਕਾ ਟਾਪਰ ਰਹੀ। ਐਮ. ਡੀ. ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹਨਾਂ ਨੇ ਏਮਜ਼ ਐਮਰਜੈਂਸੀ ਮੈਡੀਸਿਨ ਵਿਭਾਗ ਵਿਚ ਤਿੰਨ ਸਾਲ ਬਤੌਰ ਸੀਨੀਅਰ ਰੈਜ਼ੀਡੈਂਟ ਦੇ ਰੂਪ ਵਿਚ ਕੰਮ ਕੀਤਾ। ਉਹਨਾਂ ਦੇ 15 ਰਿਸਰਚ ਪੇਪਰ ਨੈਸ਼ਨਲ ਅਤੇ ਇੰਟਰਨੈਸ਼ਨ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਵਿਚਾਰਨਯੋਗ ਮੁੱਦਾ ਇਹ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੇ ਸਭ ਤੋਂ ਵੱਡੇ ਮੈਡੀਕਲ ਸੰਸਥਾਨ ਵਿਚ ਆਦਿਵਾਸੀਆਂ ਦੇ ਨਾਲ ਇਸ ਕਿਸਮ ਦਾ ਅੱਨਿਆਪੂਰਨ ਵਤੀਰਾ ਹੁੰਦਾ ਹੈ ਤਾਂ ਭਲਾਂ ਦੂਰ-ਦੁਰਾਡੇ ਪਿੰਡਾਂ ਵਿਚ ਜਾਂ ਜੰਗਲਾਂ ਵਿਚ ਵੱਸੇ ਆਦਿਵਾਸੀਆਂ ਦੇ ਅਧਿਕਾਰਾਂ ਨਾਲ ਕਿਵੇਂ ਖਿਲਵਾੜ ਹੁੰਦਾ ਹੋਵੇਗਾ। ਇਹ ਮਾਮਲਾ ਹੋਰ ਵੀ ਚਿੰਤਾਜਨਕ ਹੈ ਕਿਉਂਕਿ ਆਦਿਵਾਸੀ ਮਾਮਲਿਆਂ ਦੇ ਕੇਂਦਰੀ ਮੰਤਰੀ ਜੁਏਲ ਉਰਾਂਵ ਵੀ ਪੀੜਤ ਡਾਕਟਰ ਦੇ ਗ੍ਰਹਿ ਜ਼ਿਲ੍ਹੇ ਸੁੰਦਰਗੜ੍ਹ, ਓੜੀਸਾ ਤੋਂ ਹੀ ਸਾਂਸਦ ਚੁਣੇ ਗਏ ਹਨ। ਇਸ ਅੱਨਿਆ ਦੀ ਸੂਚਨਾ ਮਿਲਣ ਤੇ ਉਹਨਾਂ ਨੇ ਵੀ ਇਯ ਬਾਰੇ ਨਿਆਂ ਦੇ ਲਈ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਨੂੰ ਪੱਤਰ ਲਿਖ ਕੇ ਦਖਲਅੰਦਾਜ਼ੀ ਕਰਨ ਅਤੇ ਨਿਆਂ ਦਿਵਾਉਣ ਦੀ ਮੰਗ ਕੀਤੀ ਹੈ। ਰਿਜ਼ਰਵੇਸ਼ਨ ਦੀ ਵਿਰੋਧਤਾ ਦੇ ਮਾਮਲੇ ਵਿਚ ਏਮਜ਼ ਦੇ ਲਈ ਇਹ ਕੋਈ ਨਵੀਂ ਘਟਨਾ ਨਹੀਂ ਹੈ। ਮਾਰਚ-ਮਈ ਦੌਰਾਨ ਸੰਸਥਾ ਦੇ 140 ਵਿਭਾਗੀ ਅਹੁਦਿਆਂ ਦੇ ਲਈ ਇੰਟਰਵਿਊ ਲਈ ਗਈ। ਜਿਹਨਾਂ ਵਿਚ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਅਤੇ ਪੱਛੜੇ ਵਰਗਾਂ ਦੇ ਲਈ ਰਿਜ਼ਰਵ 25 ਅਹੁਦਿਆਂ ਤੇ ਕੋਈ ਨਿਯੁਕਤੀ ਨਹੀਂ ਹੋਈ, ਜਿਸ ਦੇ ਲਈ ਕਾਰਨ ਇਹ ਦੱਸਿਆ ਗਿਆ ਕਿ ਇਹਨਾਂ ਰਿਜ਼ਰਵ ਅਹੁਦਿਆਂ ਦੇ ਲਈ ਕੋਈ ਸੁਯੋਗ ਉਮੀਦਵਾਰ ਉਪਲਬਧ ਨਹੀਂ ਸੀ।

# ਜਸਟਿਸ ਕਾਟਜੂ ਨੇ ਖਾਰਜ ਕੀਤੇ ਜਸਟਿਸ ਦਵੇ ਦਾ ਦਾਅਵਾ


ਨਵੀਂ ਦਿੱਲੀ- ਭਾਰਤੀ ਪ੍ਰੈਸ ਪਰਿਸ਼ਦ ਦੇ ਚੇਅਰਮੈਨ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਮਾਰਕੰਡੇ ਕਾਟਜੂ ਨੇ ਹਾਲ ਹੀ ਵਿਚ ਦਿੱਤੇ ਸੁਪਰੀਮ ਕੋਰਟ ਦੇ ਜੱਸ ਜਸਟਿਨ ਦਵੇ ਦੇ ਇਸ ਬਿਆਨ ਕਿ ਗੀਤਾ ਅਤੇ ਮਹਾਂਭਾਰਤ ਨੂੰ ਸਕੂਲਾਂ ਵਿਚ ਲਾਜ਼ਮੀ ਕਰ ਦਿੱਤਾ ਜਾਣਾ ਚਾਹੀਦਾ ਹੈ, ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਜਸਟਿਸ ਕਾਟਜੂ ਨੇ ਕਿਹਾ ਕਿ ਮੈਂ ਜਸਟਿਸ ਦਵੇ ਦੀ ਮੰਗ ਨਾਲ ਪੂਰਨ ਅਸਹਿਮਤ ਹਾਂ। ਉਹਨਾਂ ਕਿਹਾ ਕਿ ਇੰਨੀ ਵਿਭਿੰਨਤਾ ਵਾਲੇ ਦੇਸ਼ ਵਿਚ ਇਸ ਕਿਸਮ ਦਾ ਕੋਈ ਵੀ ਥੋਪਿਆ ਨਹੀਂ ਜਾਣਾ ਚਾਹੀਦਾ, ਇਹ ਸਾਡੇ ਸੰਵਿਧਾਨ ਅਤੇ ਮੁਲਕ ਦੇ ਧਰਮ ਨਿਰਪੱਖ ਚਰਿੱਤਰ ਦੇ ਖਿਲਾਫ ਹੈ।

ਪ੍ਰੈਸ ਪਰਿਸ਼ਦ ਪ੍ਰਧਾਨ ਨੇ ਸਵਾਲ ਕੀਤਾ ਕਿ ਮੁਸਲਿਮ ਅਤੇ ਇਸਾਈ ਆਪਣੇ ਬੱਚਿਆਂ ਨੂੰ ਇਹ ਪੁਸਤਕਾਂ ਨਹੀਂ ਪੜ੍ਹਾਉਣਾ ਚਾਹੁੰਦੇ ਇਸ ਕਰਕੇ ਉਹਨਾਂ ਨੂੰ ਪੜ੍ਹਨ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਉਹਨਾਂ ਕਿਹਾ ਕਿ ਕੁਝ ਲੋਕ ਕਹਿੰਦੇ ਹਨ ਕਿ ਸਿਰਫ ਗੀਤਾ ਨੈਤਿਕ ਸਿੱਖਿਆ ਦਿੰਦੀ ਹੈ ਪਰ ਇਹ ਗੱਲ ਮੁਸਲਮਾਨ ਕਹਿ ਸਕਦੇ ਹਨ ਕਿ ਕੇਵਲ ਕੁਰਾਨ ਹੀ ਨੈਤਿਕ ਸਿੱਖਿਆ ਦਾ ਪਾਠ ਪੜ੍ਹਾਉਂਦੀ ਹੈ, ਇਸਾਈ ਕਹਿ ਸਕਦੇ ਹਨ ਕਿ ਕੇਵਲ ਬਾਈਬਲ ਹੀ ਨੈਤਿਕ ਸਿੱਖਿਆ ਦਾ ਪਾਠ ਪੜ੍ਹਾਉਂਦੀ ਹੈ।

ਸਿੱਖ ਕਹਿ ਸਕਦੇ ਹਨ ਕਿ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਨੈਤਿਕ ਸਿੱਖਿਆ ਦਾ ਪਾਠ ਪੜ੍ਹਾਉਂਦਾ ਹੈ, ਪਾਰਸੀ ਕਹਿ ਸਕਦੇ ਹਨ ਕਿ ਕੇਵਲ ਜੈਨ ਅਵੇਸਟਾ ਹੀ ਨੈਤਿਕ ਸਿੱਖਿਆ ਦਾ ਪਾਠ ਪੜ੍ਹਾਉਂਦੀ ਹੈ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦੀ ਮਜਬੂਰੀ ਜਾਂ ਥੋਪਿਆ ਹੋਇਆ ਨਿਯਮ ਸਾਡੇ ਮੁਲਕ ਦੇ ਏਕਤਾ ਦੇ ਲਈ ਬਹੁਤ ਘਾਤਕ ਹੈ।

# ਨੇਤਾ ਜੀ-ਅਟਲ ਨੂੰ ਭਾਰਤ ਰਤਨ- ਕਾਂਸ਼ੀ ਰਾਮ ਸਮੇਤ ਹੋਰਾਂ ਨੂੰ ਵੀ ਦਿੱਤਾ ਜਾਵੇ ਸਨਮਾਨ

ਨਵੀਂ ਦਿੱਲੀ- ਭਾਜਪਾ ਦੇ ਟੌਪ ਪੁਰਸ਼ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਦੇਸ਼ ਦਾ ਸੁਪਰੀਮ ਨਾਗਰਿਕ ਸਨਮਾਨ ਭਾਰਤ ਰਤਨ ਪ੍ਰਦਾਨ ਕੀਤਾ ਜਾ ਸਕਦਾ ਹੈ। ਉਹਨਾਂ ਨੂੰ ਆਜ਼ਾਦੀ ਸੰਗਰਾਮ ਦੇ ਨਾਇਕ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਾਲ ਇਸ ਸਨਮਾਨ ਨਾਲ ਨਿਵਾਜੇ ਜਾਣ ਦੀ ਚਰਚਾ ਤੇਜ਼ ਹੈ। ਬਹੁਤ ਸੰਭਵ ਹੈ ਕਿ 15 ਅਗਸਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਲ ਕਿਲੇ ਤੋਂ ਆਪਣੇ ਆਜ਼ਾਦੀ ਦਿਵਸ ਸੰਬੋਧਨ ਦੌਰਾਨ ਐਲਾਨ ਕਰ ਦੇਣ। ਗ੍ਰਹਿ ਮੰਤਰਾਲੇ ਦੁਆਰਾ ਸਰਕਾਰੀ ਟਕਸਾਲ ਨੂੰ ਭਾਰਤ ਰਤਨ ਦੇ ਪੰਜ ਮੈਡਲ ਤਿਆਰ ਕਰਨ ਦੇ ਨਿਰਦੇਸ਼ ਕਾਰਨ ਨੇਤਾ ਜੀ ਦੇ ਨਲ ਵਾਜਪਾਈ ਨੂੰ ਵੀ ਸਿਖਰ ਦਾ ਸਨਮਾਨ ਪ੍ਰਦਾਨ ਕਰਨ ਸਬੰਧੀ ਚਰਚਾ ਵਿਚ ਤੇਜ਼ੀ ਆਈ ਹੈ।





ਇੱਧਰ ਆਜ਼ਾਦੀ ਸੰਗਰਾਮ ਦੇ ਨਾਇਕ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ 'ਭਾਰਤ ਰਤਨ' ਦਿੱਤੇ ਜਾਣ ਦੀਆਂ ਖਬਰਾਂ ਵਿਚਕਾਰ ਉਹਨਾਂ ਦੇ ਪਰਿਵਾਰ ਵਾਲਿਆਂ ਨੇ ਇਸਨੂੰ ਸਵੀਕਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਸਭ ਤੋਂ ਪਹਿਲਾਂ ਨੇਤਾ ਜੀ ਦੇ ਗਾਇਬ ਹੋਣ ਦਾ ਭੇਦ ਸੁਲਝਾਇਆ ਜਾਵੇ।

ਇੱਧਰ ਕਾਂਗਰਸ ਨੇ ਬਸਪਾ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ ਸਮੇਤ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਸੰਸਥਾਪਕ ਸਰ ਸਈਅਦ ਅਹਿਮਦ ਖਾਨਨੂੰ ਵੀ ਇਹ ਸਨਮਾਨ ਦੇਣ ਦੀ ਬੇਨਤੀ ਕੀਤੀ ਹੈ। ਪਾਰਟੀ ਨੇ ਇਸ ਸਨਮਾਨ ਦੇ ਲਈ ਰਾਸ ਬਿਹਾਰੀ ਬੋਸ, ਜਨਰਲ ਮੋਹਨ ਸਿੰਘ, ਐਨੀ ਬੇਸੈਂਟ, ਸਰ ਏਓ ਹਿਊਮ ਅਤੇ ਗੋਪਾਲ ਕ੍ਰਿਸ਼ਨ ਗੋਖਲੇ ਦਾ ਨਾਂ ਵੀ ਲਿਆ ਹੈ, ਜਦਕਿ ਸਪਾ ਨੇਤਾ ਨਰੇਸ਼ ਅਗਰਵਾਲ ਨੇ ਸਮਾਜਵਾਦੀ ਚਿੰਤਕ ਡਾ. ਰਾਮ ਮਨੋਹਰ ਲੋਹੀਆ ਨੂੰ ਭਾਰਤ ਰਤਨ ਦੇਣ ਦੀ ਮੰਗ ਕੀਤੀ ਹੈ।

ਇਸੇ ਤਰ੍ਹਾਂ ਉਲੰਪੀਅਨ ਅਸ਼ੋਕ ਕੁਮਾਰ ਨੇ ਆਪਣੇ ਪਿਤਾ ਅਤੇ ਹਾਕੀ ਦੇ ਜਾਦੂਗਰ ਧਿਆਨ ਚੰਦ ਨੂੰ ਸਨਮਾਨ ਦੇਣ ਦੀ ਮੰਗ ਕੀਤੀ ਹੈ।

# ਭਾਰਤ ਦੀ ਕ੍ਰਾਂਤੀਕਾਰੀ ਫੂਲਨ ਦੇਵੀ ਸੰਸਾਰ ਦੀ ਚੌਥੀ ਔਰਤ

ਭਾਰਤ ਵਿਚ ਆਜ਼ਾਦੀ, ਸਮਾਨਤਾ, ਪ੍ਰੇਮ, ਦਿਆ, ਦਿਆਲੂਤਾ, ਭਾਈਚਾਰਾ, ਵਿਗਿਆਨਕ ਦ੍ਰਿਸ਼ਟੀਕੋਣ ਹੈ।

ਇਸਦੇ ਉਲਟ ਹਿੰਦੁਸਤਾਨ ਹੈ? ਜਿੱਥੇ ਜਾਤੀ ਪ੍ਰਥਾ, ਵਰਣ ਵਿਵਸਥਾ, ਊਚ ਨੀਚ, ਆਪਸੀ ਨਫਰਤ, ਦਵੈਸ਼ ਆਦਿ ਤੋਂ ਪੀੜਤ ਹਿੰਦੁਸਤਾਨ ਹੈ। ਵਿਸ਼ਵ ਦੀ ਹੁਣ ਤੱਕ ਦੀਆਂ ਮਹਾਨ 16 ਕ੍ਰਾਂਤੀਕਾਰੀ ਔਰਤਾਂ ਦੀ ਸੂਚੀ ਵਿਚ, ਭਾਰਤ ਦੀ ਬੈਂਡਿਟ ਕੁਈਨ 'ਫੂਲਨ ਦੇਵੀ' ਨੂੰ ਚੌਥੇ ਸਥਾਨ ਤੇ ਜਗ੍ਹਾ ਮਿਲੀ ਹੈ। ਇਹਨਾਂ 16 ਔਰਤਾਂ ਬਾਰੇ ਭਾਰਤ ਨੂੰ ਛੱਡ ਕੇ ਪੂਰੇ ਵਿਸ਼ਵ ਵਿਚ ਚਰਚਾ ਹੋ ਰਹੀ ਹੈ।

ਕਿਉਂਕਿ ਭਾਰਤ ਦੇ ਸਵਰਣ ਮੀਡੀਆ ਨੂੰ ਫੂਲਨ ਦੇਵੀ ਪਸੰਦ ਨਹੀਂ ਹੈ। ਜਿਸ ਖਬਰ ਤੇ ਹਰ ਭਾਰਤੀ ਨੂੰ ਮਾਣ ਹੋਣਾ ਚਾਹੀਦਾ ਸੀ, ਉਸਨੂੰ ਜਾਤੀਵਾਦੀ ਮਾਨਸਿਕਤਾ ਦੇ ਕਾਰਨ ਜਾਣ-ਬੁੱਝ ਕੇ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਜੇਕਰ ਅਛੂਤ ਫੂਲਨ ਦੀ ਜਗ੍ਹਾ ਕੋਈ ਸਵਰਣ ਔਰਤ ਹੁੰਦੀ ਤਾਂ ਕੀ ਮੀਡੀਆ ਦਾ ਦ੍ਰਿਸ਼ਟੀਕੋਣ ਇਹੀ ਹੁੰਦਾ। ਪੂਰੀ ਦੁਨੀਆ ਫੂਲਨ ਦੇਵੀ ਨੂੰ ਜਾਨ ਆਫ ਆਰਕ ਅਤੇ ਆਂਗ ਸਾਨ ਸੂ ਦੀ ਲਿਸਟ ਵਿਚ ਰੱਖ ਕੇ ਸਲਾਮ ਕਰਦੇ ਹਨ। ਦੇਖੋ ਸੰਸਾਰ ਦੀ ਸਭ ਤੋਂ ਵੱਡੀ ਮੈਗਜ਼ੀਨ 'ਟਾਈਮ' ਦੀ ਇਸ ਲਿਸਟ:



ਤਵਾਕੁਲ ਕਰਮਨ (ਯਮਨ)
ਆਂਗ ਸਾਨ ਸੂ ਕੀ (ਬਰਮਾ)
ਕੋਰਾਜੋਨ ਅਕੂਇਨੋ (ਫਿਲੀਪੀਨਜ਼)
ਫੂਲਨ ਦੇਵੀ (ਇੰਡੀਆ)
ਗੋਲਡਾ ਮੀਰ (ਇਜ਼ਰਾਈਲ)
ਅੰਜੇਲਾ ਡੇਵਿਸ (ਯੂ. ਐਸ.)
ਵਿਲਮਾ ਲੁਸਿਲਾ ਐਸਪਿਨ (ਕਿਊਬਾ)
ਜਿਆਂਗ ਕਿੰਗ (ਚਾਈਨਾ)
ਨਾਦੇਜਹਦਾ ਕ੍ਰਿਪਸਕਾਇਆ (ਰੂਸ)
ਸੂਸਾਨ ਬੀ. ਐਂਥਨੀ (ਯੂ. ਐਸ.)
ਅਮੈਲਿਨ ਪਨਖੁਰਸਤ (ਬ੍ਰਿਟੇਨ)
ਹੈਰੀਏਟ ਟਬਮੇਨ (ਯੂ. ਐਸ)
ਮੈਰੀ ਵੋਲਸਟੋਨੇਕ੍ਰਾਫਟ (ਬ੍ਰਿਟੇਨ)
ਜਾਨ ਆਫ ਆਰਕ (ਫਰਾਂਸ)
ਬੋਊਦਿਕਾ (ਬ੍ਰਿਟੇਨ)
ਮਿਸਿਜ ਜਗਨ (ਸ਼ਿਕਾਗੋ,ਇਲੀਨੋਇਸ)

**- ਡਾ. ਇੰਦੂ ਚੌਧਰੀ**

# ਨਿਆਂਪਾਲਿਕਾ ਵਿੱਚ ਹੈ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਲੋਕਾਂ ਦੀ ਨਾਂਮਾਤਰ ਪ੍ਰਤੀਨਿਧਤਾ

## ਭਾਰਤੀ ਅਦਾਲਤਾਂ ਵਿਚ ਅਨੁਸੂਚਿਤ ਜਾਤੀ ਅਤੇ ਜਨਜਾਤੀ ਜੱਜਾਂ ਦੀ ਨਾਂਮਾਤਰ ਗਿਣਤੀ ਦਲਿਤਾਂ ਨੂੰ ਮਿਲਣ ਵਾਲੇ ਨਿਆਂ ਲਈ ਵੀ ਹੈ ਵੱਡਾ ਪ੍ਰਸ਼ਨ ਚਿੰਨ੍ਹ

ਸਰਕਾਰ ਦੇ ਤਿੰਨ ਮੁੱਖ ਅੰਗ ਹਨ ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ। ਇਨ੍ਹਾਂ ਵਿੱਚ ਦੇਸ਼ ਵਿੱਚ ਰਹਿ ਰਹੇ ਵੱਖ ਵੱਖ ਵਰਗਾਂ ਦੇ ਲੋਕਾਂ ਦਾ ਹੋਣਾਂ ਲਾਜ਼ਮੀ ਹੈ ਤਾਂ ਜੋ ਇੱਕ ਸੰਤੁਲਨ ਕਾਇਮ ਰਹਿ ਸਕੇ ਪਰੰਤੂ ਨਿਆਂਪਾਲਿਕਾ ਵਿੱਚ ਸਦੀਆਂ ਤੋਂ ਲਿਤਾੜੇ ਦਲਿਤ ਵਰਗਾਂ ਦੀ ਨਾਮਾਤਰ ਭੂਮਿਕਾ ਹੋਣ ਕਾਰਨ ਉਨ੍ਹਾਂ ਨੂੰ ਮਿਲਣ ਵਾਲੇ ਨਿਆਂ ਸਬੰਧੀ ਵੀ ਵੱਡਾ ਸਵਾਲ ਖੜ੍ਹਾ ਕਰਦੀ ਹੈ। ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਦੀ ਰਿਪੋਰਟ ਅਨੁਸਾਰ ਨਿਆਂਪਾਲਿਕਾ ਵਿੱਚ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਉਚਿਤ ਸਥਾਨ ਨਹੀਂ ਦਿੱਤਾ ਜਾ ਰਿਹਾ ਹੈ ਜੋ ਕਿ ਅਨੁਸੂਚਿਤ ਜਾਤਿ ਅਤੇ ਜਨਜਾਤੀਆਂ ਨਾਲ ਸਬੰਧਿਤ ਲੋਕਾਂ ਨਾਲ ਭਾਰੀ ਧੱਕਾ ਹੈ।

ਨਿਆਂਪਾਲਿਕਾ ਲੋਕਤੰਤਰ ਦਾ ਇੱਕ ਮਹੱਤਵਪੂਰਨ ਥੰਮ ਹੈ। ਨਿਆਂਪਾਲਿਕਾ ਲੋਕਤੰਤਰ ਵਿੱਚ ਇੱਕ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਨਿਆਂਪਾਲਿਕਾ ਜਨਤਾ ਦੀ ਬੋਲਣ ਦੇ ਅਤੇ ਵਿਚਾਰ ਪ੍ਰਗਟਾਉਣ ਦੇ ਅਧਿਕਾਰ, ਬਰਾਬਰੀ ਦੇ ਅਧਿਕਾਰਾਂ ਦੀ ਵੀ ਰੱਖਿਆ ਕਰਦੀ ਹੈ। ਪਰ ਨਿਆਂਪਾਲਿਕਾ ਵਿੱਚ ਵੀ ਅਨੁਸੂਚਿਤ ਜਾਤਿ ਦੇ ਜੱਜਾਂ ਦੀ ਨਿਯੁਕਤੀ ਵਿੱਚ ਭੇਦਭਾਵ ਕੀਤਾ ਜਾਂਦਾ ਹੈ। ਨਿਆਂਪਾਲਿਕਾ ਵਿੱਚ ਜਿਹੜੇ ਜੱਜ ਅਨੁਸੂਚਿਤ ਜਾਤਿ ਨਾਲ ਸਬੰਧਤ ਹਨ ਉਹਨਾਂ ਨੂੰ ਵੀ ਪੂਰਾ ਸਨਮਾਨ ਨਹੀਂ ਦਿੱਤਾ ਜਾਂਦਾ ਹੈ। ਇਸਦਾ ਉਦਾਹਰਣ ਮਦਰਾਸ ਹਾਈਕੋਰਟ ਦੇ ਜੱਜ ਸੀ ਐਸ ਕਾਰਨਾਨ ਨਾਲ ਉਚ ਜਾਤਿ ਨਾਲ ਸਬੰਧਤ ਜੱਜਾਂ ਦੁਆਰਾ ਕੀਤਾ ਜਾਤਿ ਅਧਾਰਿਤ ਕੀਤੀ ਗਈ ਪ੍ਰਤਾੜਨਾ ਹੈ। ਦੂਸਰਾ ਕੇਸ ਛਤੀਸਗੜ੍ਹ ਦੇ ਜ਼ਿਲ੍ਹਾ ਜੱਜਾਂ ਦਾ ਹੈ, ਜਿਹਨਾਂ ਨੂੰ ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ ਨਾਲ ਸਬੰਧਤ ਹੋਣ ਕਾਰਨ ਬਿਨਾਂ ਕਿਸੇ ਠੋਸ ਕਾਰਨ ਦੇ ਨੌਕਰੀ ਤੋਂ ਹਟਾ ਦਿੱਤਾ ਗਿਆ ਜਦਕਿ ਉਹਨਾਂ ਦੀ ਨੌਕਰੀ ਦੇ ਅਜੇ ਤੱਕ 10 ਸਾਲ ਹੋਰ ਰਹਿੰਦੇ ਸੀ ਅਤੇ ਹਾਈਕੋਰਟ ਦੇ ਜੱਜ ਬਣਨ ਲਈ ਯੋਗ ਸੀ। ਦੇਸ਼ ਦੀ ਸੁਪਰੀਮ ਕੋਰਟ ਅਤੇ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਹਾਈ ਕੋਰਟ ਵਿੱਚ ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ ਦੇ ਪ੍ਰਤੀਨਿਧੀਆਂ ਦੀ ਸੰਖਿਆ ਬਹੁਤ ਘੱਟ ਹੈ। ਇਸ ਸਬੰਧੀ ਕਰਿਆ ਮੁੰਡਾ ਨੇ ਦੇਸ਼ ਦੀ ਸੰਸਦ ਵਿੱਚ ਇੱਕ ਰਿਪੋਰਟ ਪੇਸ਼ ਕੀਤੀ ਸੀ।

ਇਸ ਰਿਪੋਰਟ ਅਨੁਸਾਰ ਅਲਾਹਾਬਾਦ ਹਾਈਕੋਰਟ ਵਿੱਚ 2583 ਕਰਮਚਾਰੀ ਹਨ ਪਰ ਕੋਈ ਵੀ ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ ਦਾ ਨਹੀਂ ਹੈ। ਆਂਧਰਾ ਪ੍ਰਦੇਸ਼ ਹਾਈਕੋਰਟ ਵਿੱਚ 2304 (231 ਓ.ਬੀ.ਸੀ) ਕਰਮਚਾਰੀ ਹਨ ਜਿਹਨਾਂ ਵਿੱਚੋਂ 106 ਅਨੁਸੂਚਿਤ ਜਾਤਿ ਅਤੇ 09 ਅਨੁਸੂਚਿਤ ਜਨਜਾਤਿ ਦੇ ਹਨ। ਮੁੰਬਈ ਹਾਈ ਕੋਰਟ ਵਿੱਚ 2171 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 238 ਅਤੇ 23 ਅਨੁਸੂਚਿਤ ਜਨਜਾਤਿ ਦੇ ਹਨ। ਕਲਕੱਤਾ ਹਾਈਕੋਰਟ ਵਿੱਚ 563 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 38 ਅਤੇ 08 ਅਨੁਸੂਚਿਤ ਜਨਜਾਤਿ ਦੇ ਹਨ। ਗੁਹਾਟੀ ਹਾਈਕੋਰਟ ਵਿੱਚ 462 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 41 ਅਤੇ 37 ਅਨੁਸੂਚਿਤ ਜਨਜਾਤਿ ਦੇ ਹਨ। ਗੁਜ਼ਰਾਤ ਹਾਈਕੋਰਟ ਵਿੱਚ 685 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 60 ਅਤੇ 43 ਅਨੁਸੂਚਿਤ ਜਨਜਾਤਿ ਦੇ ਹਨ।

ਹਿਮਾਚਲ ਪ੍ਰਦੇਸ਼ ਹਾਈਕੋਰਟ ਵਿੱਚ 351 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 55 ਅਤੇ 02 ਅਨੁਸੂਚਿਤ ਜਨਜਾਤਿ ਦੇ ਹਨ। ਜੰਮੂ ਅਤੇ ਕਸ਼ਮੀਰ ਹਾਈਕੋਰਟ ਵਿੱਚ 354 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 22 ਅਤੇ 11 ਅਨੁਸੂਚਿਤ ਜਨਜਾਤਿ ਦੇ ਹਨ। ਕਰਨਾਟਕਾ ਹਾਈਕੋਰਟ ਵਿੱਚ 1253 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 103 ਅਤੇ 20 ਅਨੁਸੂਚਿਤ ਜਨਜਾਤਿ ਦੇ ਹਨ। ਕੇਰਲਾ ਹਾਈਕੋਰਟ ਵਿੱਚ 400 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 30 ਅਤੇ ਅਨੁਸੂਚਿਤ ਜਨਜਾਤਿ ਦਾ ਕੋਈ ਕਰਮਚਾਰੀ ਨਹੀਂ ਹੈ। ਮੱਧ ਪ੍ਰਦੇਸ਼ ਹਾਈਕੋਰਟ ਵਿੱਚ 1224 (271 ਓ.ਬੀ.ਸੀ) ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 48 ਅਤੇ 21 ਅਨੁਸੂਚਿਤ ਜਨਜਾਤਿ ਦੇ ਹਨ। ਮਦਰਾਸ ਹਾਈਕੋਰਟ ਵਿੱਚ 1277 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 146 ਅਤੇ 02 ਅਨੁਸੂਚਿਤ ਜਨਜਾਤਿ ਦੇ ਹਨ। ਉੜੀਸਾ ਹਾਈਕੋਰਟ ਵਿੱਚ 595 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 68 ਅਤੇ 05 ਅਨੁਸੂਚਿਤ ਜਨਜਾਤਿ ਦੇ ਹਨ। ਪਟਨਾ ਹਾਈਕੋਰਟ ਵਿੱਚ 1151 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 115 ਅਤੇ 49 ਅਨੁਸੂਚਿਤ ਜਨਜਾਤਿ ਦੇ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ 684 ਕਰਮਚਾਰੀ ਹਨ ਜਿਹਨਾਂ ਵਿੱਚੋਂ 70 ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ ਦੇ ਹਨ। ਰਾਜਸਥਾਨ ਹਾਈਕੋਰਟ ਵਿੱਚ 933 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 42 ਅਤੇ 05 ਅਨੁਸੂਚਿਤ ਜਨਜਾਤਿ ਦੇ ਹਨ। ਸਿੱਕਮ ਹਾਈਕੋਰਟ ਵਿੱਚ 107 ਕਰਮਚਾਰੀ ਹਨ ਜਿਹਨਾਂ ਵਿੱਚੋਂ ਅਨੁਸੂਚਿਤ ਜਾਤਿ ਦੇ 09 ਅਤੇ 37 ਅਨੁਸੂਚਿਤ ਜਨਜਾਤਿ ਦੇ ਹਨ। ਕਾਰੀਆ ਮੁੰਡਾ ਦੀ ਰਿਪੋਰਟ ਅਨੁਸਾਰ ਇਹਨਾਂ 18 ਹਾਈਕੋਰਟਾਂ ਵਿੱਚੋਂ 16 ਹਾਈਕੋਰਟ ਐਸ ਸੀ/ਐਸ ਟੀ ਕਰਮਚਾਰੀ ਭਰਤੀ ਕਰਨ ਦੇ ਨਿਯਮਾਂ ਉੱਤੇ ਚੱਲਦੇ ਹਨ ਪਰ ਹਰੇਕ ਹਾਈਕੋਰਟ ਦੇ ਨਿਯਮ ਦੂਸਰੀ ਹਾਈਕੋਰਟ ਤੋਂ ਅਲੱਗ ਹਨ। ਮੁੰਬਈ ਹਾਈਕੋਰਟ ਅਤੇ ਦਿੱਲੀ ਹਾਈਕੋਰਟ ਨੇ ਐਸ ਸੀ/ਐਸ ਟੀ ਕਰਮਚਾਰੀ ਭਰਤੀ ਕਰਨ ਸਬੰਧੀ ਪਿਛਲੇ ਕੋਈ ਨਿਯਮ ਨਹੀਂ ਬਣਾਇਆ ਹੈ।

ਮਦਰਾਸ ਅਤੇ ਰਾਜਸਥਾਨ ਹਾਈਕੋਰਟ ਐਸ ਸੀ/ਐਸ ਟੀ ਕਰਮਚਾਰੀਆਂ ਨੂੰ ਗਜ਼ਟਿਡ ਅਤੇ ਪ੍ਰੋਮੋਸ਼ਨਲ ਪੋਸਟਾਂ ਤੇ ਕੋਈ ਰਾਖਵਾਂਕਰਨ ਨਹੀਂ ਦਿੰਦੇ ਹਨ। ਅਲਾਹਾਬਾਦ, ਆਂਧਰਾ ਪ੍ਰਦੇਸ਼, ਕੇਰਲਾ, ਪੰਜਾਬ ਅਤੇ ਹਰਿਆਣਾ, ਪਟਨਾ ਅਤੇ ਮੱਧ ਪ੍ਰਦੇਸ਼ ਦੇ ਹਾਈ ਕੋਰਟ ਐਸ ਸੀ/ਐਸ ਟੀ ਕਰਮਚਾਰੀਆਂ ਦੀਆਂ ਤਰੱਕੀਆਂ ਸਮੇਂ ਰਾਖਵਾਂਕਰਨ ਦੇ ਨਿਯਮਾਂ ਦਾ ਪਾਲਣ ਨਹੀਂ ਕਰਦੇ ਹਨ। ਇਹ ਰਿਪੋਰਟ ਬੇਸ਼ੱਕ ਸਾਲ 2000 ਵਿੱਚ ਪੇਸ ਕੀਤੀ ਗਈ ਸੀ ਪਰੰਤੂ ਇਸਤੋਂ ਬਾਦ ਵੀ ਹਾਲਤ ਵਿੱਚ ਬਹੁਤਾ ਸੁਧਾਰ ਨਹੀਂ ਹੋਇਆ ਹੈ। 2011 ਵਿੱਚ ਵੀ ਦੇਸ਼ ਦੀਆਂ ਵੱਖ ਵੱਖ 21 ਉੱਚ ਅਦਾਲਤਾਂ ਵਿੱਚ ਨਿਯੁਕਤ 850 ਜੱਜਾਂ ਵਿਚੋਂ ਸਿਰਫ 24 ਜੱਜ ਐਸ ਸੀ/ਐਸ ਟੀ ਸਨ। ਇਨ੍ਹਾਂ 21 ਉੱਚ ਅਦਾਲਤਾਂ ਵਿਚੋਂ 14 ਉੱਚ ਅਦਾਲਤਾਂ ਅਜਿਹੀਆਂ ਹਨ ਜਿੱਥੇ ਇੱਕ ਵੀ ਜੱਜ ਐਸ ਸੀ/ਐਸ ਟੀ ਨਹੀਂ ਹੈ। ਮਾਣਯੋਗ ਸੁਪਰੀਮ ਕੌਰਟ ਜਿੱਥੇ ਕਿ 31 ਜੱਜ ਨਿਯੁਕਤ ਹਨ ਵਿੱਚ ਇੱਕ ਵੀ ਜੱਜ ਐਸ ਸੀ/ਐਸ ਟੀ ਨਹੀਂ ਹੈ।



ਕੁਲਦੀਪ ਚੰਦ
9417563054

1950 ਤੋਂ ਲੈਕੇ ਹੁਣ ਤੱਕ ਸਿਰਫ ਚਾਰ ਐਸ ਸੀ/ਐਸ ਟੀ ਜੱਜ ਹੀ ਮਾਣਯੋਗ ਸੁਪਰੀਮ ਕੌਰਟ ਵਿੱਚ ਨਿਯੁਕਤ ਹੋਏ ਹਨ। ਨਿਆਂਪਾਲਿਕਾ ਵਿੱਚ ਇਨ੍ਹਾਂ ਲਿਤਾੜੇ ਵਰਗਾਂ ਦੀ ਨਾਮਾਤਰ ਗਿਣਤੀ ਹੋਣ ਕਾਰਨ ਇਨ੍ਹਾਂ ਵਰਗਾਂ ਨਾਲ ਸਬੰਧਿਤ ਮਾਮਲਿਆਂ ਦੀ ਸਹੀ ਸੁਣਵਾਈ ਹੋਣ ਦੀ ਸੰਭਾਵਨਾ ਵੀ ਨਾਮਾਤਰ ਰਹਿ ਜਾਂਦੀ ਹੈ।

# ਰਾਖਵਾਂਕਰਨ ਦੀ ਅਹਿਮੀਅਤ

ਅਮਰਜੀਤ ਚੰਦਰ



ਦਲਿਤ ਸਮਾਜ਼ ਦੇ ਰਾਖਵਾਕਰਨ ਸਵਾਲ ਨੂੰ ਲੋਕਤੰਤਰੀ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਸਾਨੂੰ ਅੱਜ ਦੇ ਸਮੇਂ ਅੰਦਰ ਬਹੁਤ ਕੁਝ ਸਮਝਣ ਦੀ ਲੋੜ ਹੈ।ਹਜ਼ਾਰਾਂ ਸਾਲਾਂ ਤੋਂ ਬਰਾਬਰੀ ਦੇ ਹੱਕਾਂ ਦੇ ਲਈ ਲੜਾਈ ਲੜ ਰਹੇ ਦਲਿਤ ਸਮਾਜ਼ ਦੇ ਲੋਕਾਂ ਨੂੰ ਹਰ ਤਰਾਂ ਦੀ ਅਜਾਦੀ ਤੋਂ ਦੂਰ ਰੱਖਿਆ ਜਾ ਰਿਹਾ ਹੈ।ਆਜਾਦ ਭਾਰਤ ਵਿਚ ਦਲਿਤ ਸਮਾਜ ਦੇ ਲੋਕ ਆਜਾਦ ਹੋਣਗੇ? ਕਦੋਂ ਅਜਾਦ ਹੋਣਗੇ ਕਿਸੇ ਨੂੰ ਨਹੀ ਪਤਾ, ਅੱਜ ਗਰੀਬ ਲੋਕਾਂ ਲਈ,ਦਲਿਤ ਕੌਮ ਦੇ ਲਈ ਅਜਾਦੀ ਮੌਜੂਦਾ ਸਰਕਾਰ ਦੇ ਬਿੰਨਾ ਸੰਭਵ ਨਹੀ ਹੈ। ਦਲਿਤ ਸਮਾਜ਼ ਦੇ ਬਣਦੇ ਹੱਕ, ਦਲਿਤ ਸਮਾਜ਼ ਦੇ ਬਣਦੇ ਅਧਿਕਾਰ ਦਵਾਉਣ ਲਈ ਜੇਕਰ ਸਾਡੀ ਮੌਜੂਦਾ ਸਰਕਾਰ ਹੀ ਕੋਈ ਉਪਰਾਲਾ ਕਰੇ ਤਾਂ ਹੋ ਸਕਦੇ ਹਨ ਨਹੀ ਤਾਂ ਇਹ ਸੰਭਵ ਨਹੀ ਹੈ।

ਸਾਡੇ ਦੇਸ਼ ਵਿਚ ਦਲਿਤ ਸਮਾਜ ਦੇ ਲਈ ਰਾਖਵਾਂਕਰਨ ਸੱਭ ਤੋਂ ਵੱਧ ਝਗੜਿਆ ਦਾ ਮੁਦਾ ਬਣ ਕੇ ਰਹਿ ਗਿਆ ਹੈ।ਅੱਜ ਦੇ ਸਮੇਂ ਅੰਦਰ ਸ਼ਾਇਦ ਹੀ ਕੋਈ ਹੋਰ ਮੁੱਦਾ ਹੋਵੇ ਜਿਸ ਤੇ ਏਨੀ ਬਹਿਸ ਹੁੰਦੀ ਹੋਵੇ,ਜਾਂ ਸ਼ਇਦ ਹੀ ਕੋਈ ਮੁਦਾ ਹੋਵੇ ਜਿਸ ਤੇ ਏਨੀ ਬਹਿਸ ਹੋਈ ਹੋਵੇ,ਜਿੰਨੀ ਕਿ ਰਾਖਵਾਂਕਰਨ ਦੇ ਮੁਦੇ ਤੇ ਹੋ ਰਹੀ ਹੈ।ਇਸ ਮੁੱਦੇ ਤੇ ਬਹਿਸ ਹੀ ਨਹੀ ਹੁੰਦੀ ਬਲਕਿ ਅਮੀਰ ਲੋਕਾਂ ਵਿਚ,ਉਚੀਆਂ ਜਾਤੀਆਂ ਵਿਚਕਾਰ ਨਫਰਤ ਅਤੇ ਤਣਾਅ ਭਰਿਆ ਮਹੌਲ ਵੀ ਪੈਦਾ ਹੁੰਦਾ ਹੈ। ਪਰ ਇਹ ਰਾਖਵਾਕਰਨ ਦਾ ਮੁਦਾ ਉਥੇ ਦਾ ਉਥੇ ਹੀ ਹੈ,ਅੱਜ ਵੀ ਇਸ ਮੁਦੇ ਵਲ ਕਿਸੇ ਦਾ ਖਾਸ ਧਿਆਨ ਨਹੀ ਹੈ।

ਸਾਡਾ ਦਲਿਤ ਸਮਾਜ ਅੱਗੇ ਵਧਣ ਦੀ ਕੋਸ਼ਿਸ਼ ਤਾਂ ਕਰ ਰਿਹਾ ਹੈ ਪਰ ਏਹੋ ਜਿਹੇ ਹਲਾਤਾਂ ਵਿਚ ਬਹੁਤ ਸਾਰੇ ਪਹਿਲੂ ਸਾਹਮਣੇ ਆਉਦੇ ਹਨ,ਉਹਨਾਂ ਵਿਚੋ ਦੋ ਮੁਖ ਪਹਿਲੂ ਸਮਝੇ ਜਾਦੇ ਹਨ।ਇਹਨਾਂ ਵਿਚੋ ਇਕ ਪਹਿਲੂ ਤਾਂ ਇਹ ਹੈ ਕਿ ਰਾਖਵਾਂਕਰਨ ਦੇ ਸਵਾਲ ਨੂੰ,ਕਮਜੋਰ ਜਾਤੀਆਂ ਨੂੰ,ਸਮਾਜਿਕ ਕ੍ਰਾਂਤੀ ਦੇ ਰੂਪ ਵਿਚ ਸਮਝਣ ਦੀ ਕੋਸ਼ਿਸ਼ ਨਹੀ ਕੀਤੀ ਜਾਦੀ,ਜਿਸ ਨੇ ਵੀ ਇਹਨਾਂ ਸਵਾਲਾਂ ਨੂੰ ਵਿਸਥਾਰ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਅਵਾਜ਼ ਅੱਧ ਵਾਟੇ ਹੀ ਢਹਿ ਢੇਰੀ ਹੋ ਗਈ ਜਾਂ ਅੱਧ ਵਾਟੇ ਹੀ ਰਹਿ ਗਈ, ਜੋ ਕਿ ਇਹ ਹਿੰਦੋਸਤਾਨ ਵਿਚ ਲੋਕਤੰਤਰ ਨਾਲ ਮਜ਼ਾਕ ਹੈ।

ਦੂਸਰਾ ਪਹਿਲੂ ਇਹ ਹੈ ਕਿ ਪੈਸਿਆਂ ਦੇ ਜੋਰ ਨਾਲ ਉਚੀਆਂ ਜਾਤਾਂ ਵਾਲਿਆਂ ਵਲੋਂ ਵੋਟਾਂ ਦੀ ਰਾਜਨੀਤੀ ਨੇ ਇਸ ਉਪਰ ਜਾਤੀਵਾਦ ਦਾ ਰੰਗ ਚੜਾ ਰੱਖਿਆ ਹੈ ਅਤੇ ਦਲਿਤਾਂ ਦਾ ਰਾਖਵਾਂਕਰਨ ਬੇਨਾਮ ਉਚੀ ਜਾਤ ਦਾ ਮੁੱਦਾ ਬਣਾ ਦਿਤਾ ਜਾਂਦਾ ਹੈ।ਸਿਰਫ ਇਹੀ ਰਾਜਨੀਤੀ ਰਾਖਵਾਂਕਰਨ ਦੇ ਸਵਾਲ ਤੇ ਬਹਿਸ ਦੀ ਜਨਮਦਾਤਾ ਹੈ।

ਦਲਿਤ ਸਮਾਜ ਆਪਣਾ ਅਧਿਕਾਰ ਰਾਖਵਾਂਕਰਨ ਦੇ ਲਈ ਸ਼ੁਰੂ ਤੋਂ ਹੁਣ ਤੱਕ ਲੜਾਈ ਲੜਦਾ ਆ ਰਿਹਾ ਹੈ, ਕਿਉਕਿ ਸਾਡੇ ਦੇਸ਼ ਵਿਚ ਰਾਖਵਾਂਕਰਨ ਦੀ ਜਰੂਰਤ ਦਲਿਤ ਸਮਾਜ ਨੂੰ,ਕਮਜੋਰ ਵਰਗ ਦੇ ਲੋਕਾਂ ਨੂੰ ਹੁੰਦੀ ਹੈ।ਇਸੇ ਅਧਾਰ ਤੇ ਹੀ ਅੱਜ ਗਰੀਬ ਦਲਿਤ ਸਮਾਜ ਦੇ ਲੋਕ ਰਾਖਵਾਂਕਰਨ ਦਾ ਮੁੱਦਾ ਉਠਾਉਦੇ ਹਨ।ਪਰ ਇਹਨਾਂ ਵਿਚੋ ਵੀ ਉਚੀਆਂ ਜਾਤਾ ਵਾਲੇ ਲੋਕ,ਅਮੀਰ ਘਰਾਣਿਆ ਦੇ ਲੋਕ ਜਾਤੀ ਦੇ ਅਧਾਰ ਤੇ ਹੀ ਰਾਖਵਾਂਕਰਨ ਦਾ ਵਿਰੋਧ ਕਰਦੇ ਹਨ।ਜਿਹੜਾ ਕਿ ਹੁਣ ਤੱਕ ਚੱਲਦਾ ਆ ਰਿਹਾ ਹੈ। ਪਰ ਇਹ ਸਾਡੇ ਦਲਿਤ ਸਮਾਜ ਦੇ ਲਈ ਘਾਤਕ ਸਿੱਧ ਹੋ ਰਿਹਾ ਹੈ।

ਏਥੇ ਇਸ ਗੱਲ੍ਹ ਨੂੰ ਭੁਲਾ ਦਿਤਾ ਜਾਦਾ ਹੈ ਕਿ ਦਲਿਤ ਲੋਕ ਗਰੀਬੀ ਦੀ ਵਜ੍ਹਾ ਕਾਰਨ,ਬਰਾਬਰੀ ਦੇ ਹੱਕਾਂ ਅਤੇ ਸਹੂਲਤਾਂ ਤੋ ਦੂਰ ਨਹੀ ਸਨ। ਕੁਝ ਕੁ ਦਲਿਤ ਲੋਕ ਕਿਸੇ ਨਾ ਕਿਸੇ ਉਤਪਾਦਨ ਨਾਲ ਜੁੜੇ ਹੋਣ ਕਰਕੇ,ਕੋਲ ਪੈਸਾ ਹੋਣ ਕਰਕੇ ਪੜ੍ਹ ਲਿਖ ਗਏ ਹਨ ਉਹ ਲੋਕ ਰਾਖਵਾਂਕਰਨ ਦਾ ਕਈ ਵਾਰ ਵਿਰੋਧ ਕਰਦੇ ਹਨ,ਜਦੋ ਕਿ ਪੜਾਈ ਉਹਨਾਂ ਨੇ ਵੀ ਰਾਖਵਾਂਕਰਨ ਦੇ ਨਾਲ ਹੀ ਕੀਤੀ ਹੈ। ਉਹਨਾਂ ਦੇ ਕੋਲ ਪੈਸਾ ਹੋਣ ਕਰਕੇ ਉਹ ਲੋਕ ਗਹਿਣੇ ਖਰੀਦ ਸਕਦੇ ਸਨ,ਉਹ ਲੋਕ ਆਪਣਾ ਪੱਕਾ ਮਕਾਨ ਬਣਾ ਸਕਦੇ ਸਨ, ਪਰ ਫਿਰ ਵੀ ਉਹਨਾਂ ਨੂੰ ਸਾਫ ਸੁਥਰੇ ਕਪੜੇ ਪਾਉਣ, ਪੱਕੇ ਮਕਾਨ ਬਣਾਉਣ ਅਤੇ ਚੰਗਾ ਖਾਣ ਪੀਣ ਦੀ ਇਜ਼ਾਜ਼ਤ ਨਹੀ ਸੀ। ਏਥੋ ਤੱਕ ਕਿ ਮੰਦਰਾਂ ਵਿਚ ਜਾਣਾ ਤੇ ਸੜਕਾ ਤੇ ਤੁਰਨ ਤੱਕ ਦੀ ਮਨਾਹੀ ਸੀ।

ਗੰਦੇ ਮੰਦੇ ਤੇ ਸਖਤ ਕੰਮ ਕਰਨ ਤੋਂ ਬਿੰਨਾਂ ਇਜ਼ਤਦਾਰ ਕੰਮ ਕਰਨ ਦੀ ਵੀ ਅਜਾਦੀ ਨਹੀ ਸੀ, ਕਿਉਕਿ ਉਹ ਭਾਰਤੀ ਵਿਵਸਥਾ ਵਿਚ ਅਛੂਤ ਸਨ, ਜਿਹਨਾਂ ਨੂੰ ਛੂਹਣਾ ਤਾਂ ਦੂਰ,ਉਹਨਾਂ ਦੇ ਪ੍ਰਛਾਂਵੇ ਤੋਂ ਵੀ ਉਚੀ ਜਾਤ ਵਾਲੇ ਦੂਰੋਂ ਦੀ ਹੋ ਕੇ ਲੰਘਦੇ ਸਨ।ਪਰ ਉਹ ਭਾਰਤ ਮਾਂ ਦੇ ਏਹੋ ਜਿਹੇ ਸਪੂਤ ਸਨ ਜੋ ਸਾਰਾ ਦਿਨ ਮਾਂ ਦੀ ਸਖਤ ਸੇਵਾ ਕਰਦੇ ਰਹਿੰਦੇ ਸਨ। ਇਤਿਹਾਸ ਵਿਚ ਪਹਿਲੀ ਵਾਰ ਉਹਨਾਂ ਦੇ ਹੱਕਾਂ ਦੀ ਅਵਾਜ ਡਾ; ਭੀਮ ਰਾਓ ਅੰਬੇਦਕਰ ਨੇ ਚੁੱਕੀ।

ਭਾਰਤ ਦੇ ਇਤਿਹਾਸ ਵਿਚ ਦਲਿਤਾਂ ਸਮਾਜ਼ ਦੇ ਹੱਕਾਂ ਦੀ ਖਾਤਿਰ ਲੜਣ ਵਾਲੀ ਇਹ ਪਹਿਲੀ ਲੜਾਈ ਸੀ। ਇਸ ਲੜਾਈ ਨੂੰ ਅਜਾਦੀ ਦੀ ਲੜਾਈ ਨਾਲੋ ਵੀ ਵੱਡੀ ਲੜਾਈ ਕਹਿ ਲਈਏ ਤਾਂ ਇਹ ਬਿਲਕੁਲ ਗਲਤ ਨਹੀ ਹੋਵੇਗਾ।ਕਰੋੜਾ ਲੋਕਾਂ ਲਈ ਅਜਾਦੀ ਦੀ ਲੜਾਈ ਜੋ ਹਜਾਰਾਂ ਸਾਲਾਂ ਤੋਂ ਆਜਾਦ ਇਨਸਾਨ ਹੋਣ ਦੀ ਬਜਾਏ ਗੁਲਾਮ ਬਣ ਕੇ ਜੀ ਰਹੇ ਸਨ,ਅੱਜ ਵੀ ਖਤਮ ਹੋਣ ਦਾ ਨਾਮ ਨਹੀ ਲੈ ਰਹੀ। ਇਸ ਲੜਾਈ ਦੀ ਬਦੌਲਤ ਹੀ ਦਲਿਤ ਸਮਾਜ ਦੇ ਲੋਕਾਂ ਦੀ ਪੜ੍ਹਾਈ ਦੇ ਰਸਤੇ ਖੁਲੇ ਸਨ ਅਤੇ ਉਹਨਾਂ ਨੂੰ ਨੌਕਰੀਆਂ ਵਿਚ ਆਪਣਾ ਅਧਿਕਾਰ ਰਾਖਵਾਂਕਰਨ ਮਿਲਣਾ ਸ਼ੁਰੂ ਹੋਇਆ ਸੀ।

ਇਹ ਕਹਿਣਾ ਬਿਲਕੁਲ ਵੀ ਸਹੀ ਨਹੀ ਹੋਵੇਗਾ ਕਿ ਰਾਖਵਾਂਕਰਨ ਨਾਲ ਦਲਿਤ ਲੋਕਾਂ ਨੂੰ ਫਾਇਦਾ ਨਹੀ ਪਹੁੰਚਿਆ, ਬਲਕਿ ਇਸ ਨਾਲ ਜੋ ਦਲਿਤ ਜਾਤੀਆਂ ਥੱਲੇ ਤੋਂ ਥੱਲੇ ਤਬਕੇ ਵਿਚ ਵੀ ਆਉਦੀਆਂ ਹਨ, ਉਹਨਾਂ ਵਿਚ ਵੀ ਇਕ ਮੱਧ ਵਰਗ ਪੈਦਾ ਹੋ ਗਿਆ ਹੈ। ਉਸ ਦੀ ਵਜ੍ਹਾ ਹੀ ਇਕ ਹੈ,ਉਹ ਹੈ ਰਾਖਵਾਂਕਰਨ। ਇਹ ਇਕ ਸਾਡੇ ਦਲਿਤ ਸਮਾਜ ਵਿਚ ਬਹੁਤ ਵੱਡੀ ਤਬਦੀਲੀ ਹੈ ਜੋ ਸਿਰਫ ਰਾਖਵਾਂਕਰਨ ਦੀ ਵਜ੍ਹਾਂ ਨਾਲ ਹੀ ਹੋਈ ਹੈ। ਇਸ ਕਰਕੇ ਹੀ ਸਾਡੇ ਦਲਿਤ ਸਮਾਜ ਦੇ ਲੋਕ ਅੱਜ ਸਾਡੇ ਹਿੰਦੋਸਤਾਨ ਦੇ ਅੰਦਰ ਪਿੰਡ ਦੇ ਪੰਚ ਤੋਂ ਲੈ ਕੇ ਮੈਂਬਰ ਪਾਰਲੀਮੈਂਟ ਤੱਕ ਆਪਣਾ ਨਾਮ ਦਰਜ ਕਰਵਾ ਰਹੇ ਹਨ।ਇਹ ਵੀ ਕੋਈ ਸਾਡੇ ਦਲਿਤ ਸਮਾਜ ਲਈ ਛੋਟੀ ਜਿਹੀ ਗੱਲ ਨਹੀ ਹੈ। ਜਿਹੜੇ ਵੀ ਥੋੜਾ ਬਹੁਤ ਦਲਿਤ ਸਮਾਜ ਦੇ ਲੋਕ ਪੜ੍ਹ ਲਿਖ ਗਏ ਸਨ ਜਾਂ ਜਿੰਨਾਂ ਦੇ ਲਈ ਪੜ੍ਹਾਈ ਦੇ ਵਾਸਤੇ ਰਸਤੇ ਖੁਲੇ ਸਨ,ਉਹਨਾਂ ਦੇ ਲਈ ਵੀ ਸਰਕਾਰਾਂ ਵਲੋਂ ਸਾਰਾ ਕੁਝ ਮੁਫਤ ਨਹੀ ਸੀ। ਸਿਰਫ ਉਹਨਾਂ ਨੂੰ ਵਜੀਫਾ ਹੀ ਮਿਲਦਾ ਸੀ ਉਹ ਵੀ ਸਿਰਫ ਥੋੜਾ ਜਿਹਾ ਹੀ ਸੀ। ਫੀਸ ਆਪ ਖੁਦ ਦੇਣੀ ਪੈਂਦੀ ਸੀ,ਕਿਤਾਬਾ ਕਾਪੀਆ ਆਪ ਲਿਉਣੀਆਂ ਪੈਂਦੀਆਂ ਸਨ, ਸੱਚਾਈ ਤਾਂ ਇਹ ਹੈ ਕਿ ਵਜੀਫੇ ਨੇ ਦਲਿਤਾਂ ਸਮਾਜ ਦੇ ਲੋਕਾਂ ਦੀ ਪੜ੍ਹਾਈ ਵਿਚ ਕੋਈ ਅਹਿਮ ਭੂਮਿਕਾ ਨਹੀ ਨਿਭਾਈ। ਉਸ ਸਮੇਂ ਉਹਨਾਂ ਦੀ ਫੀਸ ਸਿਰਫ 10 ਜਾਂ 15 ਪੈਸੇ ਹੀ ਹੁੰਦੀ ਸੀ ਪਰ ਉਹ ਫੀਸ ਦੇਣੀ ਦੀ ਵੀ ਉਹਨਾਂ ਲੋਕਾਂ ਦੀ ਔਕਾਤ ਨਹੀ ਹੁੰਦੀ ਸੀ। ਇਸ ਕਰਕੇ ਹੀ ਬਹੁਤ ਸਾਰੇ ਦਲਿਤ ਸਮਾਜ ਦੇ ਬੱਚੇ ਚੌਥੀ ਪੰਜਵੀ ਜਮਾਤ ਵਿਚੋ ਹੀ ਪੜ੍ਹਾਈ ਛੱਡ ਦਿੰਦੇ ਸਨ ਜਾਂ ਫਿਰ ਜੋ ਮਾੜੀ ਮੋਟੀ ਹਿੰਮਤ ਰੱਖਦਾ ਸੀ ਉਹ ਅੱਠਵੀ ਜਮਾਤ ਵਿਚੋ ਛੱਡ ਜਾਂਦਾ ਸੀ। ਅੱਜ ਕਈ ਰਾਜ ਦੀਆਂ ਸਰਕਾਰਾਂ ਨੇ ਅੱਠਵੀ ਤੱਕ ਜਾਂ ਕਈ ਸਰਕਾਰਾਂ ਨੇ +2 ਤੱਕ ਦੀ ਪੜ੍ਹਈ ਮੁਫਤ ਕਰ ਰੱਖੀ ਹੈ। ਜੇਕਰ ਉਸ ਸਮੇਂ ਸਰਕਾਰਾਂ ਦਲਿਤ ਸਮਾਜ ਦੇ ਪਰੀਵਾਰਾਂ ਦੇ ਲਈ ਪੜ੍ਹਾਈ ਮੁਫਤ ਦੀ ਸਹੂਲਤ ਦਿੰਦੀਆਂ ਤਾਂ ਅੱਜ ਦਲਿਤਾਂ ਪਰੀਵਾਰਾਂ ਦੀ ਤਸਵੀਰ ਕੁਝ ਹੋਰ ਹੀ ਹੋਣੀ ਸੀ।ਪਰ ਉਸ ਸਮੇਂ ਸਰਕਾਰਾ ਦਲਿਤਾਂ ਦੀ ਪੜ੍ਹਾਈ ਪ੍ਰਤੀ ਗੰਭੀਰ ਨਹੀ ਸਨ।ਅੱਜ ਕਿਸੇ ਵੀ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਚਲੇ ਜਾਓ ਤਾਂ ਤੁਸੀ ਹੈਰਾਨ ਹੋਵੋਗੇ ਕਿ ਅੱਜ ਵੀ ਪਿੰਡ ਦੇ ਪ੍ਰਾਇਮਰੀ ਸਕੂਲਾਂ ਵਿਚ ਬੱਚੇ ਆਪਣੇ ਘਰ ਤੋਂ ਬੋਰੀ ਦਾ ਟੁਕੜਾ ਜਾਂ ਛੋਟਾ ਪੀਸ ਟਾਟ ਦਾ ਆਪਣੇ ਬੈਠਣ ਵਾਸਤੇ ਲੈ ਕੇ ਆਉਦੇ ਹਨ।ਉਸ ਸਮੇਂ ਦਾ ਅੱਜ ਤੁਸੀ ਅੰਦਾਜ਼ਾ ਲਗਾ ਸਕਦੇ ਹੋ ਕਿ ਦਲਿਤ ਸਮਾਜ ਦੇ ਪਰੀਵਾਰਾਂ ਦੇ ਬੱਚਿਆ ਦਾ ਕੀ ਹਾਲ ਹੁੰਦਾ ਹੋਵੇਗਾ।

ਉਤਰ ਪਦੇਸ ਅੰਦਰ ਅੱਜ ਵੀ ਸੁਣਿਆ ਹੈ ਕਿ ਸਕੂਲਾਂ ਦੀ ਹਾਲਤ ਵੀਹ ਸਾਲ ਪਹਿਲਾਂ ਵਰਗੀ ਹੀ ਹੈ।ਇਹ ਜਰੂਰ ਹੈ ਕਿ ਜੇਕਰ ਇਹ ਪ੍ਰਾਇਮਰੀ ਸਕੂਲ ਵੀ ਨਾ ਖੁੱਲਦੇ ਤਾਂ ਦਲਿਤ ਪਰੀਵਾਰਾਂ ਦੀ ਹਾਲਤ ਹੋਰ ਵੀ ਜਿਆਦਾ ਖਰਬ ਹੋਣੀ ਸੀ, ਦਲਿਤ ਪਰੀਵਾਰ ਦਾ ਕੋਈ ਵੀ ਮੈਂਬਰ ਤਰੱਕੀ ਨਹੀ ਕਰ ਸਕਦਾ ਸੀ। ਪਰ ਇਹ ਮਾਮਲਾ ਸਿਆਸੀ ਬਣ ਗਿਆ ਹੈ, ਹੁਣ ਇਹ ਮਾਮਲਾ ਵੋਟਾਂ ਦੀ ਸਿਆਸਤ ਨਾਲ ਜੁੜ ਗਿਆ ਹੈ। ਅੱਜ ਰਾਖਵਾਂਕਰਨ ਨੂੰ ਲੈ ਕੇ ਕੋਈ ਵਿਰੋਧ ਕਰੇ ਜਾਂ ਨਾ ਕਰੇ ਪਰ ਸਿਆਸਤ ਵਿਚ ਇਸ ਦੇ ਵਿਰੋਧ ਦੇ ਚਰਚੇ ਬਹੁਤ ਹੋ ਰਹੇ ਹਨ। ਸਿਆਸੀ ਮਾਮਲਿਆ ਵਿਚ ਰਾਖਵੇਂਕਰਨ ਨੂੰ ਤੁਸੀ ਕਿੰਨੀ ਕੁ ਦੇਰ ਤੱਕ ਰੱਖ ਸਕਦੇ ਹੋ। ਉਸ ਉਤੇ ਕਿੰਨੀ ਕੁ ਬਹਿਸ ਕਰਦੇ ਰਹੋਗੇ, ਅੱਜ ਹਰ ਸਰਕਾਰੀ ਮਹਿਕਮਾ ਨਿਜੀ ਖੇਤਰ ਵਲ ਨੂੰ ਤੁਰਿਆ ਹੋਇਆ ਹੈ। ਹਰ ਪਾਸੇ ਨਿਜੀਕਰਨ ਦਾ ਬੋਲ-ਬਾਲਾ ਹੋਣ ਕਰਕੇ ਸਰਕਾਰੀ ਮਹਿਕਮਿਆ ਵਿਚ ਨੌਕਰੀਆਂ ਲਗਾਤਾਰ ਘੱਟਦੀਆਂ ਜਾ ਰਹੀਆ ਹਨ। ਇਸ ਕਰਕੇ ਕੁਝ ਦਲਿਤ ਜਥੇਬੰਦੀਆਂ ਨਿਜੀ ਖੇਤਰ ਵਿਚ ਵੀ ਰਾਖਵਾਂਕਰਨ ਲੈਣ ਦੇ ਲਈ ਅੰਦੋਲਨ ਕਰ ਰਹੀਆਂ ਹਨ।ਪਰ ਨਿਜੀ ਖੇਤਰ ਵਾਲੇ ਇਸ ਗੱਲ ਨੂੰ ਮੰਨਣ ਲਈ ਤਿਆਰ ਹੀ ਨਹੀ ਕਿਉਕਿ ਉਹ ਲੋਕ ਪਹਿਲਾਂ ਹੀ ਆਪਣੀ ਉਚੀ ਸੋਚ ਤੋਂ ਪੀੜਤ ਹਨ।

ਅੱਜ ਸਾਡੇ ਦਲਿਤ ਸਮਾਜ ਦੇ ਸਾਹਮਣੇ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਦਲਿਤ ਸਮਾਜ਼ ਸਿਰਫ ਰਾਖਵੇਂਕਰਨ ਦੇ ਸਹਾਰੇ ਹੀ ਅੱਗੇ ਵੱਧੇਗਾ? ਹੁਣ ਦੀ ਰਾਜਨੀਤੀ ਅਤੇ ਦਲਿਤ ਸਮਾਜ ਦੀਆਂ ਜਥੇਬੰਦੀਆਂ ਇਸੇ ਵਿਚਾਰ ਨੂੰ ਲੈ ਕੇ ਗੰਭੀਰ ਹਨ। ਪਰ ਇਹ ਰਾਖਵਾਂਕਰਨ ਦਲਿਤ ਸਮਾਜ ਦੀਆਂ ਜਾਤੀਆਂ ਦੇ ਲਈ ਅਤੇ ਬੇਰੁਜਗਾਰ ਕਰੋੜਾਂ ਲੋਕਾਂ ਲਈ, ਜਾਂ ਉਹਨਾਂ ਦੀ ਪੜ੍ਹਾਈ ਦੇ ਲਈ ਕੋਈ ਮਾਇਨੇ ਨਹੀ ਰੱਖਦਾ ਕਿਉਕਿ ਰਾਖਵਾਂਕਰਨ ਦਾ ਲਾਭ ਲੈਣ ਦੇ ਲਈ ਪੜ੍ਹਾਈ ਦਾ ਹੋਣਾ ਜਰੂਰੀ ਹੈ। ਪੜ੍ਹਾਈ ਕਰਨ ਦੇ ਲਈ ਸਾਰੀਆਂ ਪੜ੍ਹਾਈ ਦੀਆਂ ਸੰਸਥਾਵਾਂ ਤੇ ਪਈ ਮਹਿਗਾਈ ਦੀ ਮਾਰ ਅਤੇ ਨਿਜੀ ਕਰਨ ਦੀ ਵਜ੍ਹਾ ਦੇ ਨਾਲ ਅੱਜ ਪੜ੍ਹਾਈ ਗਰੀਬ ਦਲਿਤ ਸਮਾਜ ਦੀ ਪਹੁੰਚ ਤੋਂ ਕੋਹਾਂ ਦੂਰ ਹੁੰਦੀ ਜਾ ਰਹੀ ਹੈ।

ਬਿਹਤਰ ਤਾਂ ਇਹੀ ਹੋਵੇਗਾ ਕਿ ਭਾਰਤ ਵਿਚ ਜਾਤੀਵਾਦ ਖਤਮ ਕਰਕੇ ਬਿੰਨਾ ਭੇਦਭਾਵ ਪੜ੍ਹਾਈ ਕਰਵਾ ਕੇ ਨੌਕਰੀਆਂ ਦੇ ਬਰਾਬਰ ਹੱਕ ਮਿਲਣ। ਜੋ ਵੀ ਸਾਡੀਆਂ ਮੌਜੂਦਾ ਸਰਕਾਰਾਂ ਨੇ ਰਾਖਵਾਂ ਕਰਨ ਦੇ ਹੱਕ ਵਿਚ ਕਨੂੰਨ ਬਣਾਏ ਹਨ ਉਹਨਾਂ ਦਾ ਸਹੀ ਤਰਾਂ ਇਮਾਨਦਾਰੀ ਨਾਲ ਪਾਲਣ ਹੋਵੇ,ਤਾਂ ਦਲਿਤ ਸਮਾਜ਼ ਦੇ ਬਹੁਤ ਸਾਰੇ ਮਸਲੇ ਆਪਣੇ ਆਪ ਹੀ ਸੁਲਝ ਜਾਣਗੇ।

ਸਾਡੇ ਦੇਸ਼ ਨੂੰ ਵੀ ਚਾਹੀਦਾ ਹੈ ਕਿ ਜਾਤ-ਪਾਤ, ਧਰਮ ਦੇ ਨਾਮ ਤੇ ਜੋ ਵੰਡੀਆਂ ਪੈ ਰਹੀਆਂ ਹਨ ਉਸ ਨੂੰ ਇਮਾਨਦਾਰੀ ਨਾਲ ਰੋਕਿਆ ਜਾਵੇ, ਅਤੇ ਪਾਤ-ਪਾਤ, ਧਰਮ ਦੇ ਨਾਮ ਤੇ ਹੋ ਰਹੀ ਸਿਆਸਤ ਬੰਦ ਹੋਣੀ ਚਾਹੀਦੀ ਹੈ। ਜਿਥੇ ਜਾਤ-ਪਾਤ ਅਤੇ ਧਰਮ ਦੇ ਨਾਮ ਤੇ ਸਿਆਸਤ ਸ਼ੁਰੂ ਹੋਈ ਹੈ ਤਾਂ ਉਥੇ ਦਲਿਤ ਸਮਾਜ ਤੇ ਛੋਟੇ ਗਰੀਬ ਲੋਕ ਹੀ ਮਾਰੇ ਜਾਂਦੇ ਰਹੇ ਹਨ।

# ਡਾ.ਅੰਬੇਡਕਰ ਅਤੇ ਕਾਂਸ਼ੀ ਰਾਮ ਜੀ ਦੇ ਬੁੱਤਾਂ ਉਤੇ ਛਤਰੀ ਬਣਾਉਣ ਦੇ ਕੰਮ ਦਾ ਸਮਾਜ ਸੇਵੀ ਰਾਮ ਲੁਭਾਇਆ ਨੇ ਸ਼ੁਰੂ ਕਰਵਾਇਆ

ਫਗਵਾੜਾ (ਬੀ.ਕੇ.ਰੱਤੂ ) ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ ਨਕੋਦਰ ਰੋਡ ਹਦੀਆਬਾਦ ਫਗਵਾੜਾ ਵਲੋਂ ਸਥਾਨਕ ਡਾ. ਬੀ.ਆਰ. ਅੰਬੇਡਕਰ ਪਾਰਕ ਹਦੀਆਬਾਦ ਵਿਚ ਸਥਾਪਤ ਸੰਵਿਧਾਨ ਨਿਰਮਾਤਾ ਅਤੇ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਅਤੇ ਦਲਿਤਾਂ ਦੇ ਮਸੀਹਾਂ ਕਾਂਸ਼ੀ ਰਾਮ ਜੀ ਦੇ ਬੁੱਤਾਂ ਉੱਤੇ ਛਤਰੀ (ਕੰਕਰੀਟ) ਬਨਾਉਣ ਦੇ ਕੰਮ ਦਾ ਸ਼ੁਭ ਆਰੰਭ ਉੱਘੇ ਸਮਾਜ ਸੇਵੀ ਰਾਮ ਲੁਭਾਇਆ ਅਰਬਨ ਅਸਟੇਟ ਫਗਵਾੜਾ ਨੇ ਆਪਣੇ ਕਰ ਕਮਲਾਂ ਨਾਲ ਕਰਵਾਇਆ। ਇਸ ਮੌਕੇ ਉਹਨਾਂ ਉਕਤ ਪਾਰਕ ਨੂੰ ਸੁੰਦਰ ਬਨਾਉਣ ਲਈ ਵੈਲਫੇਅਰ ਸੁਸਾਇਟੀ, ਦਾਨੀ ਸੱਜਣਾਂ ਅਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿੱਥੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਨੇ ਸਮੁੱਚੀ ਮਾਨਵਤਾ ਨੂੰ ਹੱਕ ਲੈ ਕੇ ਦਿੱਤਾ ਜਿਸਦੀ ਬਦੌਲਤ ਦਲਿਤ ਅਤੇ ਗਰੀਬ ਲੋਕ ਬਰਾਬਰਤਾ ਦੇ ਅਧਿਕਾਰ ਨਾਲ ਜਿੰਦਗੀ ਜੀਅ ਰਹੇ ਹਨ। ਉੱਥੇ ਹੀ ਕਾਂਸ਼ੀ ਰਾਮ ਜੀ ਨੇ ਵੀ ਦਲਿਤਾਂ ਦੇ ਹੱਕਾਂ ਲਈ ਲੜਾਈ ਲੜਦਿਆਂ ਉਹਨਾਂ ਨੂੰ ਜਾਗਰੁਕ ਕੀਤਾ। ਉਹਨਾਂ ਕਿਹਾ ਕਿ ਉਕਤ ਪਾਰਕ ਦੇ ਬਣਨ ਨਾਲ ਇਲਾਕਾ ਨਿਵਾਸੀਆਂ ਨੂੰ ਸ਼ੁਧ ਵਾਤਾਵਰਣ ਪ੍ਰਾਪਤ ਹੋਇਆ ਹੈ। ਇਸ ਮੋਕੇ ਉਹਨਾਂ ਸੁਸਾਇਟੀ ਨੂੰ ਪਾਰਕ ਦੀ ਖੂਬਸੂਰਤੀ ਨੂੰ ਹੋਰ ਵਧਾਉਣ ਲਈ ਇਕ ਲਖ ਰੁਪਏ ਭੇਂਟ ਕਰਦਿਆਂ ਭਰੋਸਾ ਦਿੱਤਾ ਕਿ ਅੱਗੇ ਤੋਂ ਵੀ ਸਹਾਇਤਾ ਕਰਦੇ ਰਹਿਣਗੇ। ਇਸ ਮੋਕੇ



ਸੁਸਾਇਟੀ ਦੇ ਪ੍ਰਧਾਨ ਰਮੇਸ਼ ਕੌਲ ਅਤੇ ਮੀਤ ਪ੍ਰਧਾਨ ਸੀਤਾ ਕੌਲ ਨੇ ਮੁੱਖ ਮਹਿਮਾਨਾਂ ਅਤੇ ਦਾਨੀ ਸੱਜਣਾਂ ਨੂੰ ਸਨਮਾਨਤ ਕਰਨ ਉਪਰੰਤ ਕਿਹਾ ਕਿ ਪਾਰਕ ਨੂੰ ਖੂਬਸੂਰਤ ਦਿੱਖ ਦੇਣ ਦੇ ਮਕਸਦ ਨਾਲ ਦਾਨੀ ਸੱਜਣਾਂ ਪਾਸੋਂ ਸਹਾਇਤਾ ਰਾਸ਼ੀ ਲਈ ਜਾ ਰਹੀ ਹੈ। ਉਹਨਾਂ ਕਿਹਾ ਕਿ ਇਹ ਪਾਰਕ ਪੂਰੇ ਪੰਜਾਬ ਵਿਚ ਇਕ ਚਾਨਣ ਮੁਨਾਰਾ ਸਿੱਧ ਹੋਵੇਗੀ। ਉਹਨਾਂ ਕਿਹਾ ਕਿ ਉਕਤ ਪਾਰਕ ਵਿਚ ਬੱਚਿਆਂ ਦੇ ਖੇਡਣ ਲਈ ਝੂਲੇ, ਫਲਦਾਰ ਤੇ ਛਾਂਅਦਾਰ ਬੂਟੇ, ਬਜੁਰਗਾਂ ਦੇ ਬੈਠਣ ਲਈ ਬੈਂਚ, ਲਾਈਟਾਂ, ਫੁਵਾਰੇ ਆਦਿ ਤੋਂ ਇਲਾਵਾ ਸੈਰ ਕਰਨ ਲਈ ਫੁਟਪਾਥ ਦੀ ਉਸਾਰੀ ਵੀ ਕੀਤੀ ਗਈ ਹੈ। ਉਹਨਾਂ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਪਾਰਕ ਦੀ ਬਿਹਤਰੀ ਲਈ ਹੋਰ ਵੀ ਕੰਮ ਕੀਤੇ ਜਾਂਦੇ ਰਹਿਣਗੇ। ਇਸ ਮੋਕੇ ਬਿਹਾਰੀ ਲਾਲ ਮਾਹੀ, ਹਰਬਿਲਾਸ ਫੌਜੀ, ਸੀਤਲ ਕੁਮਾਰ, ਬਲਵੀਰ ਕੁਮਾਰ, ਹਰਮੇਸ਼ ਲਾਲ, ਧਰਮ ਲਾਲ, ਤੇਜਪਾਲ, ਮੋਹਨ ਲਾਲ, ਤਾਰਾ ਚੰਦ, ਠੇਕੇਦਾਰ ਮੱਖਣ ਲਾਲ, ਹਰਬੰਸ ਕੌਰ, ਨਿੰਜੋ, ਕਮਲਾ ਦੇਵੀ, ਕਮਲੇਸ਼ ਕੌਰ, ਪ੍ਰਕਾਸ਼ ਕੌਰ, ਬੀਬੀ ਕੇਸਰੀ ਦੇਵੀ, ਪੁਰਸ਼ੋਤਮ ਲਾਲ, ਡਾਕਟਰ ਬਾਬੂ ਲਾਲ, ਬੀਰਾ ਰਾਮ, ਬੱਬੀ, ਫਕੀਰ ਚੰਦ, ਕਾਕਾ, ਗੁਰਬਚਨਾ ਲਾਲ, ਮੀਕਾ, ਗੁਰਨਾਮ ਸਿੰਘ ਬਾਜਵਾ, ਡਾ. ਬਿੱਟੂ, ਚਮਨ ਲਾਲ, ਤੋਸ਼ੀ ਰਾਣੀ, ਪੂਨਮ, ਪਰਮਜੀਤ ਕੌਰ ਆਦਿ ਵੀ ਹਾਜਰ ਸਨ।


ਸਪੈਸ਼ਲ ਅਮਰ ਤਿੱਲਾ

ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਰੰਟੀ ਸ਼ੁਦਾ ਇਲਾਜ ਲਈ ਰੋਗੀ ਮਿਲਣ ਜਾਂ ਫੋਨ-ਫੈਕਸ ਕਰਨ।

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ
(ਸਫੈਦ ਪਾਣੀ ਲਕੋਰੀਆ)



ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਵੇਲੇ ਜਲਨ ਹੋਣਾ।

ਆਯੂਰਵੈਦਿਕ ਜੜੀਆਂ ਬੂਟੀਆਂ ਦਾ ਚਮਤਕਾਰ

ਅਮਰ ਕੋਰਸ®

ਲਵੋ ਹਰ ਉਮਰ ਵਿੱਚ ਜਵਾਨੀ ਦਾ ਅਨੰਦ

ਜਵਾਨੀ ਵਿੱਚ ਬੁਢਾਪਾ ਮਹਿਸੂਸ ਹੋਣਾ, ਇੰਦਰੀ ਦਾ ਛੋਟਾਪਨ, ਨਸਾਂ ਦਾ ਢਿੱਲਾਪਣ, ਟੇਢਾਪਣ, ਨਾਮਰਦੀ, (ਸਮਾਂ ਘੱਟ ਲੱਗਣਾ) ਜਲਦੀ ਖਲਾਸ ਹੋਣਾ, ਧਾਤ, ਸੁਪਨਦੋਸ਼, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨ ਜਾਂ ਬਿਲਕੁਲ ਨਾ ਹੋਣ ਦਾ ਪੱਕਾ ਇਲਾਜ। ਬੁਢਾਪੇ ਵਿਚ ਜਵਾਨ ਬਣੋ।



ਵੈਦ ਅਮਰਜੀਤ ਅਮਰ

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ।

ਸਾਡੀ ਦਵਾਈ ਨਾਲ ਕੋਈ ਬੁਰਾ ਅਸਰ (Side Effect) ਨਹੀਂ ਹੁੰਦਾ। ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

ਅਮਰ ਦਵਾਖਾਨਾ (ਰਜਿ.)

ਦੁਕਾਨ ਨੰ. 10, ਪ੍ਰੇਮ ਮਾਰਕੀਟ, ਗੋਲ ਮਾਰਕੀਟ ਤੋਂ ਪਹਿਲਾਂ ਚੌਕ 'ਚ ਭੈਰੋਂਆਂ ਰੋਡ, ਗ੍ਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

ਤੁਰੰਤ ਪੁੱਛਣ ਲਈ
98140-29888
98763-39888

# ਮੁਗੋਵਾਲ ਵਿਚ ਪੈਦਾ ਇਕ ਸ਼ੇਰ ਹੋਇਆ



ਮੁਗੋਵਾਲ ਵਿਚ ਪੈਦਾ ਇਕ ਸ਼ੇਰ ਹੋਇਆ,
ਖਿੜਿਆ ਵਾਂਗ ਗੁਲਾਬ ਜਿਉਂ ਫੂਲ ਹੋਇਆ
ਸਚਾ ਕੌਮ ਦਾ ਆਗੂ ਸਿਪਾਹੀ ਸੀ ਉਹ,
ਕੋਈ ਦੂਜਾ ਨਾ ਓਸ ਦੇ ਤੋਲ ਹੋਇਆ
ਸੁਤੀ ਕੌਮ ਜਗਾਈ ਸੀ ਦੇ ਹੋਕਾ,
ਸਾਥੋਂ ਤਾਰ ਨਾ ਉਸ ਦਾ ਮੁਲ ਹੋਇਆ
ਜਦ ਸਟੇਜਾਂ ਤੇ ਖੜ੍ਹਕੇ ਗਰਜਦਾ ਸੀ,
ਬੇੜਾ ਦੂਤੀਆਂ ਦਾ ਜਾਂਦਾ ਗੁਲ ਹੋਇਆ
ਜਿੰਦਾ ਜੀ ਨਾ ਕਿਸੇ ਦੀ ਈਨ ਮੰਨੀ,
ਈਨ ਦੂਸਰੇ ਤਾਈਂ ਮਨੌਣ ਵਾਲਾ ਬਾਨੀ ਕੌਮ ਦਾ ਸੀ ਨਿਧੜਕ ਯੋਧਾ,
ਆਦਿ-ਧਰਮ ਦੇ ਝੰਡੇ ਝਲੌਣ ਵਾਲਾ

ਗੋਲਮੇਜ਼ ਕਾਨਫਰੰਸਾਂ ਹੋਈਆਂ ਜਦੋਂ,
ਪਾਰਟੀਆਂ ਕੁਲ ਇੰਗਲੈਂਡ ਮੰਗਵਾਈਆਂ ਸੀ।
ਡਾਕਟਰ ਅੰਬੇਦਕਰ ਵੱਖਰੇ ਹੱਕ ਮੰਗੇ,
ਗਾਂਧੀ ਲੱਗਾ ਜਦ ਦੇਣ ਦੁਹਾਈਆਂ ਸੀ।
ਲੀਡਰ ਨਹੀਂ ਅਛੂਤਾਂ ਦਾ ਇਹ ਕਹਿੰਦਾ,
ਊਂਜਾਂ ਗਾਂਧੀ ਨੇ ਝੂਠੀਆਂ ਲਾਈਆਂ ਸੀ।
ਮੰਗੂ ਰਾਮ ਨੂੰ ਜਦੋਂ ਪਤਾ ਲੱਗਾ,
ਤਾਰਾਂ ਥਾਂ ਥਾਂ ਤੋਂ ਲਿਖ ਕੇ ਪਾਈਆਂ ਸੀ।
ਨਾਲ ਏਕਤਾ ਹੋਈਆਂ ਰਿਜ਼ਰਵ ਸੀਟਾਂ,
'ਦੀਵਾਨੇ' ਤਾਂਹੀਓਂ ਸੀ ਬਾਨੀ ਕਹੌਣ ਵਾਲਾ।
ਬਾਨੀ ਕੌਮ ਦਾ ਸੀ ਨਿਧੜਕ ਯੋਧਾ,
ਆਦਿ-ਧਰਮ ਦੇ ਝੰਡੇ ਝਲੌਣ ਵਾਲਾ।

**ਲੇਖਕ: ਕਵੀ ਭਗਤ ਰਾਮ ਦੀਵਾਨਾ,**
**ਬੂਰਜ਼ ਕੰਧਾਰੀ (ਜਲੰਧਰ)**

# ਕਲਾ, ਲੋਕ, ਤੇ ਭਗਵੰਤ !



ਇੱਕ ਕਲਾ ਜੋ ਕਬਰਾਂ ਤੇ ਨੱਕ ਰਗੜੇ,
ਰੰਗ ਚਾੜ੍ਹਦੀ ਫੋਕੀਆਂ ਮਸਤੀਆਂ ਦਾ।
ਖਤਰਨਾਕ ਹੈ ਕਲਾ ਸਿਆਸਤਾਂ
ਜਿਊਣਾ ਨਰਕ ਬਣਾਉਂਦੀ ਏ ਬਸਤੀਆਂ ਦਾ।
'ਜਥੇਦਾਰੀ' ਦੀ ਕਲਾ ਵੀ ਤੰਗ ਕਰਦੀ,
ਨਾ ਵਰਤ ਕੇ ਉਤਲੀਆਂ ਹਸਤੀਆਂ ਦਾ।
ਆਹ ਵੀ ਕਲਾ ਏ ਕੁੜੀਆਂ ਦਾ ਲੱਕ ਮਿਣਦੀ,
ਇਹਨੂੰ ਫਿਕਰ ਨਾ ਇੱਜਤਾਂ 'ਸਸਤੀਆਂ' ਦਾ।
ਭਲੇ ਬੁਰੇ ਦੀ ਆ ਗਈ ਜੇ ਪਰਖ ਥੋਨੂੰ,
ਛੇਤੀ ਕੁਫਰ ਦਾ ਹੋਵੇਗਾ ਅੰਤ ਲੋਕੋ।
ਕਲਾ ਬਹਿਸਦੀ ਲੋਕਾਂ ਲਈ ਦੇਖਣੀ ਜੇ,
ਲੋਕ ਸਭਾ ਵਿੱਚ ਸੁਣੋ 'ਭਗਵੰਤ' ਲੋਕੋ।

**-ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**

ਸਫਾ 6 ਤੇ 12 ਦੀ ਬਾਕੀ

## ਪੰਜਾਬ ਦੇ ਪਿੰਡਾਂ 'ਚ ਦਲਿਤਾਂ ਅਤੇ ਧਨਾਡ ਜ਼ਿਮੀਦਾਰਾਂ ਵਿਚਕਾਰ ਟਕਰਾ ਕਿਉਂ ਵੱਧ ਰਿਹਾ ਹੈ?

ਹੈ ਕਿ ਰਿਜ਼ਵੇਸ਼ਨ ਰਾਹੀਂ ਜਿਹਨਾਂ ਨੂੰ ਸੱਤਾ ਸੰਪਤੀ ਅਤੇ ਰਾਜ ਭਾਗ ਵਿਚ ਨੁਮਾਇੰਦਗੀ ਮਿਲੀ ਉਹ ਅੱਜ ਧਨਾਡ ਤੇ ਪੂੰਜੀਪਤੀ ਆਗੂਆਂ ਤੇ ਪਾਰਟੀਆਂ ਤੇ ਦੇ ਹੱਥ ਠੋਕਾ ਬਣੇ ਹੋਏ ਹਨ। ਪਿਛਲੇ 10 ਸਾਲਾ 'ਚ ਕਾਂਗਰਸ ਸਰਕਾਰ ਇਹਨਾਂ ਦੇ ਸਹਾਰੇ ਰਾਜ ਕਰ ਗਈ। ਹੁਣ ਮਜੂਦਾ ਭਾਜਪਾ ਸਰਕਾਰ ਪਾਸ ਰਾਜ ਸਭਾ 'ਚ ਬਹੁਮਤ ਨਹੀ ਹੈ ਤੇ ਉਹ ਵੀ ਕਾਂਗਰਸ ਵਾਲਾ ਹਥਿਆਰ ਵਰਤਨ ਦੀ ਤਾਕ 'ਚ ਹੈ। ਆਪਣਾ ਫ਼ਾਇਦਾ ਪਹਿਲਾਂ ਹੈ, ਦਲਿਤ ਸ਼ੋਸ਼ਿਤ ਮਜ਼ਦੂਰ ਦੇਸ਼ ਜਾਵੇ ਬਾੜ੍ਹ 'ਚ?

ਭਾਜਪਾ ਸਰਕਾਰ ਜੇ ਵਾਕਿਆ ਹੀ ਗਰੀਬਾਂ ਲਈ ਚੰਗੇ ਦਿਨ ਲਿਆਉਣਾ ਚਾਹੁੰਦੀ ਹੈ ਤਾਂ ਇਹ ਦੇਸ਼ ਦੇ 10 ਪ੍ਰਤੀਸ਼ਤ ਧਨਾਡਾਂ ਲਈ ਲਗਜ਼ਰੀ ਬੁਲਿਟ ਟ੍ਰੇਨ ਤੇ ਪਾਰਕਾਂ 'ਤੇ ਅਰਬਾਂ ਰੁਪਿਆ ਖਰਚ ਕਰਨ ਦੀ ਬਨਿਸਬਤੇ, 50 ਪਿੰਡਾਂ ਨੂੰ ਇੱਕ ਯੂਨਿਟ ਮੰਨ ਕੇ ਉਹਨਾਂ ਦੇ ਦਰਮਿਆਨ 2 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਇਕ ਵੱਡੀ ਇੰਡਸਟਰੀ ਲਾਵੇ। ਇਸ ਵਿੱਚ 15-20 ਹਜ਼ਾਰ ਦਲਿਤ ਮਜਦੂਰ ਗਰੀਬ ਤੇ ਬੇਰੋਜ਼ਗਾਰਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ, ਤਾਂ ਟਕਰਾ ਘਟੇਗਾ। ਜਾਂ ਫਿਰ ਸਰਕਾਰੀ, ਬੰਜਰ, ਜੰਗਲਾਤ, ਬੇਕਾਰ, ਮੁਸ਼ਤਰਕਾਂ, ਜੁਮਲਾ, ਪੰਚਾਇਤੀ ਅਤੇ ਧਰਮ ਅਸਥਾਨਾਂ ਦੀ ਜਮੀਨ ਪ੍ਰਾਪਤ ਕਰਕੇ ਦਲਿਤ ਸ਼ੋਸ਼ਿਤ ਮਜਦੂਰਾਂ ਵਿੱਚ ਵੰਡੀ ਜਾਵੇ। ਨਹੀ ਤਾਂ ਬੁਲਿਟ ਟ੍ਰੇਨ ਦਾ ਘੱਟੋ ਘੱਟ ਕਿਰਾਇਆ ਹੀ ਇੰਨਾ ਹੋਵੇਗਾ ਕਿ ਧਨਾਡਾਂ ਤੋਂ ਬਗੈਰ ਉਸ ਵਿਚ ਸਫ਼ਰ ਕਰਨਾ ਗਰੀਬ ਤੇ ਆਮ ਆਦਮੀ ਦੇ ਵੱਸ ਦੀ ਗੱਲ ਨਹੀ ਹੋਵੇਗੀ, ਤਾਂ ਟਕਰਾ ਵਧੇਗਾ ਹੀ।

## ਡਾ.ਅੰਬੇਦਕਰ, ਦਲਿਤ ਜਾਗ੍ਰਿਤੀ ਅਤੇ ਆਜ਼ਾਦੀ

ਜਿਸ ਕਰਕੇ 6 ਕਰੋੜ ਬੱਚੇ ਸਕੂਲ ਤੋਂ ਵਾਂਝੇ ਰਹਿ ਗਏ। ਪੰਜਾਬ ਵਿਚ 25,900 ਟੀਚਰਾਂ ਦੀਆਂ ਅਸਾਮੀਆਂ ਹੀ ਖਤਮ ਕਰ ਦਿੱਤੀਆਂ ਗਈਆਂ ਸਨਅਤੇ 1650 ਸਕੂਲਾਂ ਵਿਚ ਸਿਰਫ ਇਕ ਹੀ ਟੀਚਰ ਨਾਲ ਕੰਮ ਚਲਾਇਆ ਜਾ ਰਿਹਾ ਹੈ। ਇਹ ਦੁਰਗਤੀ ਸ਼ਾਇਦ ਇਸ ਲਈ ਕੀਤੀ ਜਾ ਰਹੀ ਹੈ ਕਿਉਂਕਿ ਇਹਨਾਂ ਸਰਕਾਰੀ ਸਕੂਲਾਂ ਵਿਚ 90-95 ਫੀਸਦੀ ਬੱਚੇ ਦਲਿਤਾਂ ਦੇ ਹਨ। ਹੁਣ ਬਹੁਤੇ ਸਕੂਲ ਬੰਦ ਹੋਣ ਦੇ ਕਿਨਾਰੇ ਹਨ।

ਆਜ਼ਾਦੀ ਦੀ ਵਰ੍ਹੇਗੰਢ ਤੇ ਅੱਜ ਬਾਬਾ ਸਾਹਿਬ ਦੇ ਇਸ ਕਥਨ ਤੇ ਵਿਚਾਰ ਕਰਨੀ ਹੋਵੇਗੀ ਕਿ ''ਕੋਈ ਵੀ ਰਾਜਸੀ ਵਿਵਸਥਾ ਜ਼ਿਆਦਾ ਸਮੇਂ ਤੱਕ ਜਿੰਦਾ ਨਹੀਂ ਰਹਿ ਸਕਦੀ ਜੇ ਉਸਨੂੰ ਇਕ ਬਰਾਬਰ ਵਾਲੀ ਸਮਾਜਿਕ ਵਿਵਸਥਾ ਰਾਹੀਂ ਪ੍ਰਫੁੱਲਿਤ ਨਹੀਂ ਕੀਤਾ ਜਾਂਦਾ।'' ਸਮਾਜਿਕ ਵਿਵਸਥਾ ਸਾਡੇ ਸਾਹਮਣੇ ਹੈ। ਉਹਨਾਂ ਇਹ ਵੀ ਆਖਿਆ ਸੀ ਕਿ ''ਆਜ਼ਾਦ ਭਾਰਤ ਦੇ ਸੰਵਿਧਾਨ ਲਾਗੂ ਹੋਣ ਨਾਲ ਅਸੀਂ ਰਾਜਸੀ ਬਰਾ-ਬਰਤਾ ਤਾਂ ਪਾ ਲਵਾਂਗੇ ਪਰ ਸਮਾਜਿਕ ਤੇ ਆਰਥਿਕ ਨਹੀਂ। ਜਿੰਨੀ ਛੇਤੀ ਹੋ ਸਕੇ ਇਸ ਗੈਰ-ਬਰਾਬਰੀ ਨੂੰ ਦੂਰ ਕਰਨਾ ਹੋਵੇਗਾ, ਨਹੀਂ ਤਾਂ ਇਸ ਵਿਤਕਰੇ ਦੇ ਸ਼ਿਕਾਰ ਰਾਜਸੀ ਲੋਕਤੰਤਰ ਨੂੰ ਖੇਰੂੰ-ਖੇਰੂੰ ਕਰ ਦੇਣਗੇ, ਜਿਸਨੂੰ ਅਸੀਂ ਬੜੀ ਮਿਹਨਤ ਨਾਲ ਬਣਾਇਆ ਹੈ।'' ਇਹ ਬਹੁਤ ਗੰਭੀਰਤਾ ਨਾਲ ਸੋਚਣ ਦਾ ਮਸਲਾ ਹੈ, ਜਿਸ ਤੇ ਸਾਨੂੰ ਅੱਜ ਸਭ ਨੂੰ ਸੋਚਣਾ ਚਾਹੀਦਾ ਹੈ।

# ਮਹਿਫਲ ਕਿਰਤੀ-ਕਵੀਆਂ ਦੀ

## ਸੰਗ੍ਰਹਿ ਕਰਤਾ - ਸੰਤੋਸ਼ ਚੁੰਬਰ, ਜੇ. ਬੀ. ਟੀ.

ਮੇਰਾ ਮਿਸ਼ਨ ਸੰਸਾਰ ਨੂੰ ਇਕ ਕਰਨਾ, ਝੰਡੇ ਪੁੱਟਣੇ ਮਜ਼ਹਬਾਂ ਹੰਕਾਰੀਆਂ ਦੇ।
ਵਾਸ ਰੱਬ ਦਾ ਦੱਸ ਕੇ ਦਿਲ ਅੰਦਰ, ਪਾਜ਼ ਖੋਲ੍ਹਣੇ ਪੱਥਰ ਪੁਜਾਰੀਆਂ ਦੇ।
ਨੀਵੀਂ ਕੌਮ ਨੇ ਵੱਢਣਾ ਨੂਰ ਅਣਖੀ, ਛੱਟੇ ਮਾਰ ਕੇ ਖ਼ੂਨ ਪਿਚਕਾਰੀਆਂ ਦੇ।
ਸੱਚੇ ਮਿਸ਼ਨ ਨੇ ਫੂਕਨੇ ਕੂੜ ਪੜ੍ਹਦੇ, ਮੂੰਹ ਮੋੜਨੇ ਤੇਗਾਂ ਦੁਧਾਰੀਆਂ ਦੇ।
ਮੈਂ ਹਾਂ 'ਤੇਜ਼' ਭਗਵਾਨ ਦੇ ਰੂਪ ਵਾਲਾ, ਮੇਰੇ ਤੇਜ਼ ਨੂੰ ਕਿਸੇ ਨੇ ਝੱਲਣਾ ਨਹੀਂ।
ਮੈਂ ਹਾਂ ਕਾਲ ਅਕਾਲ ਦੇ ਘਰੋਂ ਆਇਆ, ਮੇਰੇ ਰਾਹਾਂ ਨੂੰ ਹੋਣੀਆਂ ਮੱਲਣਾ ਕੀ।
**(ਬ੍ਰਹਮ ਸਿੰਘ ਤੇਜ਼, ਆਬਾਦ ਪੁਰਾ, ਜਲੰਧਰ ਸ਼ਹਿਰ)**

ਹੋਕਾ ਦੇ ਕੇ ਕੌਮ ਨੂੰ ਅਣਖ ਵਾਲਾ, ਸੁੱਤੀ ਕੌਮ ਦੇ ਤਾਈਂ ਜਗਾ ਦੇਵੋ।
ਹੋ ਜਾਣ ਫੌਲਾਦ ਵਾਂਗ ਪੱਕੇ, ਐਸੀ ਕੌਮ ਨੂੰ ਪਾਣ ਚੜ੍ਹਾ ਦੇਵੋ।
ਮੁਕ ਜਾਣ ਇਹ ਭੁੱਖ ਦੇ ਨਿੱਤ ਤਰਲੇ, ਜਿੰਦ ਕੌਮ ਦੇ ਲੇਖੇ ਲਾ ਦੇਵੋ।
ਮੇਰੀ ਕੌਮ ਦੇ ਕਵੀਓ ਧੜਕਿਓ ਨਾ, ਜਿੰਦਾਂ ਜਾਗਦੀ ਕੌਮ ਜਗਾ ਦੇਵੋ।
ਹੁੰਦੇ ਅਮਰ 'ਪ੍ਰਦੇਸੀਆ' ਨੇਕ ਬੰਦੇ, ਸ਼ਮ੍ਹਾ ਜ਼ੁਲਮ ਦੀ ਦੇਖ ਬੁਲਾਉਣ ਜਿਹੜੇ।
ਉਹਨਾਂ ਕਵੀਆਂ ਨੂੰ ਲੱਖ ਸਲਾਮ ਮੇਰਾ, ਸੁੱਤੀ ਕੌਮ ਦੇ ਤਾਈਂ ਜਗਾਉਣ ਜਿਹੜੇ।
**(ਤੇਜ਼ ਭਾਨ 'ਪ੍ਰਦੇਬੀ', ਤੱਗੜ ਜਲੰਧਰ)**

ਹਾਲਤ ਦੇਖ ਗਰੀਬਾਂ ਦੇ ਬੱਚਿਆਂ ਦੀ, ਰੋਂਦੇ ਗਲੀਆਂ ਬਾਜ਼ਾਰਾਂ ਦੇ ਕੱਖ ਚੰਨਾ।
ਆਦਿ ਧਰਮ ਦੇ ਧਰਮ ਨੇ ਡੋਲਣਾ ਨਹੀਂ, ਭਾਵੇਂ ਆਉਣ ਮੁਸੀਬਤਾਂ ਲੱਖ ਚੰਨਾ।
ਮਿਲੇ ਜ਼ਿੰਦਗੀ ਮੌਤ ਦੇ ਮੂੰਹ ਵਿਚੋਂ, ਇਸ ਪਰਮਾਣ ਦਾ ਕੀ ਪ੍ਰਤੱਖ ਚੰਨਾ।
ਮਲਕ ਭਾਗੋ ਨਾਲ ਯਾਰੀ ਨਾ ਲਾ ਬੈਠੀਂ, ਰੋਟੀ ਲਾਲੋ ਤਰਖਾਣ ਦੀ ਰੁੱਖ ਚੰਨਾ।
ਭੁੱਖ, ਨੰਗ ਕੰਗਾਲੀ ਨੂੰ ਕੱਢ ਇੱਥੋਂ, ਤੇਰੇ ਉਤੇ ਮਜ਼ਦੂਰਾਂ ਦੀ ਅੱਖ ਚੰਨਾ।
**(ਹਰੀ ਦਾਸ 'ਅਰਸੀ' ਤੱਗੜ ਜ਼ਿਲ੍ਹਾ ਜਲੰਧਰ)**

ਕਿਹੜਾ ਬਸ਼ਰ ਹੈ, ਜਿਹੜਾ ਇਹ ਜਾਣਦਾ ਨਹੀਂ, ਕਰਦੇ ਜ਼ੁਲਮ ਸੀ, ਜੋ ਜੋ ਇਹ ਨਾਲ ਸਾਡੇ।
ਸੁਣ ਲੈਂਦੇ ਸੀ ਪੂਜਾ ਦੀ ਗੱਲ ਕੋਈ, ਕੰਨੀ ਪਾ ਦਿੰਦੇ ਸਿੱਕਾ ਢਾਲ ਸਾਡੇ।
ਇਲਮ ਪੜ੍ਹਨ ਪੜ੍ਹਾਣ ਦੀ ਖੁੱਲ੍ਹ ਨਹੀਂ ਸੀ, ਏ-ਇਲਮ ਰਹਿ ਗਏ ਧੀਆਂ ਬਾਲ ਸਾਡੇ।
**(ਸ਼ਾਮ ਚੰਦ ਪਾਲ ਕਰਤਾਰਪੁਰੀ)**


ਕੌਮਾਂ ਨਾਲ ਤਰੱਕੀ ਵੱਲ ਜਾਂਦੀਆਂ ਨੇ, ਜਿਹਨਾਂ ਕੋਲ ਤਲੀਮ ਦੀ ਰਾਜ਼ ਹੋਵੇ।
ਫਖਰ ਨਾਲ ਉਹ ਜਿਉਂਦੀਆਂ ਵਿਚ ਦੁਨੀਆਂ, ਜਿਹਨਾਂ ਕੌਮਾਂ ਦਾ ਠੀਕ ਇਤਿਹਾਸ ਹੋਵੇ।

ਜਥੇਬੰਦ ਹੋ ਕੇ ਜਦੋਂ ਤੁਰਨ ਕੌਮਾਂ, ਤਦ ਸਦ ਸੰਤੋਖ ਦਾ ਵਾਸ ਹੋਵੇ।
ਆਗੂ ਕਰਨ ਕੁਰਬਾਨੀਆਂ ਕੌਮ ਉਤੇ, ਕੌਮ ਕਦੇ ਨਾ ਫੇਰ ਨਿਰਾਸ਼ ਹੋਵੇ।
**(ਲੋਕ ਕਵੀ ਸ੍ਰੀ ਪੀ. ਆਰ., 'ਹੀਰਾ')**

# ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਦੇਖੀ?

'ਨਾ ਬਈ ਭਰਾਵਾ, ਨਾ ਖਾਧੀ ਨਾ ਦੇਖੀ' ।
ਮੈਂ ਜੱਗੂ ਤੋਂ ਸੁਣਿਆ, ਅੰਬਾਲੇ ਖੜੀ ਸੀ,
ਬੜੀ ਭੀੜ ਉਸਦੇ, ਦੁਆਲੇ ਖੜੀ ਸੀ ।
ਬਿਰਲੇ ਦੇ ਘਰ ਵਲ, ਅਗਾੜੀ ਸੀ ਉਸਦੀ,
ਤੇ ਲੋਕਾਂ ਦੇ ਮੂੰਹ ਵਲ ਪਛਾੜੀ ਸੀ ਉਸਦੀ।
ਆਈ ਨੂੰ ਭਾਂਵੇਂ ਤੀਅ ਸਾਲ ਬੀਤਾ,
ਅਸੀਂ ਤਾਂ ਅਜੇ ਤੱਕ, ਦਰਸ਼ਨ ਨਹੀਂ ਕੀਤਾ। {1}

ਦਿੱਲੀ 'ਚ ਆਉਂਦੀ ਹੈ, ਸਰਦੀ ਦੀ ਰੁੱਤੇ,
ਤੇ ਹਾੜਾਂ ਨੂੰ ਰਹਿੰਦੀ, ਪਹਾੜਾਂ ਦੇ ਉੱਤੇ।
ਗਰੀਬਾਂ ਨਾਲ ਲੱਗਦੀ, ਲੜੀ ਹੋਈਆ ਖਬਰੇ,
ਅਮੀਰਾਂ ਦੇ ਹੱਥੀਂ, ਚੜੀ ਹੋਈਆ ਖਬਰੇ।
ਅਖਬਾਰਾਂ 'ਚੋਂ ਪੜਿਆ, ਜਰਵਾਣੀ ਜਹੀ ਏ,
ਕੋਈ ਸੋਹਣੀ ਤਾਂ ਨਹੀਂ, ਐਵੇਂ ਕਾਣੀ ਜਹੀ ਏ। {2}
ਮੰਨੇ ਜੇ ਉਹ ਕਹਿਣਾ, ਅਸੀਂ ਵੀ ਮੰਗਾਈਏ,
ਛੰਨਾਂ ਤੇ ਢਾਰਿਆਂ 'ਚ ਭੁੰਜੇ ਸੁਆਈਏ।
ਪਰ ਇੰਨਾ ਪਤਾ ਨਹੀਂ , ਕੀ ਖਾਂਦੀ ਹੁੰਦੀ ਏ,
ਕਿਹੜੀ ਚੀਜ਼ ਤੋਂ ਦਿਲ, ਚੁਰਾਂਦੀ ਹੁੰਦੀ ਏ।
ਸ਼ਿਮਲੇ ਤਾਂ ਉਸ ਅੱਗੇ ਆਂਡੇ ਹੁੰਦੇ ਨੇ,
ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ । {3}



ਗੁਰਦਾਸ ਰਾਮ 'ਆਲਮ'

# ਪੰਜਾਬੀ ਸਾਹਿਤ ਸਭਾ (ਰਜਿ.) ਹੁਸ਼ਿਆਰਪੁਰ ਨੇ ਕੀਤਾ ਸਾਵਣ ਕਵੀ ਦਰਬਾਰ




**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ (ਰਜਿ) ਹੁਸ਼ਿਆਰਪੁਰ ਦੀ ਇਕ ਵਿਸ਼ੇਸ਼ ਮੀਟਿੰਗ ਡਾ. ਮਨਮੋਹਨ ਸਿੰਘ ਤੀਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਾਵਣ ਕਵੀ ਦਰਬਾਰ ਵਜੋਂ ਕਵੀਆਂ ਨੇ ਰਚਨਾਵਾਂ ਦੀ ਛਹਿਬਰ ਲਾਈ। ਸਭ ਤੋਂ ਪਹਿਲਾਂ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾਂ ਵਿਚੋਂ ਡਾ. ਕਰਮਜੀਤ ਸਿੰਘ ਦੇ ਜਨਰਲ ਸਕੱਤਰ ਚੁਣੇ ਜਾਣ ਤੇ ਸ਼ੁਭ ਕਾਮਨਾਵਾਂ ਭੇਂਟ ਕੀਤੀਆਂ ਅਤੇ ਲੇਖਕਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਸਮਰੱਥ ਸ਼ਾਇਰ ਮਦਨਵੀਰਾ ਨੇ ਡਾ. ਮਨਮੋਹਨ ਸਿੰਘ ਤੀਰ ਹੋਰਾਂ ਦੀ ਸੇਵਾ ਮੁਕਤੀ ਤੇ ਉਹਨਾਂ ਨੂੰ ਮੁਬਾਰਕਬਾਦ ਦਿੰਦਿਆਂ ਉਹਨਾਂ ਦੀਆਂ ਸਾਹਿਤਕ ਕਿਰਤਾਂ ਅਤੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਦਿੱਤੀ। ਰਚਨਾਵਾਂ ਦੇ ਦੌਰ ਵਿਚ ਮਦਨਵੀਰਾ ਨੇ ਗਜ਼ਲ, ਕੁਲਤਾਰ ਸਿੰਘ ਕੁਲਤਾਰ ਨੇ ਰੁਬਾਈ, ਸਤਵੰਤ ਕੌਰ ਕਲੋਟੀ ਨੇ ਹੀਰੋਸ਼ਿਮਾ ਨਾਗਾਸਾਕੀ ਦੇ ਦੁਖਾਂਤ ਬਾਰੇ ਲੇਖ, ਡਾ. ਜਸਵੰਤ ਰਾਏ, ਸੁਰਿੰਦਰ ਕੰਗਵੀਂ, ਗੁਰਦਿਆਲ ਸਿੰਘ ਫੁੱਲ, ਡਾ. ਸਰਦੂਲ ਸਿੰਘ, ਡਾ. ਕਰਮਜੀਤ ਸਿੰਘ ਨੇ ਸਾਵਣ ਬਾਰੇ ਤਰੁੰਨਮ 'ਚ ਗੀਤ ਪੇਸ਼ ਕਰਕੇ ਸਾਹਿਤਕ ਮਾਹੌਲ ਨੂੰ ਰੰਗੀਨ ਬਣਾਇਆ। ਡਾ. ਰਵਿੰਦਰ ਕੌਰ ਨੇ ਤੀਆਂ ਬਾਰੇ ਸਾਹਿਤਕ ਟਿੱਪਣੀਆਂ ਕੀਤੀਆਂ। ਇਸ ਮੌਕੇ ਵਿਦਿਆਰਥਣ ਨੀਤੂ ਰਾਣੀ ਦਾ ਕਾਵਿ ਸੰਗ੍ਰਹਿ ''ਚੱਲ ਚੱਲੀਏ ਝਨਾਂ ਦੇ ਨੇੜੇ'' ਲੋਕ ਅਰਪਣ ਕੀਤਾ ਗਿਆ। ਨੀਤੂ ਦੇ ਪਲੇਠੇ ਕਾਵਿ ਸੰਗ੍ਰਹਿ ਬਾਰੇ ਡਾ. ਮਨਮੋਹਨ ਸਿੰਘ ਤੀਰ ਨੇ ਕਾਵਿ ਕਲਾ ਬਾਰੇ ਟਿੱਪਣੀ ਕਰਦਿਆਂ ਕਵਿਤਰੀ ਨੂੰ ਵਧਾਈ ਦਿੱਤੀ ਅਤੇ ਸਾਹਿਤਕ ਸਫ਼ਰ ਨੂੰ ਇਸੇ ਤਰ੍ਹਾਂ ਜਾਰੀ ਰੱਖਣ ਲਈ ਪ੍ਰੇਰਿਆ। ਇਸ ਮੌਕੇ ਡਾ. ਪਰਮਜੀਤ ਕੌਰ, ਕਹਾਣੀਕਾਰਾ ਕੇ. ਤ੍ਰਿਪਤਾ ਸਿੰਘ, ਸਤੀਸ਼ ਕੁਮਾਰ, ਰੋਜ਼ੀ, ਕਮਲਜੀਤ ਅਤੇ ਸਰੋਤੇ ਹਾਜ਼ਰ ਸਨ। ਪ੍ਰੋਗਰਾਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

**ਰਿਪੋਰਟ -ਡਾ. ਜਸਵੰਤ ਰਾਏ**

# ਬ੍ਰਾਹਮਣਾਂ ਦਾ ਵਿਦੇਸ਼ੀਪਣ ਪ੍ਰਗਟ ਹੋਣ ਤੇ ਬ੍ਰਾਹਮਣਾਂ ਵਿਚ ਦਹਿਸ਼ਤ ਦਾ ਮਾਹੌਲ!

ਲਖਨਊ- ਇਹ ਵਾਰ ਵਾਰ ਸਿੱਧ ਹੋ ਚੁੱਕਾ ਹੈ ਕਿ ਬ੍ਰਾਹਮਣ ਭਾਰਤ ਦੇ ਮੂਲ ਨਿਵਾਸੀ ਨਹੀਂ ਹਨ। ਇਤਿਹਾਸਕਾਰਾਂ ਅਤੇ ਮਨੂੰਵਾਦੀ ਵੰਸ਼ ਸ਼ਾਸਤਰੀ ਨੇ ਡੀ. ਐਨ. ਏ. ਦੇ ਆਧਾਰ ਤੇ ਸਿੱਧ ਕਰ ਦਿੱਤਾ ਹੈ ਕਿ ਯੂਰੇਸ਼ੀਅਨ ਬ੍ਰਾਹਮਣ ਭਾਰਤ ਦੇ ਮੂਲ ਨਿਵਾਸੀ ਨਹੀਂ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ 'ਕ ਮੂਲ ਨਿਵਾਸੀ ਬਹੁਜਨ ਸਮਾਜ ਵੀ ਉਹਨਾਂ ਨੂੰ ਵਿਦੇਸ਼ੀਆਂ ਦੀ ਹੀ ਨਜ਼ਰ ਨਾਲ ਦੇਖਦੇ ਹਨ ਅਤੇ ਇਸ ਦਲੀਲ ਤੇ ਬ੍ਰਾਹਮਣ ਖਰੇ ਉੱਤਰਦੇ ਹਨ। ਦੇਸ਼ ਦਾ ਆਰਥਿਕ ਵਿਕਾਸ ਕੇਵਲ ਬ੍ਰਾਹਮਣਾਂ ਅਤੇ ਪੂੰਜੀਪਤੀਆਂ ਤੱਕ ਹੀ ਸੀਮਤ ਹੋ ਗਿਆ ਹੈ। ਅਤੇ ਉਹ ਅਨਕੰਟਰੋਲਡ ਸੱਤਾ ਤੇ ਕਬਜ਼ਾ ਹੋਣ ਦੇ ਕਾਰਨ ਮੂਲ ਨਿਵਾਸੀਆਂ ਨੂੰ ਭੁੱਖਮਰੀ ਦੇ ਕਿਨਾਰੇ ਪਹੁੰਚਾ ਰਹੇ ਹਨ।

ਸਰੀਰ ਰਚਨਾ ਸ਼ਾਸਤਰ ਅਤੇ ਭਾਸ਼ਾ ਸ਼ਾਸਤਰ ਦੇ ਆਧਾਰ ਤੇ ਰਾਸ਼ਟਰ ਪਿਤਾ ਜੋਤੀਰਾਓ ਫੂਲੇ ਨੇ ਸਭ ਤੋਂ ਪਹਿਲਾਂ ਬ੍ਰਾਹਮਣ ਕਿਵੇਂ ਵਿਦੇਸ਼ੀ ਹਨ, ਇਹ ਸਪਸ਼ਟ ਕਰਦੇ ਹੋਏ ਕਿਹਾ ਹੈ ਕਿ ਉਹ ਆਰੀਆ ਇਰਾਨੀ ਭੱਟ ਹਨ ਜੋ ਵਿਦੇਸ਼ੀ ਹਨ। ਇੰਨਾ ਹੀ ਨਹੀਂ ਬ੍ਰਾਹਮਣਾਂ ਦੇ ਹੀ ਵੱਡੇ ਨੇਤਾ ਬਾਲ ਗੰਗਾਧਰ ਤਿਲਕ ਨੇ ਆਰਕੀਟੈਕਟ ਹੋਮ ਇਨ ਦਾ ਵੇਦਾਜ਼ ਵਿਚ ਕਿਹਾ ਕਿ ਅਸੀਂ ਆਰੀਆ ਨਸਲ ਦੇ ਲੋਕ ਹਾਂ ਅਤੇ ਵਿਦੇਸ਼ ਤੋਂ ਉੱਤਰੀ ਧਰੁਵ ਤੋਂ ਭਾਰਤ ਆਏ।

ਉਤਰ ਪ੍ਰਦੇਸ਼ ਵਿਚ ਵਿਧਾਨ ਪਰਿਸ਼ਦ ਵਿਚ ਸ਼ੁੱਕਰਵਾਰ ਨੂੰ ਹਿਰਦੇ ਨਰਾਇਣ ਦੀਕਸ਼ਿਤ ਨੇ ਸਦਨ ਵਿਚ ਇਹ ਸਵਾਲ ਪੇਸ਼ ਕੀਤਾ ਸੀ ਕਿ ਅਸੀਂ ਬ੍ਰਾਹਮਣ ਲੋਕ ਵਿਦੇਸ਼ੀ ਕਿਵੇਂ? ਸ਼ਾਇਦ ਦੀਕਸ਼ਿਤ ਨੇ ਡਿਸਕਵਰੀ ਆਫ ਇੰਡੀਆ ਗ੍ਰੰਥ ਨਹੀਂ ਪੜ੍ਹਿਆ ਹੋਵੇਗਾ ਜੋ ਕਿ ਵਿਦੇਸ਼ੀ ਤਰਜ਼ ਤੇ ਕਸ਼ਮੀਰ ਵਿਚ ਆਪਣਾ ਠਿਕਾਣਾ ਸਥਾਪਤ ਕਰਨ ਵਾਲੇ ਜਵਾਹਰ ਨਾਲ ਨਹਿਰੂ (ਜਿਹਨਾਂ ਦਾ ਅਸਲੀ ਸਰ ਨੇਮ ਕੌਲ ਹੈ) ਦਿੱਲੀ ਵਿਚ ਨਹਿਰ ਦੇ ਕਿਨਾਰੇ ਰਹਿੰਦੇ ਸਨ, ਇਸ ਕਰਕੇ ਉਹਨਾਂ ਦਾ ਸਰ ਨੇਮ 'ਨਹਿਰੂ' ਪਿਆ। ਡਿਸਕਵਰੀ ਆਫ ਇੰਡੀਆ ਵਿਚ ਇੰਦੂ ਦੇ ਨਾਂ ਪੱਤਰ ਇਸ ਅਧਿਆਏ ਵਿਚ ਆਪਣੀ ਬੇਟੀ ਨੂੰ ਲਿਖ ਰਹੇ ਹਨ ਕਿ 'ਬੇਟੀ ਇੰਦਰਾ ਅਸੀਂ ਆਰੀਆ ਵਿਦੇਸ਼ੀ ਲੋਕ ਹਾਂ, ਭਾਰਤ ਦੇ ਮੂਲ ਨਿਵਾਸੀ ਲੋਕਾਂ ਤੇ ਰਾਜ ਕਰਨ ਆਏ ਹਾਂ। ਪਰ ਬੇਟੀ ਇਹ ਕਦੀ ਨਾ ਭੁੱਲਣਾ ਕਿ ਸਾਡਾ ਮੂਲ ਵਿਦੇਸ਼ੀ ਹੈ।' ਗਾਂਧੀ ਜੀ ਨੇ ਵੀ ਬ੍ਰਿਟਿਸ਼ਾਂ ਦੇ ਸੰਦਰਭ ਵਿਚ ਕਿਹਾ ਸੀ ਕਿ ਅਸੀਂ ਦੋਵੇਂ ਇਕ ਹੀ ਨਸਲ ਦੇ ਲੋਕ ਹਾਂ।

ਭਾਰਤ ਦੇ ਮੂਲ ਨਿਵਾਸੀ ਲੋਕਾਂ ਦੇ ਆਜ਼ਾਦੀ ਦੇ ਅੰਦੋਲਨ ਦੇ ਨਾਂ ਤੇ ਬ੍ਰਾਹਮਣਾਂ ਨੇ ਆਪਣੀ ਹੀ ਆਜ਼ਾਦੀ ਦਾ 'ਸਵਰਾਜ' ਨਾਂ ਤੇ ਅੰਦੋਲਨ ਚਲਾਇਆ ਸੀ, ਉਸ ਵਿਚ ਤਿਲਕ ਕਹਿੰਦੇ ਹਨ ਕਿ ਸਵਰਾਜ ਦਾ ਅਰਥ ਇਹ ਨਹੀਂ ਹੈ ਕਿ ਅੰਗਰੇਜ਼ ਲੋਕ ਭਾਰਤ ਛੱਡ ਕੇ ਜਾਣ। ਬਲਕਿ ਸਵਰਾਜ ਦਾ ਅਰਥ ਇਹ ਹੈ ਕਿ ਪ੍ਰਾਚੀਨ ਭਾਰਤ ਵਿਚ ਮਨੂ ਸਿਮਰਤੀ ਦੇ ਅਨੁਸਾਰ ਰਾਜਿਆਂ ਦਾ ਰਾਜ ਪ੍ਰਸ਼ਾਸਨ ਚਲਾਉਣਾ ਹੋਵੇ ਤਾਂ ਬ੍ਰਾਹਮਣਾਂ ਦੀ ਸਹਾਇਤਾ ਨਾਲ ਚਲਾਉਣਾ ਚਾਹੀਦਾ ਹੈ, ਜੇਕਰ ਬ੍ਰਿਟਿਸ਼ ਲੋਕ ਵੀ ਵਰਤਮਾਨ ਦੇ ਯੋਗ ਬ੍ਰਾਹਮਣਾਂ ਨੂੰ ਆਪਣੀ ਸੱਤਾ ਵਿਚ ਹਿੱਸੇਦਾਰੀ ਦਿੰਦੇ ਹਨ ਤਾਂ ਉਹਨਾਂ ਨੂੰ ਭਾਰਤ ਛੱਡ ਕੇ ਜਾਣ ਦੀ ਕੋਈ ਲੋੜ ਨਹੀਂ, ਉਹਨਾਂ ਦਾ ਸਮਰਾਟ ਸਾਡਾ ਸਮਰਾਟ ਹੋਵੇਗਾ। ਇਸ ਤਰ੍ਹਾਂ ਦਾ ਸੰਦੇਸ਼ ਅੰਗਰੇਜ਼ਾਂ ਨੂੰ ਦੇ ਕੇ ਆਪਣਾ ਵਿਦੇਸ਼ੀਪਣ ਸਿੱਧ ਕਰ ਰਹੇ ਸਨ।

21 ਮਈ 2001 ਵਿਚ ਟਾਈਮਜ਼ ਆਫ ਇੰਡੀਆ ਨਾਮੀ ਅੰਗਰੇਜ਼ੀ ਡੇਲੀ ਪੇਪਰ ਵਿਚ ਇਹ ਖ਼ਬਰ ਪ੍ਰਕਾਸ਼ਿਤ ਹੋਈ ਸੀ ਕਿ ਇੱਥੋਂ ਦੇ ਬ੍ਰਾਹਮਣਾਂ ਦਾ ਡੀ. ਐਨ. ਏ. ਰੂਸ ਦੇ ਐਕਸੀਮੋਝੀ ਪ੍ਰਾਂਤ ਜਿੱਥੇ ਕਾਲਾ ਸਾਗਰ ਹੈ, ਉਥੋਂ ਦੇ ਲੋਕਾਂ ਨਾਲ 66.66 ਫੀਸਦੀ ਮੇਲ ਖਾਂਦਾ ਹੈ। ਇਸਦਾ ਮਤਲਬ ਇਹ ਹੈ ਕਿ ਵਿਗਿਆਨ ਦੇ ਆਧਾਰ ਤੇ ਇਹ ਨਿਰਵਿਵਾਦ ਸਪਸ਼ਟ ਹੋ ਚੁੱਕਾ ਹੈ ਕਿ ਬ੍ਰਾਹਮਣ ਲੋਕ ਵਿਦੇਸ਼ੀ ਹਨ ਅਤੇ ਉਹਨਾਂ ਨੂੰ ਯੂਰੇਸ਼ੀਅਨ ਬ੍ਰਾਹਮਣ ਕਹਿਣਾ ਚਾਹੀਦਾ ਹੈ, ਨਾ ਕਿ ਆਰੀਆ ਬ੍ਰਾਹਮਣ। ਵੈਸੇ ਦੇਖਿਆ ਜਾਵੇ ਤਾਂ ਆਰੀਆ ਸ਼ਬਦ ਨੂੰ ਭਾਰਤ ਦੇ ਮੂਲ ਨਿਵਾਸੀ ਲੋਕਾਂ ਤੋਂ ਹੀ ਬ੍ਰਾਹਮਣਾਂ ਨੇ ਚੋਰੀ ਕੀਤਾ ਹੈ। ਆਰੀਆ ਦਾ ਅਰਥ ਹੁੰਦਾ ਹੈ ਸ਼੍ਰੇਸਠ ਜਾਂ ਪਵਿੱਤਰ। ਆਰੀਆ ਸ਼ਬਦ ਦੀ ਉਪਾਧੀ ਦੇ ਕੇ ਆਪਣੇ ਆਪ ਨੂੰ ਅਤੀ ਪ੍ਰਾਚੀਨ ਮੰਨਦੇ ਹਨ। ਇਸੇ ਦੀ ਬਦੌਲਤ ਉਹ ਭਾਰਤ ਦੇ ਮੂਲ ਨਿਵਾਸੀ ਹੋਣ ਦੀਆਂ ਝੂਠੀਆਂ ਅਫਵਾਹਾਂ ਫੈਲਾਉਂਦੇ ਹਨ, ਜਿਸ ਤੋਂ ਮੂਲ ਨਿਵਾਸੀ ਸਮਾਜ ਵਿਚ ਭਰਮ ਫੈਲਦਾ ਹੈ।


**ਅਨੁਵਾਦ-ਤਰਸੇਮ ਜਲੰਧਰੀ (ਸੰਪਾਦਕ)**

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

Harmandeep Singh

**510- 733- 2222**

1421 Industrial PKWY West#F Hayward, CA 94544



# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH 11:00 AM TO 3:00 PM.

WE ARE OPEN SEVEN DAYS 11AM TO 10PM



ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

Contact Us:
Ph. 510-885-1212,
Fax 510-885-1532



Surinder Koka
www.haywardtandoor.com



FREE WiFi

Ram Gopal

# Annabelle's Pizza & Pasta Kitchen

200 "J" Street
Sacramento, CA 95814 (916) 448-6239

BIG SCREEN TV

IN OLD SACRAMENTO

## Annabelle's Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi
FREE WiFi
FREE WiFi
FREE WiFi

Varieties of Video Games Available

Variety of Sandwiches are also available

Ram Gopal (916) 448-6239
200 "J" Street, Sacramento, CA 95814



# Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ **"CAP CONSUMER ASSITANT PROGRAM"** ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ **$500.00** ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ **www.smogcheck.ca.gov** ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ **DMV** ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

**(916) 992-9004**

SMOG N TAG

$10.00 Off initial Smog Check
Restrictions Apply - See Store for Details

(916) 334-7664
6421 Watt Ave.
North Highlands, CA 95660

STAR Certified

# ਸਮਾਜਿਕ ਵਿਤਕਰੇ, ਛੂਆ-ਛਾਤ ਦਾ ਕਹਿਰ-ਕਾਮਰੇਡ ਗੰਧਰਵ ਸੈਨ ਨੂਰਮਹਿਲ ਦੀ ਜ਼ਬਾਨੀ


ਕਾ. ਗੰਧਰਵ ਸੈਨ ਕੋਛੜ, ਆਪਣੀ ਸਵੈ-ਜੀਵਨੀ, ਅਨੁਭਵ ਤੇ ਅਧਿਐਨ ਵਿਚ ਲਿੱਕਦੇ ਹਨ, "ਇਕ ਦਿਨ ਅੰਬਾਂ ਦੇ ਬਾਗ ਨੂੰ ਪਾਣੀ ਲੱਗ ਰਿਹਾ ਸੀ। ਸ਼ੇਰਾ ਅਰਾਂਈ ਹਰਟ (ਹਰਟ ਫਾਰਸੀ ਦੇ ਸ਼ਬਦ 'ਰਹਿਟ' ਤੋਂ ਵਿਗੜਿਆ ਹੋਇਆ ਸ਼ਬਦ ਹੈ) ਚਲਾ ਰਿਹਾ ਸੀ। ('ਅਰਾਂਈ ਮੁਸਲਮਾਨ ਕਿਸਾਨ ਹੁੰਦੇ ਸਨ)। ਪਿਤਾ ਜੀ ਨੇ ਆਪਣੇ ਇਕ ਪੁਰਾਣੇ ਨੌਕਰ ਜਿਊਣ (ਉਹ ਕੰਦੋਲਿਆਂ ਦਾ ਬਾਲਮੀਕ ਸੀ) ਨੂੰ ਪਾਣੀ ਦੇ ਨੱਕੇ ਮੋੜਨ ਲਈ ਬਾਗ ਵਿਚ ਭੇਜਿਆ। ਜਦ ਮੈਨੂੰ ਪਿਆਸ ਲੱਗੀ ਮੈ ਹਰਟ ਉੱਤੇ ਗਿਆ ਤੇ ਨਸਾਰ ਦੇ ਅੱਗਿਓ ਬੁੱਕਾਂ ਨਾਲ ਪਾਣੀ ਪੀਤਾ। ਉਸ ਵੇਲੇ ਜਿਊਣ ਵੀ ਆਪਣੀ ਮਿੱਟੀ ਦੀ ਘੜੀ ਲੈ ਕੇ ਉਥੇ ਪਾਣੀ ਲੈਣ ਆ ਗਿਆ। ਜਿਊਣ ਨੇ ਕੱਚੀ ਆੜ 'ਤੇ ਘੜੀ ਰੱਖੀ ਤੇ ਬੁੱਕਾਂ ਨਾਲ ਘੜੀ ਨੂੰ ਭਰਨ ਲੱਗਾ। ਮੈਂ ਉਸ ਨੂੰ ਕਿਹਾ,'ਜਿਊਣਿਆਂ ਤੂੰ ਨਸਾਰ ਥੱਲੇ ਘੜੀ ਨੂੰ ਕਿਉਂ ਨਹੀ ਭਰਦਾ, ਇਥੇ ਪਾਣੀ ਸਾਫ ਹੈ। ਸ਼ੇਰਾ ਅਰਾਂਈ ਪਰੈਣੀ ਚੁੱਕ ਕੇ ਨੱਠਾ ਆਇਆ ਤੇ ਕਹਿਣ ਲੱਗਾ,"ਮੈਂ ਇਸ ਨੂੰ ਨਸਾਰ ਅੱਗਿਓ ਪਾਣੀ ਨਹੀ ਭਰਨ ਦੇਣਾ।'' ਜਿਊਣ ਮੁੜ ਕੱਚੀ ਆੜ 'ਚੋਂ ਬੁੱਕਾਂ ਨਾਲ ਪਾਣੀ ਭਰਨ ਲੱਗ ਗਿਆ। ਜਿਊਣ ਨੂੰ ਸਮਾਜ ਵਿਚ ਆਪਣੀ ਸਥਿਤੀ ਦਾ ਪਤਾ ਸੀ ਪਰ ਮੈਂ ਨਹੀ ਜਾਣਦਾ ਸੀ। ਮੇਰੇ ਮਨ ਉੱਤੇ ਇਸ ਘਟਨਾਂ ਦਾ ਬਹੁਤ ਹੀ ਮਾੜਾ ਅਸਰ ਹੋਇਆ।

ਸਾਡੇ ਬਾਗ ਦੇ ਪੱਛਮ ਵੱਲ ਇਕ ਬਹੁਤ ਵੱਡਾ ਖੁਲਾ ਮੈਦਾਨ ਸੀ, ਜੋ ਨੂਰਮਹਿਲ ਸ਼ਹਿਰ ਦੇ ਨਾਲ ਹੀ ਲਗਦਾ ਸੀ। ਉਥੇ ਹਰ ਦੋ ਤਿੰਨ ਸਾਲ ਬਾਅਦ ਇਕ ਸਰਕਸ ਵਾਲਾ ਆਪਣੀ ਸਰਕਸ ਲੈ ਕੇ ਆਂਉਦਾ ਸੀ। ਉਸ ਨੇ ਆਪਣੇ ਤੰਬੂ ਉਥੇ ਗੱਡੇ ਹੋਏ ਸਨ। ਉਹ ਆਪਣੇ ਨਾਲ ਹਾਥੀ, ਸ਼ੇਰ ਵਗੈਰਾ ਲੈ ਕੇ ਆਇਆ ਸੀ।

ਮੈਂ ਅਜੇ ਉਥੇ ਖੂਹ ਕੋਲ ਨਸਾਰ ਕੋਲ ਹੀ ਸੀ, ਸ਼ੇਰਾ ਅਰਾਂਈ ਅਤੇ ਜਿਊਣ ਵੀ ਅਜੇ ਮੇਰੇ ਕੋਲ ਹੀ ਖੜੇ ਸਨ, ਏਨੇ ਨੂੰ ਸਰਕਸ ਦਾ ਮਹਾਤਵ ਆਪਣੇ ਹਾਥੀ ਨੂੰ ਪਾਣੀ ਪਿਲਾਉਣ ਲਈ ਬਾਗ ਵਿਚ ਲੈ ਅਇਆ ਤੇ ਹਾਥੀ ਨੇ ਆਉਂਦਿਆਂ ਹੀ ਆਪਣਾ ਸੁੰਡ ਨਸਾਰ ਵਿਚ ਫਸਾ ਦਿੱਤਾ। ਉਹ 15-20 ਮਿੰਟ ਤੱਕ ਪਾਣੀ ਪੀਂਦਾ ਰਿਹਾ। ਏਨੀ ਦੇਰ ਨੂੰ ਆਡ ਵਿਚ ਪਾਣੀ ਦਾ ਨਕਾਲ ਮਰ ਗਿਆ। ਮੈਂ ਸ਼ੇਰੇ ਤੋਂ ਪੁਛਿਆ, 'ਸ਼ੇਰੇ! ਤੂੰ ਇਸ ਜਾਨਵਰ ਨੂੰ ਕੁੱਝ ਵੀ ਨਹੀ ਕਿਹਾ।' ਇਸ ਉੱਤੇ ਸ਼ੇਰਾ ਅਰਾਂਈ ਚੁੱਪ ਹੀ ਰਹਿ ਗਿਆ।

ਇਸ ਘਟਨਾ ਨੇ ਮੈਨੂੰ ਸਮਾਜ ਵਿਚ ਹੋ ਰਹੀਆਂ ਛੂਆ-ਛਾਤ ਦੀਆਂ ਘਟਨਾਵਾਂ ਯਾਦ ਕਰਵਾ ਦਿੱਤੀਆਂ। ਉਨ੍ਹਾਂ ਵਿਚੋਂ ਦੋ ਤਿੰਨ ਇਸ ਤਰਾਂ ਹਨ-

ਇਸ ਵਾਰ ਅਸੀ (ਮੈਂ ਅਤੇ ਜਿਊਣ ਦਾ ਲੜਕਾ ਜਵਾਲਾ, ਜੋ ਮੇਰਾ ਹਾਣੀ ਸੀ) ਛੂਹਣ-ਛੁਆਈ ਖੇਲ ਰਹੇ ਸਾਂ, ਮੈਂ ਜਵਾਲੇ ਨੂੰ ਜਾ ਕੇ ਛੂਹ ਲਿਆ। ਉਥੇ ਮੇਰਾ ਵੱਡਾ ਭਰਾ ਓਮ ਪ੍ਰਕਾਸ਼ ਵੀ ਸੀ। ਉਸ ਨੇ ਦੇਖ ਲਿਆ। ਉਸ ਨੂੰ ਚੰਗਾ ਨਹੀ ਲੱਗਾ। (ਕਿਉਂਕਿ ਸਮਾਜਿਕ ਮਾਹੌਲ ਦੀ ਇਹੋ ਮਾਨਸਿਕਤਾ ਬਣੀ ਹੋਈ ਸੀ)। ਮੇਰਾ ਭਰਾ ਮੇਰੇ ਉੱਤੇ ਪਾਣੀ ਪਾਉਣ ਲਈ ਗੜਵੀ ਭਰਕੇ ਮੇਰੇ ਵਲ ਆਇਆ। ਮੈਂ ਠੰਢੇਂ ਪਾਣੀ ਤੋਂ ਬਚਣ ਲਈ ਨੱਠਿਆ। ਉਦੋਂ ਸਰਦੀਆਂ ਦੇ ਦਿਨ ਸਨ। ਮੈਂ ਭਰਾ ਦੇ ਅੱਗੇ-ਅੱਗੇ ਦੋੜਦਾ ਛੇਤੀ ਹੀ ਉਹਦੀ ਪਕੜ ਵਿਚ ਆ ਗਿਆ। ਉਸ ਨੇ ਪਾਣੀ ਦੀ ਗੜਵੀ ਮੇਰੇ ਉੱਤੇ ਡੋਲ ਦਿੱਤੀ ਕਿਉਂਕਿ ਭਰਾ ਦੇ ਖਿਆਲ ਵਿਚ ਮੈਂ ਜਵਾਲੇ ਨਾਲ ਲੱਗ ਕੇ ਭਿੱਟਿਆ ਗਿਆ ਸੀ ਤੇ ਪਾਣੀ ਨਾਲ ਸ਼ੁੱਧ ਹੋ ਗਿਆ।




ਵਿਆਹ ਸ਼ਾਦੀਆਂ 'ਤੇ ਜੋ ਵਿਵਹਾਰ ਬਾਲਮੀਕੀਆਂ ਨਾਲ ਹੁੰਦੇ ਸੀ, ਉਹ ਅੱਖਾਂ ਅੱਗੇ ਆ ਗਿਆ। ਉਨ੍ਹਾਂ ਨੂੰ ਕਦੇ ਵੀ ਸਾਫ ਸੁਥਰੀ ਚੀਜ਼, ਦਾਲ ਰੋਟੀ, ਮਠਿਆਈਆਂ ਆਦਿ ਖਾਣ ਲਈ ਨਹੀ ਸੀ ਦਿੱਤੀ ਜਾਂਦੀ, ਉਦੋਂ ਖਾਣਾ ਬਰਾਤ ਅੱਗੇ ਪਤਲਾਂ ਉੱਤੇ ਪਰੋਸਿਆ ਜਾਂਦਾ ਸੀ। ਜਦ ਲੜਕੇ ਦੇ ਵਿਆਹ ਦੀ ਬਰਾਤ ਜਾਂਦੀ, ਉਦੋਂ ਖਾਣਾ ਪਰੋਸਿਆ ਜਾਂਦਾ, ਖਾਂਦੇਂ-ਖਾਂਦੇਂ ਜਦ ਖਾਣਾ ਅੱਗੇ ਥੋੜਾ ਰਹਿ ਜਾਦਾ ਤਾਂ ਬਰਾਤੀ ਬਜ਼ੁਰਗ ਬਰਾਤੀਆਂ ਨੂੰ ਕਹਿ ਦਿੰਦੇ ਕਿ ਖਾਣਾ ਥੋੜਾ ਜੂਠਾ ਛੱਡ ਦਿਉ ਤਾਂ ਕਿ ਉਨ੍ਹਾਂ ਦੇ ਸਫਾਈ ਕਰਮਚਾਰੀਆਂ ਨੂੰ ਬਚਿਆ ਹੋਇਆ ਜੂਠਾ ਖਾਣਾ ਮਿਲ ਸਕੇ। ਉਨ੍ਹਾਂ ਨੂੰ ਇਹੋ ਖਾਣਾ ਖਾਣ ਲਈ ਦਿੱਤਾ ਜਾਦਾਂ ਸੀ। ਚੰਗਾਂ ਖਾਣਾ ਨਹੀ ਸੀ ਦਿੱਤਾ ਜਾਂਦਾ। ਉਨ੍ਹਾਂ ਦੀ ਮਾਨਸਿਕਤਾ ਵੀ ਇਹੋ ਬਣੀ ਹੋਈ ਸੀ।

ਭਾਰਤ ਵਿਚ ਸਿਰ ਉੱਤੇ ਬਾਲਮੀਕਾਂ ਵੱਲੋਂ ਮੈਲਾਂ ਢੋਹਣ ਦਾ ਮਾੜਾ ਰਿਵਾਜ, ਜਦ ਹੁਣ ਵੀ ਅੱਖਾਂ ਅੱਗੇ ਆ ਜਾਂਦਾ ਹੈ ਤਾਂ ਦਿਲ ਹਿੱਲ ਜਾਂਦਾ ਹੈ। ਮੈਨੂੰ ਉਦੋਂ ਵੀ ਬਹੁਤ ਬੁਰਾ ਲੱਗਦਾ ਸੀ। ਸਮਾਜ ਦੇ ਇਸ ਵਿਵਹਾਰ ਉੱਤੇ ਗਿਲਾਨੀ ਹੁੰਦੀ ਹੈ।

ਉਹ ਮੈਲਾ ਢੋਹਣ ਵਾਲੇ ਤੇ ਨਾਲੀਆਂ ਸਾਫ ਕਰਨ ਵਾਲੇ ਸਫਾਈ ਕਰਮਚਾਰੀਆਂ ਦੀ ਮਜਬੂਰੀ ਸੀ ਕਿ ਉਨ੍ਹਾਂ ਲਈ ਹੋਰ ਕੋਈ ਕਿੱਤਾ ਨਹੀ ਸੀ। ਉਹ ਇਸੇ ਤਰਾਂ ਜਿਉਣ ਲਈ ਮਜਬੂਰ ਸਨ।

1953 ਵਿਚ, ਜਦ ਮੈ ਮਿਊਸੀਪਲ ਕਮੇਟੀ ਦਾ ਪ੍ਰੈਜ਼ੀਡੈਂਟ ਸੀ, ਮੈਂਨੂੰ ਇਨ੍ਹਾਂ ਦੇ ਘਰਾਂ ਅਤੇ ਗਲੀਆਂ ਵਿਚ ਜਾਣ ਦਾ ਮੌਕਾ ਮਿਲਿਆ। ਇਨ੍ਹਾਂ ਦੀ ਹਾਲਤ ਮੈਂ ਨੇੜਿਓ ਦੇਖੀ। ਗਲੀਆਂ ਭੀੜੀਆਂ ਸਨ, ਦੋ ਆਦਮੀ ਬਰੋ-ਬਰਾਬਰ ਨਹੀ ਸੀ ਲੰਘ ਸਕਦੇ। ਤੰਗ ਤੇ ਛੋਟੇ ਘਰਾਂ ਦੇ ਦਰਵਾਜ਼ਿਆਂ ਵਿਚ ਬੈਠੇ ਆਦਮੀ, ਜਿਨ੍ਹਾਂ ਨੂੰ ਮੈਂ 10-12 ਸਾਲ ਪਹਿਲਾਂ ਜਵਾਨ ਦੇਖਿਆ ਸੀ, ਉਹ ਅੱਖਾਂ ਗਵਾ ਕੇ, ਆਪਣੇ ਦਰਾਂ ਵਿਚ ਬੈਠੇ ਬੁੱਢੇ ਹੋਏ ਲਗਦੇ ਸਨ। ਉਹ ਬੜੇ ਬੇਵੱਸ ਲਗਦੇ ਸਨ। ਇਸ ਲਈ ਭਾਰਤ ਦੀ ਇਸ ਵਿਵਸਥਾ ਨੂੰ ਬਦਲਣ ਲਈ ਮੇਰੇ ਵਿਚਾਰ ਦ੍ਰਿੜ ਹੁੰਦੇ ਗਏ।

ਕਾ. ਸੈਨ ਨੇ ਬੜੀ ਬੇਬਾਕੀ ਅਤੇ ਖੁੱਲ੍ਹੀਦਿਲੀ ਨਾਲ਼ ਸਵੀਕਾਰ ਕੀਤਾ ਹੈ," ਉਨ੍ਹਾਂ ਨੂੰ ਸਮਾਜ ਵਿਚਲੀ ਵਰਣ ਵਿਵਸਥਾ, ਜਾਤੀ ਤੇ ਜਮਾਤੀ ਵੰਡ ਤੇ ਹੋਰ ਹਕੀਕਤਾਂ ਦਾ ਗਹਿਰਾ ਅਧਿਐਨ ਨਾ ਹੋਣ ਕਰਕੇ, ਉਹ ਆਪਣੀ ਸੋਚ ਦਾ ਜੋਰਦਾਰ ਢੰਗ ਨਾਲ਼ ਪਾਰਟੀ ਫਾਰਮ ਉੱਤੇ ਪ੍ਰਗਟਾਵਾ ਨਾ ਕਰ ਸਕੇ ਤੇ ਨਾ ਹੀ ਸਿਆਸੀ-ਲਾਇਨ ਬਣਾਉਣ ਵਿਚ ਕੋਈ ਅਹਿਮ-ਭੂਮਿਕਾ ਨਿਭਾ ਸਕੇ।''



ਐਸ ਐਲ ਵਿਰਦੀ ਐਡਵੋਕੇਟ
98145 17499

ਕਾ. ਸੈਨ ਲਿੱਖਦੇ ਹਨ,"ਉਸ ਵੇਲੇ (ਕਮਿਉਨਿਸਟ ਪਾਰਟੀ ਦੇ) ਸਟੱਡੀ ਸਰਕਲਾਂ ਦੀ ਪੜਾਈ ਵਿਚ ਜੋ ਪੈਂਡੂ, ਗਰੀਬ-ਦਲਿਤ, ਸ਼ਹਿਰੀ ਗਰੀਬ-ਦਲਿਤ, ਛੋਟੀ ਦਸਤਕਾਰ ਅਤੇ ਉਹ ਜਾਤੀਆਂ, ਜਿਹੜੀਆਂ ਇਸ ਦੇਸ ਦੀ ਵਰਣ-ਵਿਵਸਥਾ ਨੇ ਪੈਦਾਵਾਰ ਦੇ ਸਧਾਨਾਂ ਤੋਂ, ਆਪਣੀ ਕਮਾਈ ਅਤੇ ਕੰਮ ਕਰਨ ਦੇ ਸਾਧਾਨਾਂ ਤੋਂ ਵਾਂਝੀਆਂ ਕੀਤੀਆਂ ਹੋਈਆਂ ਸਨ, ਉਹਨਾਂ ਨੂੰ ਇਸ ਤਰਾਂ ਆਪਣੀ ਕਮਾਈ ਦਾ ਪੂਰਾ ਫ਼ਲ ਭੋਗਣ ਤੋਂ ਵੰਚਿਤ ਕੀਤਾ ਹੋਇਆ ਸੀ। (ਉਨ੍ਹਾਂ ਨੂੰ ਕੰਮੀ ਕਿਹਾ ਜਾਂਦਾ ਸੀ) ਇਸ ਦਾ ਜਿਕਰ ਨਹੀ ਸੀ ਆਉਂਦਾ।''

"ਦੇਸ਼ ਦੇ ਆਦਿਵਾਸੀ, ਜਿਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੈ। ਜੋ ਦੇਸ ਦੇ ਵੱਡੇ ਹਿੱਸੇ ਵਿਚ ਫੈਲੇ ਹੋਏ ਹਨ। ਅੱਤ ਦੀ ਗਰੀਬੀ ਦੀ ਹਾਲਤ ਵਿਚ ਸਮਾਜੀ ਵਿਕਾਸ ਦੀ ਮੁੱਢਲੀ ਤਹਿ ਉੱਤੇ ਬੈਠੇ ਹਨ। ਇਹਨਾਂ ਦੀ ਸਥਿਤੀ ਦੇ ਸ਼ੋਸ਼ਣ ਦਾ ਜ਼ਿਕਰ ਕਦੇ ਵੀ ਨਹੀ ਆਇਆ। ਇਹ (ਕਮਿਉਨਿਸਟ ਪਾਰਟੀ ਦੇ) ਸਟੱਡੀ ਸਰਕਲਾਂ ਦੀ ਬਹੁਤ ਵੱਡੀ ਘਾਟ ਰਹੀ। ਇਸ ਤਰਾਂ ਦੇਸ਼ ਦੀ ਵੱਡੀ ਮਿਹਨਤਕਸ਼ ਵਸੋਂ ਦੀ ਅਰਥਿਕ ਤੇ ਸਮਾਜਿਕ ਸਥਿਤੀ ਬਾਰੇ ਸਾਨੂੰ ਗਿਆਨ ਹੀ ਨਹੀ ਮਿਲ ਸਕਿਆ। ਖੱਬੀ ਸੋਚ ਦੀਆਂ ਅਖ਼ਬਾਰਾਂ ਵਿਚ ਵੀ ਨਾ ਮੈਂ ਕੋਈ ਲੇਖ ਇਸ ਵਿਸ਼ੇ 'ਤੇ ਪੜਿਆ ਅਤੇ ਨਾ ਹੀ ਕੋਈ ਕਿਤਾਬ ਮੈਨੂੰ ਇਸ ਵਿਸ਼ੇ ਉੱਤੇ ਪੜ੍ਹਨ ਨੂੰ ਹੀ ਮਿਲੀ। ਸਮਾਜ ਦੇ ਇਸ ਦੱਬੇ-ਕੁਚਲੇ ਵਰਗ ਨਾਲ, ਜੋ ਵਿਤਕਰਾ ਹੁੰਦਾ ਸੀ, ਉਹ ਮੈਨੂੰ ਹਰ ਵੇਲੇ ਮਹਿਸੂਸ ਹੁੰਦਾ ਰਹਿੰਦਾ ਹੈ।''

( ਕਾ. ਗੰਧਰਵ ਸੈਨ ਕੋਛੜ, ਅਨੁਭਵ ਤੇ ਅਧਿਐਨ ਸਫਾ, 37-39-10 ਵਿਚੋਂ, ਧੰਨਵਾਦ ਸਹਿਤ)

ਭਾਰਤ ਵਿਚ ਕਮਿਉਨਿਸਟ ਇਨਕਲਾਬ ਦੇ ਸਫ਼ਲ ਨਾ ਹੋਣ ਦਾ ਇਹ ਇਕ ਮੁੱਖ ਕਾਰਨ ਹੈ।

# ਪੰਜਾਬ ਦੇ ਪਿੰਡਾਂ 'ਚ ਦਲਿਤਾਂ ਅਤੇ ਧਨਾਡ ਜ਼ਿਮੀਦਾਰਾਂ ਵਿਚਕਾਰ ਟਕਰਾ ਕਿਉਂ ਵੱਧ ਰਿਹਾ ਹੈ?

ਪੰਜਾਬ ਤੇ ਖਾਸ ਕਰ ਮਾਲਵੇ ਦੇ ਪਿੰਡਾਂ 'ਚ ਪਿੱਛਲੇ ਦਹਾਕੇ ਤੋਂ ਪਹਿਲਾਂ ਤਾਂ ਬੇਘਰੇ ਲੋਕਾਂ ਲਈ ਪਲਾਟ, ਫ਼ਿਰ ਮਹਿੰਗਾਈ ਕਾਰਨ ਮਜ਼ਦੂਰੀ 'ਚ ਵਾਧੇ ਲਈ ਤੇ ਪਿੱਛਲੇ ਦਿਨਾ ਤੋਂ ਪੰਚਾਇਤੀ ਜ਼ਮੀਨ 'ਚ ਹਿੱਸੇਦਾਰੀ ਲਈ ਸੰਘਰਸ਼ ਚੱਲ ਰਿਹਾ ਹੈ। ਬਾਉਪੁਰ, ਬਾਲਦ ਕਲਾਂ, ਮਤੋਈ ਤੇ ਨਮੋਲ ਪਿੰਡਾਂ ਚ ਤਾਂ ਇਹ ਤਣਾਅ ਦਲਿਤਾਂ ਦੇ ਸਮਾਜਿਕ ਬਾਈਕਾਟ ਤੱਕ ਪਹੁੰਚਿਆ। ਨਿਯਮਾ ਅਨੁਸਾਰ ਪਿੰਡਾਂ ਵਿਚਲੀ ਪੰਚਾਇਤੀ ਜ਼ਮੀਨ 'ਚੋਂ ਤੀਜਾ ਹਿੱਸਾ ਦਲਿਤ ਸਮਾਜ ਲਈ ਰਿਜ਼ਰਵ ਹੈ ਪਰ ਧਨਾਡ ਜ਼ਿਮੀਦਾਰ ਹੁਣ ਤਕ ਇਹ ਰਾਖਵੀ ਜ਼ਮੀਨ, ਕਿਸੇ ਦਲਿਤ ਨੂੰ ਵਰਗਲਾ ਕੇ ਉਸ ਦੇ ਨਾਂ 'ਤੇ ਲੈਂਦੇ ਆ ਰਹੇ ਹਨ। ਮਾਲਵੇ ਦੇ ਦਲਿਤ ਮਜ਼ਦੂਰਾਂ ਤੇ ਅਗਾਂਹ ਵਧੂ ਲੋਕਾਂ ਨੇ ਇਸ ਅਨਿਆਂ ਤੇ ਧੱਕੇਸ਼ਾਹੀ ਖਿਲਾਫ਼ ਅਤਿ ਦੀਆਂ ਮੁਸੀਬਤਾਂ ਤੇ ਜੇਲ੍ਹਾਂ ਕੱਟਕੇ ਪੰਚਾਇਤੀ ਜ਼ਮੀਨ 'ਚ ਦਲਿਤਾਂ ਦੀ ਹਿੱਸੇਦਾਰੀ ਦਾ ਹੱਕ ਪ੍ਰਾਪਤ ਕਰ ਲਿਆ ਹੈ।

ਮਾਲਵੇ ਦੇ ਪਿੰਡਾਂ 'ਚ ਦਲਿਤ ਮਜ਼ਦੂਰਾਂ ਅਤੇ ਧਨਾਡ ਜਿਮੀਦਾਰਾਂ ਦਰਮਿਆਨ ਇਸ ਸੰਘਰਸ਼ ਪਿੱਛੇ ਪੰਜਾਬ ਦੀ ਬਦਲਦੀ ਸਮਾਜਿਕ-ਆਰਥਿਕ ਹਾਲਤ ਹੈ। ਹੋਇਆ ਇਹ ਕਿ ਪੰਜਾਬ ਵਿਚ 20ਵ ਸਦੀ ਦੇ ਚੌਥੇ ਪੰਜਵੇਂ ਦਹਾਕੇ 'ਚ ਉੱਠੇ ਮੁਜ਼ਾਰਾ ਅੰਦੋਲਨ ਸਦਕਾ ਮੁਜਾਰਿਆਂ ਨੂੰ ਜਮੀਨਾਂ ਮਿਲ ਗਈਆਂ। ਪਰ ਸਵਾਲ ਇਹ ਹੈ ਕਿ ਇਨ੍ਹਾਂ ਮੁਜ਼ਾਰਿਆਂ ਦੇ ਸੰਗ ਦਲਿਤ ਤੇ ਉਹਨਾਂ ਦੇ ਪਰਿਵਾਰ ਵੀ ਖੇਤਾਂ 'ਚ ਕੰਮ ਕਰਦੇ ਸਨ। ਉਹਨਾਂ ਪਾਸ ਜਮੀਨਾ ਕਿਉ ਨਹੀ ਹਨ? ਦੀ ਪੰਜਾਬ ਲੈਂਡ ਐਲੀਨੇਸ਼ਨ ਐਕਟ ਅਨੁਸਾਰ ਪੰਜਾਬ ਦੇ ਦਲਿਤਾਂ ਨੂੰ ਜ਼ਮੀਨ ਦਾ ਅਧਿਕਾਰ ਨਹੀਂ ਸੀ। ਜ਼ਮੀਨ ਤਾਂ ਕੀ ਦਲਿਤਾਂ ਦੇ ਨਾਂ 'ਤੇ ਇਕ ਇੰਚ ਵੀ ਜਮੀਨ ਨਹੀਂ ਹੋ ਸਕਦੀ ਸੀ। ਦਲਿਤਾਂ ਦਾ ਕੋਠਾ ਵੀ ਕਿਸੇ ਉਚ ਜਾਤੀ ਦੇ ਨਾਮ 'ਤੇ ਹੁੰਦਾ ਸੀ ਤੇ ਉਹ ਇਸ ਦੇ ਬਦਲੇ ਦਲਿਤ ਤੋਂ ਬਗ਼ਾਰ ਲੈਂਦਾ ਸੀ। ਡਾਕਟਰ ਅੰਬੇਡਕਰ ਨੇ ਕਨੂੰਨ ਮੰਤਰੀ ਹੁੰਦੇ ਹੋਏ ਮੌਕੇ ਇਸ ਐਕਟ' ਨੂੰ ਖਤਮ ਕਰ ਦਿੱਤਾ।

ਭਾਰਤ ਦੇ ਬਟਵਾਰੇ ਤੋਂ ਬਾਅਦ ਉਸ ਸਮੇਂ ਦੇਸ਼ ਵਿਚ 40 ਲੱਖ ਏਕੜ ਵਾਹੀਯੋਗ ਜ਼ਮੀਨ ਵੇਹਲੀ ਪਈ ਸੀ। ਡਾਕਟਰ ਅੰਬੇਡਕਰ ਨੇ ਜਵਾਹਰ ਲਾਲ ਨਹਿਰੂ ਤੋਂ ਇਸ ਵਿਚੋਂ 4 ਲੱਖ ਏਕੜ ਜਮੀਨ ਪਾਕਿਸਤਾਨ ਤੋਂ ਆਏ ਦਲਿਤਾਂ ਵਾਸਤੇ ਪਾਸ ਕਰਾ ਲਈ ਸੀ। ਜਦ ਇਸ ਗੱਲ ਦਾ ਪਤਾ ਉਸ ਸਮੇਂ ਦੇ ਪੰਜਾਬ ਦੇ ਚੀਫ ਮਨਿਸਟਰ ਪ੍ਰਤਾਪ ਸਿੰਘ ਕੈਰੋਂ ਨੂੰ ਲੱਗਾ ਤਾਂ ਉਸ ਨੇ ਨਹਿਰੂ 'ਤੇ ਦਬਾ ਪਾਉਦਿਆ ਕਿਹਾ,'ਜਮੀਨ ਜੇ ਦਲਿਤਾਂ ਨੂੰ ਦੇਣੀ ਹੈ ਤਾਂ ਜੱਟ ਫ਼ਿਰ ਕਿਥੇ ਜਾਣਗੇ? ਫ਼ਿਰ ਉਹ. ਮਾਰਨਗੇ।' ਸਿੱਟੇ ਵਜੋਂ ਦਲਿਤਾਂ ਨੂੰ ਜ਼ਮੀਨ ਨਹੀ ਮਿਲੀ।

20ਵੀਂ ਸਦੀ ਦੇ 6-7ਵੇਂ ਦਹਾਕੇ ਵਿਚ ਆਏ ਹਰੇ ਇਨਕਲਾਬ ਕਾਰਨ ਪਿੰਡਾਂ ਵਿਚ ਕਈ ਕਿਸਾਨ ਤੋਂ ਜ਼ਿਮੀਦਾਰ ਅਤੇ ਫਿਰ ਜ਼ਿਮੀਦਾਰ ਤੋਂ ਧਨਾਡ ਜਗੀਰਦਾਰ, ਸਮੰਤ ਤੇ ਸਰਮਾਏਦਾਰ ਬਣ ਗਏ ਹਨ। ਸਿੱਟੇ ਵਜੋਂ ਇਕ ਨਵਾਂ ਵਰਗ ਧਨਾਡ ਕਿਸਾਨ ਪੈਦਾ ਹੋਇਆ ਹੈ। ਇਹ ਹੀ ਹੁਣ ਰਾਜਨੀਤੀ, ਆਰਥਿਕਤਾ ਅਤੇ ਸਮਾਜ ਉੱਤੇ ਵੀ ਕਾਬਜ ਹੋ ਗਿਆ ਹੈ। ਇਸ ਜਗੀਰੂ ਸਮੰਤੀ ਵਰਗ ਦੇ ਉਭਾਰ 'ਚ ਐਨ ਆਰ ਆਈ ਅਤੇ ਅਜ਼ਾਦੀ ਤੋਂ ਬਾਅਦ ਆਈ ਅਫਸਰਸ਼ਾਹੀ ਦਾ ਵੀ ਯੋਗਦਾਨ ਹੈ।

ਪੰਜਾਬ ਦੀ ਕਿਸਾਨੀ ਨੂੰ ਮੁੱਖ ਤੌਰ ਉਤੇ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਕਰੀਬ 10 ਏਕੜ ਤੋਂ ਵੱਧ ਵਾਲੇ 7 ਫੀਸਦੀ ਵੱਡੇ ਧਨਾਡ ਕਿਸਾਨ ਹਨ। ਦੂਜੇ ਪੰਜ ਤੋਂ ਦਸ ਏਕੜ ਤੱਕ ਮਾਲਕੀ ਵਾਲੇ 20 ਫੀਸਦੀ ਦਰਮਿਆਨੇ ਕਿਸਾਨ ਹਨ ਅਤੇ ਤੀਜੇ ਇਕ ਤੋਂ ਪੰਜ ਏਕੜ ਤੱਕ ਦੀ ਮਾਲਕੀ ਵਾਲੇ 73 ਫੀਸਦੀ ਛੋਟੇ ਤੇ ਗਰੀਬ ਕਿਸਾਨ ਹਨ ਜੋ ਆਪਣਾ ਕੰਮ ਜ਼ਿਆਦਾਤਰ ਖੁਦ ਤੇ ਆਪਣੀ ਪਰਿਵਾਰਿਕ ਮਦਦ ਨਾਲ ਹੀ ਕਰਦੇ ਹਨ। ਕਿਸਾਨੀ ਦਾ ਇਹ ਵਰਗ ਅੱਜ ਪੂੰਜੀਵਾਦ ਦੀ ਮਾਰ ਹੇਠ ਆਇਆ ਹੋਇਆ ਹੈ। ਇਹ ਗਰੀਬ ਕਿਸਾਨ ਜ਼ਮੀਨਾਂ ਵੇਚ ਕੇ ਜਾਇਦਾਦਹੀਣ ਮਜ਼ਦੂਰ ਵਰਗ ਵਿਚ ਸਮਾ ਰਹੇ ਹਨ।

ਦੂਜੇ ਪਾਸੇ ਖੇਤੀ ਦੇ ਮਸ਼ੀਨਰੀਕਰਨ ਕਾਰਨ ਪੇਂਡੂ ਦਲਿਤ ਮਜ਼ਦੂਰਾਂ ਦੇ ਜਿਉਣ ਲਈ ਰੋਟੀ-ਰੋਜ਼ੀ ਦੇ ਰਵਾਇਤੀ ਸਾਧਨ ਖਤਮ ਹੁੰਦੇ ਜਾ ਰਹੇ ਹਨ। 20ਵੀਂ ਸਦੀ ਦੇ ਨੌਵੇਂ ਦਹਾਕੇ 'ਚ ਗੈਟ-ਸਮਝੌਤੇ ਤਹਿਤ ਸ਼ੁਰੂ ਹੋਇਆ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੇ ਪੂੰਜੀਵਾਦੀ ਵਿਕਾਸ ਨੇ ਦਲਿਤ ਮਜ਼ਦੂਰਾਂ ਅਤੇ ਹੋਰ ਬੇਜ਼ਮੀਨੇ ਪੱਛੜੇ ਲੋਕਾਂ ਦੀ ਸਮਾਜਿਕ ਆਰਥਿਕ ਹਾਲਤ ਨੂੰ ਹੋਰ ਵੀ ਦੁੱਖਦਾਇਕ ਬਣਾ ਦਿੱਤਾ ਹੈ। ਘਰੇਲੂ ਛੋਟੇ ਕੰਮ ਬਾਣ ਵੱਟਣ, ਕੱਪੜਾ ਬੁੱਣਨ, ਜੁੱਤੀਆਂ ਤੇ ਭਾਂਡੇ ਬਣਾਉਣ ਆਦਿ ਵੀ ਠੱਪ ਕਰ ਦਿੱਤੇ ਹਨ। ਅਧਿਐਨ ਅਨੁਸਾਰ 32 ਪ੍ਰਤੀਸ਼ਤ ਖੇਤ ਮਜ਼ਦੂਰਾਂ ਨੂੰ ਮਹੀਨੇ ਵਿੱਚ ਔਸਤ 8 ਤੋਂ 10 ਦਿਨ, 67 ਫੀਸਦੀ ਨੂੰ 10 ਤੋਂ 20 ਦਿਨ ਤੇ ਸਿਰਫ਼ ਇੱਕ ਪ੍ਰਤੀਸ਼ਤ ਤੋਂ ਘੱਟ ਨੂੰ ਮਹੀਨੇ ਵਿੱਚ 20 ਦਿਨਾਂ ਤੋਂ ਵੱਧ ਕੰਮ ਮਿਲਦਾ ਹੈ। ਖਾਦਾਂ, ਕੀਟਨਾਸਕ ਦਵਾਈਆਂ ਤੇ ਨਵੇਂ ਬੀਜਾਂ ਦੀ ਲਗਾਤਾਰ ਵਰਤੋ ਨੇ ਦਲਿਤ ਮਜ਼ਦੂਰਾਂ ਤੇ ਹੋਰ ਬੇਜ਼ਮੀਨੇ ਲੋਕਾਂ ਨੂੰ ਪੇਂਡੂ ਅਰਥਚਾਰੇ 'ਚੋਂ ਬਾਹਰ ਕਰ ਦਿੱਤਾ ਹੈ। ਹਾੜੀ ਸਮੋਂ ਸਾਲ ਭਰ ਭੇਟ ਭਰਨ ਲਈ ਲੋੜੀਦੀ ਕਣਕ, ਜੋ ਉਹ ਕਣਕ ਦੇ ਸ਼ੀਜਨ ਦੌਰਾਨ ਪਰਿਵਾਰ ਸਾਥ ਲਗਾ ਕੇ ਕਮਾ ਲੈਂਦੇ ਸਨ, ਉਹ ਵੀ ਵਸੀਲਾ ਕੰਬਾਇਨਾ ਦੀ ਕਟਾਈ ਨੇ ਖਤਮ ਕਰ ਦਿੱਤਾ ਹੈ। ਦਲਿਤ ਮਜ਼ਦੂਰਾਂ ਜਿਹੜੇ ਪਹਿਲਾਂ ਖੇਤਾਂ ਵਿਚ ਦਿਹਾੜੀ-ਜੋਤਾ ਲਾ ਕੇ ਜੀਵਨ ਜਿਉਂਦੇ ਸਨ ਉਹਨਾਂ ਨੂੰ ਵੀ ਮਸ਼ੀਨਰੀਕਰਨ ਨੇ ਬੇਰੋਜ਼ਗਾਰ ਕਰ ਦਿੱਤਾ ਹੈ। ਧਨਾਡ ਜ਼ਿਮੀਦਾਰ ਯੂ.ਪੀ ਬਿਹਾਰ ਤੋਂ ਸਸਤੀ ਲੇਬਰ ਲਿਆ ਕੇ ਕੰਮ ਕਰਾਉਂਦੇ ਹਨ।

ਜ਼ਮੀਨ ਦੇ ਵਪਾਰੀਕਰਨ ਅਤੇ ਮੰਡੀਕਰਨ ਨੇ ਦਲਿਤ ਮਜ਼ਦੂਰਾਂ ਤੇ ਹੋਰ ਸਾਧਨਹੀਣ ਲੋਕਾਂ ਲਈ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਦੋ-ਤਿੰਨ ਦਹਾਕੇ ਪਹਿਲਾਂ ਲਗਭਗ ਸਾਰੇ ਦਲਿਤ, ਬੇਜ਼ਮੀਨੇ ਤੇ ਖੇਤ ਮਜ਼ਦੂਰ ਗੁਜਾਰੇ ਲਈ ਕੋਈ ਨਾ ਕੋਈ ਪਸ਼ੂ ਰੱਖਦੇ ਸੀ, ਜਿਸ ਨੂੰ ਪਾਲ ਪੋਸ, ਦੁੱਧ ਵੇਚ ਕੇ ਉਹ ਆਪਣਾ ਗੁਜ਼ਾਰਾ ਚਲਾਉਂਦੇ ਹਨ। ਦਲਿਤ ਔਰਤਾਂ ਵੱਟ-ਬੰਨਿਆਂ, ਆੜਾਂ-ਖਾਲਾਂ ਤੋਂ ਘਾਹ ਖੋਤ ਕੇ ਪਸ਼ੂ ਪਾਲਦੀਆਂ ਸਨ ਉਹ ਵੀ ਖੇਤੀ ਦੇ ਮਸ਼ੀਨਰੀਕਰਨ ਨੇ ਖਤਮ ਕਰ ਦਿੱਤਾ ਹੈ। ਤੂੜੀ ਤੇ ਹਰਾ ਚਾਰਾ ਮੁੱਲ ਲੈ ਕੇ ਪਸ਼ੂ ਪਾਲਣਾਂ ਹੁਣ ਉਨ੍ਹਾਂ ਦੇ ਵੱਸ ਦੀ ਗੱਲ ਨਹੀ ਰਹੀ ਹੈ।

ਪਿੰਡਾਂ ਦੇ ਦਲਿਤ, ਬੇਜ਼ਮੀਨੇ ਤੇ ਸਾਧਨਹੀਣ ਲੋਕਾਂ ਲਈ ਰੋਟੀ-ਰੋਜ਼ੀ ਬਣਾਉਣ ਲਈ ਹੁਣ ਤਾਂ ਬਾਲਣ ਵੀ ਵੱਡੀ ਸੱਮਸਿਆ ਬਣ ਗਿਆ ਹੈ। ਖਾਦਾਂ ਤੇ ਕੀਟਨਾਸਕ ਦਵਾਈਆਂ ਨੇ ਬਾਲਣ ਵਾਲੀਆਂ ਦੂਜੀਆਂ ਫਸਲਾਂ ਨੂੰ ਹੀ ਨਸ਼ਟ ਕਰ ਦਿੱਤਾ ਹੈ। ਸਰਕਾਰ ਨੇ ਨਹਿਰਾਂ, ਸੂਇਆ, ਸੜਕਾਂ ਜਾਂ ਸਾਝੀਆਂ ਥਾਵਾਂ ਤੋਂ ਦਰੱਖ਼ਤ ਵੱਡਣਾ ਸਖ਼ਤ ਜੁਰਮ ਬਣਾ ਦਿੱਤਾ ਹੈ। ਦਲਿਤ ਮਜ਼ਦੂਰ ਇਹਨਾਂ ਥਾਵਾਂ ਤੋਂ ਵੀ ਹੁਣ ਬਾਲਣ ਇਕੱਠਾ ਨਹੀ ਕਰ ਸਕਦੇ। ਖਾਣਾ ਬਣਾਉਣ ਦੇ ਆਧੁਨਿਕ ਸਾਧਨ ਤੇਲ, ਗੈਸ, ਬਿਜਲੀ ਇੰਨੇ ਮਹਿੰਗੇ ਹੋ ਗਏ ਹਨ ਜੋ ਉਹਨਾਂ ਦੀ ਪਹੁੰਚ ਤੋਂ ਬਾਹਰ ਹਨ।

ਸ਼ਹਿਰਾਂ ਤੋਂ ਦੂਰ ਪਿੰਡਾਂ ਦੇ ਦਲਿਤ ਮਜ਼ਦੂਰ ਗੁਲਾਮੀ ਦਾ ਜੀਵਨ ਜਿਉਂਦੇ ਹਨ। ਉਹਨਾਂ ਦੇ ਸਾਰੇ ਪਰਿਵਾਰ ਨੂੰ ਜਿਮੀਦਾਰਾਂ ਦੀ ਗੁਲਾਮੀ ਕਰਨੀ ਪੈਂਦੀ ਹੈ। ਮਰਦ ਖੇਤਾਂ 'ਚ ਕੰਮ ਕਰਦੇ ਹਨ। ਦਲਿਤ ਕੁੜੀਆਂ ਬਚਪਨ ਤੋਂ ਹੀ ਮਾਂ ਦੇ ਕੰਮਾਂ ਝਾੜੂ, ਪੋਚਾ, ਗੋਹਾ ਕੂੜਾ,ਪੱਠਾ ਦੱਥਾ ਕਰਨ ਲਗ ਜਾਂਦੀਆ ਹਨ। ਇਥੇ ਇਹ ਹਰ ਪ੍ਰਕਾਰ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੀਆ ਹਨ। ਜ਼ਿਮੀਂਦਾਰ ਜ਼ਮੀਨਾਂ ਦਾ ਮਾਣ ਕਰਦੇ ਹਨ। ਦਲਿਤਾਂ ਪਾਸ ਅਪਮਾਨ ਕਰਾਉਣ ਤੋਂ ਸਵਾਏ ਕੋਈ ਚਾਰਾ ਨਹੀਂ ਕਿਉਂਕਿ ਦਲਿਤਾਂ ਤੇ ਖਾਸ ਕਰ ਸ਼ਹਿਰਾਂ ਤੋਂ ਦੂਰ ਦੇ ਪਿੰਡਾਂ ਦੇ ਦਲਿਤ ਮਜ਼ਦੂਰ ਸਮਾਜ ਦਾ ਸਮੁੱਚਾ ਜੀਵਨ ਧਨਾਡ ਜ਼ਿਮੀਂਦਾਰਾਂ 'ਤੇ ਨਿਰਭਰ ਹੈ। ਦਲਿਤਾਂ ਨਾਲ ਛੂਆ ਛਾਤ ਅਤੇ ਅੱਤਿਆਚਾਰਾਂ ਦਾ ਕਾਰਨ ਵੀ ਦਲਿਤਾਂ ਦੀ ਉੱਚ ਜਾਤੀਆਂ ਉੱਤੇ ਆਰਥਿਕ ਨਿਰਭਰਤਾ ਹੈ।

ਮਾਲਵੇ 'ਚ ਹੀ ਨਹੀ, ਪੰਜਾਬ ਵਿਚ ਆਉਣ ਵਾਲੇ ਸਮੇਂ 'ਚ ਦਲਿਤ, ਮਜ਼ਦੂਰਾਂ, ਬੇਜ਼ਮੀਨਿਆ ਅਤੇ ਧਨਾਡ ਜਿਮੀਦਾਰਾਂ ਦਰਮਿਆਨ ਤਣਾਅ ਹੋਰ ਵਧੇਗਾ। ਇਸ ਪਿੱਛੇ ਸਮਾਜਿਕ-ਆਰਥਿਕ ਨਾਬਰਾਬਰੀ ਤੇ ਪੈਦਾਵਾਰ ਦੇ ਸਾਧਨਾਂ ਦੀ ਕਾਣੀ ਵੰਡ ਹੈ। ਸਰਕਾਰਾਂ ਨੇ ਤਾਂ ਸਿੱਖਿਆ ਨੀਤੀ ਹੀ ਅਜਿਹੀ ਬਣਾ ਦਿੱਤੀ ਹੈ ਕਿ ਅੱਠਵੀ ਤਕ ਕਿਸੇ ਵੀ ਬੱਚੇ ਨੂੰ ਫੇਲ੍ਹ ਨਹੀ ਕਰਨਾ। ਜੇਕਰ ਅੱਠਵੀ ਤੱਕ ਬੱਚਿਆਂ ਨੂੰ ਬਿਨਾਂ ਪੜ੍ਹਿਆਂ ਹੀ ਪਾਸ ਕਰ ਦੇਣਾ ਹੈ, ਫਿਰ ਅੱਗੋ ਉਹ ਬੋਰਡ ਦੀ ਦਸਵੀਂ ਤੇ ਬਾਰਵੀ ਵਿਚੋਂ ਕਿਵੇਂ ਪਾਸ ਹੋਣਗੇ? ਕੌਮੀ ਪੱਧਰ 'ਤੇ ਡਾਕਟਰ, ਵਕੀਲ ਤੇ ਇੰਜੀਨੀਰਿੰਗ ਦੇ ਦਾਖ਼ਲਾ ਟੈਸਟਾਂ ਵਿਚ ਦਾਖਲੇ ਲਈ ਕਿਸ ਤਰ੍ਹਾਂ ਮੈਰਿਟ 'ਚ ਆਉਣਗੇ? ਇਕ ਸਾਜਿਸ਼ ਤਹਿਤ ਕੇਂਦਰੀ ਅਤੇ ਰਾਜ ਸਰਕਾਰਾਂ ਦੀਆਂ ਸਿੱਖਿਆ ਨੀਤੀਆਂ 'ਤੇ ਕਾਬਜ ਸ਼ੈਤਾਨਾਂ ਨੇ ਦਲਿਤ ਸ਼ੋਸ਼ਿਤ ਗਰੀਬਾਂ ਦੇ ਬੱਚਿਆਂ ਨੂੰ ਉੱਚ ਤੇ ਕਿੱਤਾ ਮੁਖੀ ਸਿੱਖਿਆ ਦੇ ਅਯੋਗ ਬਣਾ ਦਿੱਤਾ ਹੈ। ਫਿਰ ਸਰਕਾਰੀ ਸਿਖਿਆ ਸੰਸਥਾਵਾਂ 'ਚ 95% ਵਿਦਿਆਰਥੀ ਦਲਿਤ, ਸ਼ੋਸ਼ਿਤ ਮਜ਼ਦੂਰਾਂ ਦੇ ਪੜ੍ਹਦੇ ਹਨ। ਇਸ ਕਨੂੰਨ ਰਾਹੀ ਦੇਸ਼ ਦੇ ਦਲਿਤ ਸ਼ੋਸ਼ਿਤ ਗਰੀਬਾਂ ਦੇ 10 ਕਰੋੜ ਅੱਠਵੀ ਪਾਸ ਬੱਚੇ ਕਾਰਖਾਨਿਆਂ ਤੇ ਧਨਾਡ ਜ਼ਿਮੀਦਾਰਾਂ ਦੇ ਖੇਤਾਂ 'ਚ ਦਿਹਾੜੀ-ਦੱਪਾ ਹੀ ਕਰਨਗੇ।


ਦਲਿਤ, ਮਜ਼ਦੂਰਾਂ, ਬੇਜ਼ਮੀਨਿਆ ਤੇ ਧਨਾਢ ਜ਼ਿਮੀਦਾਰਾਂ ਦਰਮਿਆਨ ਸੰਘਰਸ਼ ਮੌਕੇ ਉੱਚ ਜਾਤਾਂ ਵਾਲੇ ਦਲਿਤਾਂ ਵਿਰੁੱਧ ਜਾਤੀ ਲਾਮਬੰਦੀ ਕਰਕੇ ਉਹਨਾਂ ਦਾ ਸਮਾਜਿਕ ਬਾਈਕਾਟ ਕਰ ਦਿੰਦੇ ਹਨ। ਸਮਾਜਿਕ ਬਾਈਕਾਟ ਉੱਪਰੋਂ ਜਿੰਨਾ ਸਧਾਰਨ ਲੱਗਦਾ ਹੈ, ਅੰਦਰੋਂ ਉਸ ਤੋਂ ਸੈਂਕੜੇ ਗੁਣਾ ਖਤਰਨਾਖ ਹੈ। ਕਿਉਂਕਿ ਇਸ ਦੇ ਲਾਗੂ ਹੋਣ ਨਾਲ ਮਨੂੰ ਦੇ 22 ਨਿਯਮ ਲਾਗੂ ਹੋ ਜਾਂਦੇ ਹਨ।

ਸਮਾਜਿਕ ਬਾਈਕਾਟ ਦਾ ਇਹ ਹਥਿਆਰ ਜਿਸ ਵੀ ਪਿੰਡ ਜਾਂ ਕਸਬੇ 'ਤੇ ਚੱਲਦਾ ਹੈ, ਉੱਥੇ ਇਸ ਦੀ ਮਾਰ ਹੇਠ ਸਿਰਫ਼ ਦਲਿਤ ਹੀ ਨਹੀਂ ਆਉਂਦੇ।ਲਕਿ ਪਿੰਡ ਦੇ ਬੱਚੇ, ਪਸ਼ੂ, ਦੁਕਾਨਦਾਰ, ਖੇਡ ਦੇ ਮੈਦਾਨ, ਸਕੂਲ, ਮੰਦਰ, ਗੁਰਦੁਵਾਰੇ, ਖੇਤ ਖਲਿਆਣ ਤੇ ਸਮਸ਼ਾਨਘਾਟ ਸਭ ਆਉਂਦੇ ਹਨ। ਦਲਿਤਾਂ ਅਤੇ ਉਹਨਾਂ ਦੇ ਪਸ਼ੂਆਂ ਨੂੰ ਉਹਨਾਂ ਦੇ ਘਰਾਂ ਅੰਦਰ ਡੱਕ ਦਿੱਤਾ ਜਾਂਦਾ ਹੈ। ਉਹ ਖੇਤਾਂ ਵੱਚ ਜੰਗਲ-ਪਾਣੀ ਨਹੀ ਕਰ ਸਕਦੇ, ਪਸ਼ੂਆਂ ਲਈ ਚਾਰਾ ਲੈਣ ਨਹੀਂ ਜਾ ਸਕਦੇ, ਬੱਚੇ ਆਮ ਥਾਂਵਾਂ 'ਤੇ ਖੇਡ ਨਹੀ ਸਕਦੇ, ਪਸ਼ੂ ਸਾਂਝੀਆਂ ਚਰਾਂਦਾ 'ਚ ਚਰ ਨਹੀ ਸਕਦੇ, ਦੁਕਾਨਦਾਰ ਉਹਨਾਂ ਨੂੰ ਸੌਦਾ ਨਹੀਂ ਦੇ ਸਕਦੇ, ਸਕੂਲਾਂ ਵਿਚੋਂ ਉਹਨਾਂ ਨੂੰ ਭਜਾ ਦਿੱਤਾ ਜਾਂਦਾ ਹੈ, ਡਾਕਟਰ ਉਹਨਾਂ ਨੂੰ ਦਵਾਈ ਨਹੀਂ ਦਿੰਦੇ, ਜਨਮ, ਵਿਆਹ, ਮੌਤ ਦੇ ਸੰਸਕਾਰ ਧਾਰਮਿਕ ਆਗੂ ਨਹੀਂ ਨਿਭਾਉਂਦੇ, ਸਾਂਝੇ ਸਮਸ਼ਾਨਘਾਟ 'ਚ ਸੰਸਕਾਰ ਨਹੀ ਕਰਨ ਦਿੱਤਾ ਜਾਂਦਾ। ਜੇ ਦਲਿਤ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੇ ਹੱਥ ਪੈਰ ਪੱਸਲੀਆ ਤੋੜ ਦਿੱਤੀਆਂ ਜਾਂਦੀਆਂ ਹਨ। ਜੇ ਉੱਚ ਜਾਤੀਆ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਡੰਨ ਲਾਇਆ ਜਾਂਦਾ ਹੈ। ਰਾਜ ਮਸ਼ੀਨਰੀ ਇਹਨਾਂ ਧਨਾਡਾਂ ਦੇ ਹੱਕ ਵਿੱਚ ਆ ਖੜਦੀ ਹੈ। ਦਲਿਤਾਂ ਦੀ ਭਲਾਈ ਦਾ ਪ੍ਰਚਾਰ ਕਰ ਰਹੀਆਂ ਸਰਕਾਰਾਂ ਜਾਂ ਵਿਰੋਧੀ ਪਾਰਟੀਆਂ ਦੀ ਕਾਰਗੁਜਾਰੀ ਬਾਰੇ ਭਾਰਤ ਸਰਕਾਰ ਵਲ੍ਹੋਂ ਜੋ ਰਿਪੋਰਟ ਆਈ ਹੈ ਉਸ ਮੁਤਾਬਿਕ ਦਲਿਤਾਂ ਦੀ ਭਲਾਈ 'ਚ ਪੰਜਾਬ ਦਾ 29ਵਾਂ ਸਥਾਨ ਹੈ। ਰਿਪੋਰਟ ਅਨੁਸਾਰ ਦਲਿਤਾਂ ਲਈ ਜੋ ਟੀਚੇ ਮਿੱਥੇ ਗਏ ਸਨ, ਉਹ ਪ੍ਰਾਪਤ ਨਹੀਂ ਹੋਏ। ਜਦਕਿ ਯੋਜਨਾ ਕਮਿਸ਼ਨ ਅਨੁਸਾਰ, ਹਰ ਰਾਜ ਨੂੰ ਦਲਿਤਾਂ ਦੀ ਅਬਾਦੀ ਦੇ ਅਨੁਪਾਤ ਮੁਤਾਬਿਕ, ਸਲਾਨਾ ਬਜ਼ਟ ਦੀ ਵਿਕਾਸ ਯੋਜਨਾ ਵਿੱਚੋਂ 'ਸ਼ਡਿਊਲਡ ਕਾਸਟਸ ਸਪੈਸ਼ਲ ਕੰਪੋਨੈਂਟ ਪਲਾਨ' ਲਈ ਰਾਸ਼ੀ ਰਾਖਵੀ ਕਰਨੀ ਹੁੰਦੀ ਹੈ। ਭਾਜਪਾ ਸਰਕਾਰ ਨੇ ਆਪਣੇ ਪਲੇਠੇ ਬਜਟ 'ਚ ਦਲਿਤਾਂ ਲਈ ਅਜਿਹਾ ਕੁੱਝ ਵੀ ਨਹੀ ਕੀਤਾ ਹੈ। ਅਸਲ ਵਿਚ ਸਰਕਾਰ ਭਾਵੇਂ ਕੋਈ ਹੋਵੇ, ਗਰੀਬ ਦਲਿਤ ਮਜ਼ਦੂਰ ਹਮੇਸ਼ਾ ਹਾਸ਼ੀਏ 'ਤੇ ਰਹਿੰਦੇ ਹਨ।

ਡਾਕਟਰ ਅੰਬੇਡਕਰ ਤੋਂ ਬਾਅਦ ਦਲਿਤ ਸ਼ੋਸ਼ਿਤ ਮਜ਼ਦੂਰਾਂ ਦਾ ਕੋਈ ਦਰਦੀ ਪੈਦਾ ਨਹੀ ਹੋਇਆ? ਦੁੱਖ ਦੀ ਗੱਲ

(ਬਾਕੀ ਸਫਾ 9 ਤੇ)

# ਸਵਾਧੀਨ ਭਾਰਤ 'ਚ ਬਹੁਜਨ ਸਮਾਜ ਪਰਾਧੀਨ ਕਿਉਂ ਹੈ?



### ਭੂਮਿਕਾ

ਅਸੀਂ ਸੁਤੰਤਰਤਾ ਦੀ ਸਵਰਨ ਜਯੰਤੀ ਮਨਾ ਰਹੇ ਹਾਂ। ਦੇਸ਼ ਨੂੰ ਆਜ਼ਾਦ ਹੋਏ ਹੁਣ 50 ਸਾਲ ਹੋ ਚੁੱਕੇ ਹਨ। ਸੁਤੰਤਰ ਭਾਰਤੀਆਂ ਦੀ ਦੂਜੀ ਪੀੜ੍ਹੀ ਦੇਸ਼ ਦੀ ਵਾਗਡੋਰ ਤੀਜੀ ਪੀੜ੍ਹੀ ਨੂੰ ਸੌਂਪਣ ਵਾਲੀ ਹੈ।

ਸਾਡੇ ਦੇਸ਼ 'ਚ ਕੌਮੀ ਦਿਵਸ, ਤਿਉਹਾਰ ਵਜੋਂ ਮਨਾਉਣ ਦਾ ਰਿਵਾਜ ਬਣ ਗਿਆ ਹੈ। ਆਜ਼ਾਦੀ ਪ੍ਰਾਪਤ ਕਰਨ ਦੀ ਘਟਨਾ, ਡ੍ਰੀਮ ਵਾਂਗ ਦੁਹਰਾਈ ਜਾਂਦੀ ਹੈ। ਰੰਗਾ ਰੰਗ ਜਲੂਸ, ਝਾਂਕੀਆਂ, ਪ੍ਰਦਰਸ਼ਨੀਆਂ ਅਤੇ ਭਾਸ਼ਣ, ਇਹਨਾਂ ਜਸ਼ਨਾਂ ਦੀ ਵਿਸ਼ੇਸ਼ਤਾ ਹੁੰਦੇ ਹਨ। ਕਦੇ ਕਦਾਈ ਇਹ ਸਭ ਕੁਝ ਢੌਂਗ ਜਿਹਾ ਜਾਪਦਾ ਹੈ।

ਮੈਨੂੰ ਆਸ ਹੈ ਕਿ ਅਸੀਂ ਘੱਟੋ ਘੱਟ 50ਵਾਂ ਵਰ੍ਹਾ ਖੋਖਲੇ ਢੰਗ ਨਾਲ ਨਹੀਂ ਮਨਾਵਾਂਗੇ। ਇਸ ਵਾਰ ਅਸੀਂ ਇਤਿਹਾਸ ਦੇ ਇਨ੍ਹਾਂ ਛਿਣਾਂ ਦੇ ਪੁਨਰ-ਪ੍ਰਦਰਸ਼ਨ ਨਾਲ ਹੀ ਸੰਤੁਸ਼ਟ ਨਹੀਂ ਹੋ ਜਾਵਾਂਗੇ। ਸਵਰਨ ਜਯੰਤੀ ਵਰ੍ਹੇ 'ਚ ਸਾਨੂੰ ਇਹ ਮੁਲਾਂਕਣ ਕਰਨਾ ਹੋਵੇਗਾ ਕਿ ਅਸੀਂ ਆਪਣੀ ਸੁਤੰਤਰਤਾ ਅਤੇ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਕੀ ਕੁਝ ਕੀਤਾ ਹੈ। ਇਸ ਸਾਲ ਇਹ ਜਸ਼ਨ ਸਾਲ ਭਰ ਮਨਾਇਆ ਜਾਵੇਗਾ। ਇਸ ਲਈ ਮੈਂ ਆਸ ਕਰਦਾ ਹਾਂ ਕਿ ਸਾਨੂੰ ਅੰਤਰ-ਨਿਰੀਖਣ ਲਈ ਕੀ ਮਿਲਿਆ।

ਸਾਨੂੰ ਇਸ ਗੱਲ ਤੇ ਵਿਚਾਰ ਕਰਨਾ ਹੋਵੇਗਾ ਕਿ ਅਸੀਂ ਗੁਲਾਮ ਕਿਵੇਂ ਬਣੇ। ਸਾਨੂੰ ਇਹ ਵੇਖਣ ਹੋਵੇਗਾ ਕਿ ਆਮ ਵਿਅਕਤੀ ਲਈ ਗੁਲਾਮੀ ਦਾ ਕੀ ਅਰਥ ਸੀ ਅਤੇ ਉਸ ਨੂੰ ਸੁਤੰਤਰਤਾ ਤੋਂ ਕੀ ਆਸ ਸੀ। ਦੋ ਪੀੜ੍ਹੀਆਂ ਦੇ ਸਵੈ-ਸ਼ਾਸਨ ਮਗਰੋਂ ਅਸੀਂ ਇਹ ਆਂਕਣ ਦੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੇ ਕਿ ਅਸੀਂ ਉਹਨਾਂ ਕਾਰਨਾਂ ਨੂੰ ਦੂਰ ਕਰਨ ਲਈ ਕੀ ਕੁਝ ਕੀਤਾ, ਜੋ ਉਹਨਾਂ ਲਈ ਸੁਤੰਤਰਤਾ ਨੂੰ ਨਿਰਰਥਕ ਬਣਾਉਂਦੇ ਹਨ, ਜਿਹਨਾਂ ਲਈ ਇਹ ਜਿੱਤੀ ਗਈ ਸੀ। ਆਮ ਜਨਤਾ ਦੀ ਗੱਲ ਕਰਦੇ ਹੋਏ, ਜਿਸ ਲਈ ਆਜ਼ਾਦੀ ਜਿੱਤੀ ਗਈ ਅਸੀਂ ਵਿਸ਼ੇਸ਼ ਕਰ ਪੱਛੜੇ ਵਰਗ ਬਾਰੇ ਸੋਚਦੇ ਹਾਂ। ਅਨੁਸੂਚਿਤ ਜਾਤੀਆਂ, ਜਨਜਾਤੀਆਂ, ਵਿਦਿਅਕ ਅਤੇ ਸਮਾਜਿਕ ਤੌਰ ਤੇ ਪੱਛੜੇ ਵਰਗ, ਅਲਪ ਸੰਖਿਅਕ, ਕਾਰੀਗਰ ਅਤੇ ਦਸਤਕਾਰ ਅਤੇ ਉਹ ਸਾਰੇ ਦਲਿਤ ਜਿਹਨਾਂ ਦਾ ਸਰਮਾਏਦਾਰਾਂ ਅਤੇ ਦੂਜੇ ਪ੍ਰਭਾਵਸ਼ਾਲੀ ਲੋਕਾਂ ਨੇ ਸ਼ੋਸ਼ਣ ਕੀਤਾ, ਬਹੁਜਨ ਸਮਾਜ ਹਨ। ਗੁਲਾਮੀ ਦਾ ਸਭ ਤੋਂ ਮਾੜਾ ਅਸਰ ਬਹੁਜਨ ਸਮਾਜ ਤੇ ਪਿਆ। ਪਰ ਉਹਨਾਂ ਦੀਆਂ ਕਠਿਨਾਈਆਂ ਨੂੰ ਸਾਮਰਾਜ ਤੋਂ ਆਜ਼ਾਦੀ ਮੰਗਣ ਲਈ ਤੁਰਪ ਪੱਤੇ ਵਾਂਗ ਵਰਤਿਆ ਗਿਆ।ਸੁਤੰਤਰਤਾ ਦੇ ਘੋਲ ਦੌਰਾਨ, ਨੇਤਾਵਾਂ ਦੇ ਪਿੱਛੇ ਚੱਲਣ ਵਾਲਿਆਂ ਦੀ ਬਹੁ-ਸੰਖਿਆ ਇਹਨਾਂ ਵਰਗਾਂ ਦੇ ਵਿਅਕਤੀਆਂ ਦੀ ਸੀ ਪਰ ਅੱਜ ਵੀ ਉਹਨਾਂ ਦੀ ਸਮਾਜਿਕ ਅਤੇ ਆਰਥਿਕ ਸੁਤੰਤਰਤਾ ਤੇ ਪ੍ਰਸ਼ਨ ਚਿੰਨ੍ਹ ਲੱਗਿਆ ਹੋਇਆ ਹੈ।

ਇਹ ਵੇਖਣ ਜ਼ਰੂਰੀ ਹੈ ਕਿ ਇਹਨਾਂ ਆਮ ਨਾਗਰਿਕਾਂ, ਵਿਸ਼ੇਸ਼ ਕਰਕੇ ਕਮਜ਼ੋਰ, ਇਤਿਹਾਸਕ ਤੌਰ ਤੇ ਸ਼ੋਸ਼ਿਤ ਅਤੇ ਅਧੀਨ ਵਰਗ ਤੇ ਸੁਤੰਤਰਤਾ ਦਾ ਕੀ ਅਸਰ ਹੋਇਆ ਹੈ।

ਵਿਦੇਸ਼ੀ ਚੁੰਗਲ ਤੋਂ ਆਜ਼ਾਦੀ ਕਿਸੇ ਦੇਸ਼ ਦੇ ਇਤਿਹਾਸ 'ਚ ਇਕ ਮਹੱਤਵਪੂਰਨ ਮੋੜ ਹੁੰਦੀ ਹੈ। ਇਹ ਸ਼ਾਸਕਾਂ ਦੀ ਮੁਕੰਮਲ ਤਬਦੀਲੀ ਦੀ ਸੂਚਕ ਹੁੰਦੀ ਹੈ। ਕੌਮ ਨੂੰ ਆਪਣੇ ਭਵਿੱਖ ਨਿਰਧਾਰਣ ਦਾ ਅਧਿਕਾਰ ਮਿਲ ਜਾਂਦਾ ਹੈ। ਆਮ ਨਾਗਰਿਕ ਨੂੰ ਬਿਨਾਂ ਕਿਸੇ ਸਮਾਜਿਕ ਜਾਂ ਆਰਥਿਕ ਬੰਦਿਸ਼ ਦੇ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਸੁਤੰਤਰਤਾ ਨੇ ਉਸ ਨੂੰ ਆਤਮ-ਸਨਮਾਨ ਨਾਲ ਜੀਵਨ ਬਿਤਾਉਣ ਦਾ ਅਧਿਕਾਰ ਦਿੱਤਾ ਹੈ। ਆਮ ਨਾਗਰਿਕ ਨੂੰ ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਸੁਤੰਤਰਤਾ ਨੇ ਉਸ ਨੂੰ ਸਨਮਾਨ ਦਿੱਤਾ, ਅਤੇ ਕਿਸੇ ਵੀ ਵਿਅਕਤੀ ਜਾਂ ਗਰੁੱਪ ਦੁਆਰਾ ਉਸ ਨੂੰ ਆਪਣੇ ਅਧੀਨ ਕਰਨ ਦੀ ਸੰਭਾਵਨਾ ਤੋਂ ਮੁਕਤ ਕਰ ਦਿੱਤਾ ਹੈ।

ਆਓ ਅਸੀਂ ਸੁਤੰਤਰਤਾ ਦਾ 50ਵਾਂ ਵਰ੍ਹਾ ਮਨਾਉਂਦੇ ਹੋਏ ਦੇਸ਼ ਦਾ ਡੂੰਘਾ ਵਿਸ਼ਲੇਸ਼ਣ ਕਰੀਏ ਅਤੇ ਆਪਣੀ ਤਾਕਤ, ਕਮਜ਼ੋਰੀਆਂ, ਸੰਭਾਵਨਾਵਾਂ ਅਤੇ ਵੰਗਾਰਾਂ ਦੀ ਸਪਸ਼ਟ ਨਿਸ਼ਾਨਦੇਹੀ ਕਰੀਏ।

ਸਵੈ-ਸ਼ਾਸਨ ਦੇ 50 ਵਰ੍ਹੇ ਸਫਲਤਾਵਾਂ ਅਤੇ ਅਸਫਲਤਾਵਾਂ ਨਾਲ ਭਰਪੂਰ ਹਨ। ਦੇਸ਼ ਸੁਤੰਤਰਤਾ ਦਾ ਜਸ਼ਨ ਮਨਾ ਰਿਹਾ ਹੈ ਤਾਂ ਸਾਰੇ ਨਾਗਰਿਕਾਂ ਨੂੰ ਜਜ਼ਬਾਤੀ ਤੌਰ ਤੇ ਇਸ ਵਿਚ ਸ਼ਾਮਲ ਕਰਨਾ ਉਚਿਤ ਹੋਵੇਗਾ। ਕੁਝ ਅਜਿਹੇ ਵਿਅਕਤੀ ਹਨ, ਜਿਹਨਾਂ ਨੂੰ ਸਾਡੀਆਂ ਸਫਲਤਾਵਾਂ ਤੋਂ ਲਾਭ ਹੋਇਆ ਹੈ। ਕੁਝ ਅਜਿਹੇ ਹਨ, ਜਿਹਨਾਂ ਨੇ ਲੋਕਰਾਜ ਦੇ ਲਾਭ ਉਠਾਏ ਹਨ ਅਤੇ ਕੁਝ ਹੁਣ ਤੱਕ ਇਨ੍ਹਾਂ ਲਾਭਾਂ ਤੋਂ ਵੰਚਿਤ ਰਹੇ ਹਨ। ਪਰ ਇਕ ਸ਼੍ਰੇਣੀ ਉਹ ਵੀ ਹੈ, ਜੋ ਗਲਤ ਵਿਵਸਥਾ, ਯੋਜਨਾਵਾਂ ਤੇ ਗਲਤ ਅਮਲ ਕਰਨ, ਬਦਇੰਤਜ਼ਾਮੀ, ਭ੍ਰਿਸ਼ਟਾਚਾਰ, ਪ੍ਰਬੰਧਕ ਮਸ਼ੀਨਰੀ ਦੀ ਅਸਫਲਤਾ ਕਾਰਨ, ਉਹਨਾਂ ਸੁਵਿਧਾਵਾਂ ਤੋਂ ਵੀ ਵੰਚਿਤ ਰਹਿ ਗਈ ਹੈ ਜੋ ਉਸ ਨੂੰ ਪ੍ਰਗਤੀ ਵੱਲ ਸਾਡੇ ਸੁਤੰਤਰ ਤੌਰ ਤੇ ਅਗਰਸਰ ਹੋਣ ਤੋਂ ਪਹਿਲਾਂ ਪ੍ਰਾਪਤ ਸਨ।


ਇਕ ਸੁਤੰਤਰ ਲੋਕਰਾਜ ਦੇ ਰੂਪ 'ਚ ਆਪਣੀ ਪ੍ਰਗਤੀ ਦਾ ਵਿਸ਼ਲੇਸ਼ਣ ਕਰਦੇ ਸਮੇਂ ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਅਸੀਂ ਕੀ ਸਫਲਤਾ ਪ੍ਰਾਪਤ ਕੀਤੀ ਅਤੇ ਕੀ ਨਹੀਂ ਕੀਤੀ।

ਹਰ ਸੁਤੰਤਰ ਪੀੜ੍ਹੀ ਦੇਸ਼ ਦੇ ਨਸੀਬ ਦੀ ਨਿਗਰਾਨ ਹੁੰਦੀ ਹੈ। ਇਹ ਉਸਦਾ ਨੈਤਿਕ ਫਰਜ਼ ਹੈ ਕਿ ਉਹ ਪਿਛਲੀ ਪੀੜ ਤੋਂ ਪ੍ਰਾਪਤ ਵਿਰਸੇ ਨੂੰ ਸੁਧਾਰੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਵਧੇਰੇ ਮਜ਼ਬੂਤ ਦੇਸ਼, ਖੁਸ਼ਹਾਲ ਕੌਮ ਅਤੇ ਸੁਅਸਥ ਸਿਸਟਮ ਪਿੱਛੇ ਛੱਡੇ। ਅੱਜ ਇਸ ਚਿੰਤਨ ਅਤੇ ਆਪਣੇ ਵਿਰਸੇ ਦੀ ਰੌਸ਼ਨੀ 'ਚ ਇਹ ਆਂਕਣ ਦਾ ਅਵਸਰ ਹੈ ਕਿ ਸਵੈ-ਸ਼ਾਸਨ ਦੀਆਂ ਦੋ ਪੀੜ੍ਹੀਆਂ ਦੌਰਾਨ ਅਸੀਂ ਆਪਣੀ ਸੁਤੰਤਰਤਾ ਅਤੇ ਪ੍ਰਭੂਸੱਤਾ ਨੂੰ ਸੁਦ੍ਰਿੜ੍ਹ ਬਣਾਉਣ ਵਿਚ ਕਿੰਨੀ ਸਫਲਤਾ ਪ੍ਰਾਪਤ ਕੀਤੀ ਹੈ।

### ਸੰਵਿਧਾਨਕ ਰੱਖਿਆ ਸਾਧਨ ਅਤੇ ਉਪਬੰਧ

ਸਾਡਾ ਸੰਵਿਧਾਨ, ਸੁਤੰਤਰਤਾ ਦੇ ਅਵਸਰ ਤੇ ਕੌਮ ਦੀਆਂ ਆਸਾਂ ਅਤੇ ਉਮੰਗਾਂ ਦਾ ਪ੍ਰਤੀਕ ਹੈ। ਬਹੁਜਨ ਸਮਾਜ ਨੂੰ ਸਾਡੇ ਸੰਵਿਧਾਨ ਤੇ ਮਾਣ ਹੈ। ਸਮਾਜ ਨੂੰ ਇਸ ਨੂੰ ਤਿਆਰ ਕਰਨ ਵਾਲਿਆਂ, ਵਿਸ਼ੇਸ਼ ਕਰ ਡਾਕਟਰ ਭੀਮ ਰਾਓ ਅੰਬੇਦਕਰ ਤੇ ਮਾਣ ਹੈ, ਜਿਹਨਾਂ ਦੀ ਸੋਝ ਅਤੇ ਦੂਰ ਦ੍ਰਿਸ਼ਟੀ ਕਾਰਨ, ਸੰਵਿਧਾਨ 'ਚ ਅਜਿਹੇ ਵਿਸ਼ੇਸ਼ ਉਪਬੰਧ ਹਨ, ਜੋ ਭਾਰਤੀ ਸਮਾਜ ਦੇ ਵਰਗਾਂ ਦਾ ਸਮਾਜਿਕ ਅਤੇ ਆਰਥਿਕ ਪੱਛੜਾਪਣ ਦੂਰ ਕਰ ਸਕਦੇ ਹਨ। ਇਸ 'ਚ ਅਜਿਹੇ ਸੁਰੱਖਿਆ ਉਪਾਅ ਵੀ ਹਨ ਜਿਹਨਾਂ ਰਾਹੀਂ ਇਹ ਵਰਗ, ਸੁਤੰਤਰਤਾ ਅਤੇ ਆਰਥਿਕ ਕਾਰਨਾਂ ਦੇ ਆਧਾਰ ਤੇ, ਦੂਜਿਆਂ ਦੁਆਰਾ ਸ਼ੋਸ਼ਣ ਤੋਂ ਬਚ ਸਕਦੇ ਹਨ।

ਸਾਡੇ ਸੰਵਿਧਾਨ ਦੀ ਇਕ ਸਭ ਤੋਂ ਵਿਸ਼ੇਸ਼ ਖੂਬੀ ਇਹ ਹੈ ਕਿ ਇਸ 'ਚ ਨਾ ਸਿਰਫ ਸ਼ਾਸਨ ਦਾ ਢਾਂਚਾ ਅਤੇ ਕਾਰਜ ਸ਼ਾਮਲ ਹਨ, ਸਗੋਂ ਸਰਕਾਰ ਵੱਲੋਂ ਪਾਲਣਾ ਕੀਤੇ ਜਾਣ ਵਾਲੇ ਸਿਧਾਂਤ ਅਤੇ ਨਾਗਰਿਕਾਂ ਅਤੇ ਦੂਜਿਆਂ ਦੇ ਅਧਿਕਾਰ ਵੀ ਸ਼ਾਮਲ ਹਨ। ਇਹ ਕਾਨੂੰਨ ਦੀ ਅਮਲਦਾਰੀ ਅਤੇ ਵਰਗ, ਜਾਤੀ, ਦਰਜੇ, ਜਨਮ ਸਥਾਨ ਅਤੇ ਜਿਨਸ ਦੇ ਭੇਦ-ਭਾਵ ਤੋਂ ਬਿਨਾਂ, ਸਭ ਨਾਲ ਸਮਾਨ ਵਿਹਾਰ ਨੂੰ ਨਿਸ਼ਚਿਤ ਕਰਨ ਲਈ ਸੀ। ਸਾਡੇ ਸੰਵਿਧਾਨ ਦੀ ਭੂਮਿਕਾ 'ਚ ਇਨ੍ਹਾਂ ਉੱਤਮ ਆਦਰਸ਼ਾਂ ਦਾ ਇੰਝ ਉਲੇਖ ਹੈ,




''ਅਸੀਂ ਭਾਰਤ ਦੇ ਲੋਕ ਭਾਰਤ ਨੂੰ ਇਕ ਸੰਪੰਨ, ਧਰਮ-ਨਿਰਪੇਖ, ਲੋਕਤੰਤਰਿਕ ਗਣਰਾਜ ਬਣਾਉਣ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ ਨਿਮਨ ਲਿਖਿਤ ਦੁਆਉਣ ਦਾ ਸੰਕਲਪ ਕਰਦੇ ਹਾਂ ਇਨਸਾਫ ਸਮਾਜਿਕ, ਆਰਥਿਕ ਅਤੇ ਰਾਜਨੀਤਿਕ, ਆਜ਼ਾਦੀ, ਵਿਚਾਰ ਪ੍ਰਗਟਾਉਣ, ਆਸਥਾ, ਧਰਮ ਅਤੇ ਉਪਾਸਨਾ ਦੀ ਸਮਾਨਤਾ ਦਰਜੇ ਅਤੇ ਅਵਸਰ ਦੀ, ਅਤੇ ਉਹਨਾਂ ਸਭ 'ਚ ਭਾਈਚਾਰੇ ਨੂੰ ਪ੍ਰੋਤਸਾਹਨ ਦੇਣ ਦੀ, ਜਿਸ ਨਾਲ ਵਿਅਕਤੀਗਤ ਸਨਮਾਨ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਸਥਾਪਨਾ ਨਿਸਚਿਤ ਹੋਵੇ।

ਸੰਵਿਧਾਨ ਦੀ ਧਾਰਾ 46 ਅਨੁਸਾਰ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਕਮਜ਼ੋਰ ਵਰਗ, ਵਿਸ਼ੇਸ਼ ਕਰ ਅਨੁਸੂਚਿਤ ਜਾਤੀਆਂ-ਜਨਜਾਤੀਆਂ ਦੇ ਵਿਦਿਅਕ ਅਤੇ ਆਰਥਿਕ ਹਿੱਤਾਂ ਨੂੰ ਪ੍ਰੋਤਸਾਹਨ ਦੇਣ ਲਈ ਕਿਹਾ ਗਿਆ ਹੈ। ਮੂਲ ਅਧਿਕਾਰਾਂ ਦੇ ਅਧਿਆਇ ਵਿਚ ਧਰਮ, ਨਸਲ, ਜਿਨਸ ਜਾਂ ਜਨਮ ਸਥਾਨ ਦੇ ਆਧਾਰ ਤੇ ਵਿਤਕਰੇ ਤੇ ਪਾਬੰਦੀ ਲਗਾਈ ਗਈ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਇਸਤਰੀਆਂ ਅਤੇ ਬੱਚਿਆਂ ਲਈ ਵਿਸ਼ੇਸ਼ ਵਿਵਸਥਾ ਦੇ ਅਧਿਕਾਰ ਅਤੇ ਸਮਾਜਿਕ ਅਤੇ ਵਿਦਿਅਕ ਤੌਰ ਤੇ ਪੱਛੜੇ ਵਰਗ, ਜਾਂ ਅਨੁਸੂਚਿਤ ਜਾਤੀਆਂ, ਜਨਜਾਤੀਆਂ ਦੇ ਵਿਕਾਸ ਲਈ ਵਿਸ਼ੇਸ਼ ਵਿਵਸਥਾ ਦੇ ਅਧਿਕਾਰ ਦਿੱਤੇ ਗਏ ਹਨ। ਰਾਜ ਨੂੰ ਕਿਸੇ ਵੀ ਪੱਛੜੇ ਵਰਗ ਲਈ ਨਿਯੁਕਤੀਆਂ ਰਾਖਵੀਆਂ ਰੱਖਣ ਦਾ ਅਧਿਕਾਰ ਹੈ, ਜਿਸ ਨੂੰ ਰਾਜਕੀ ਸੇਵਾਵਾਂ 'ਚ ਉਚਿਤ ਪ੍ਰਤੀਨਿਧਤਾ ਪ੍ਰਾਪਤ ਨਹੀਂ।

ਜਦੋਂ ਸੰਵਿਧਾਨ ਮਨਜ਼ੂਰ ਹੋਇਆ ਤਾਂ 'ਅਸੀਂ ਭਾਰਤ ਦੇ ਲੋਕ' ਧਨਾਢ ਅਤੇ ਨਿਰਧਨਾਂ ਦਾ ਇਕ ਸਮੂਹ ਸੀ। ਅਸੀਂ ਦੋ ਵੱਖਰੇ ਵਰਗਾਂ ਵਿਚ ਵੰਡੇ ਹੋਏ ਸੀ, ਇਕ ਇਤਿਹਾਸਕ ਤੌਰ ਤੇ ਵਾਂਝਿਆ ਵਰਗ ਅਤੇ ਦੂਜਾ ਰਵਾਇਤੀ ਖੁਸ਼ਹਾਲ ਵਰਗ ਜੋ ਹਰ ਕੀਮਤ ਤੇ ਆਪਣੀ ਖੁਸ਼ਹਾਲੀ ਅਤੇ ਅਮੀਰੀ ਬਣਾਈ ਰੱਖਣ ਲਈ ਕੰਮ ਕਰ ਰਿਹਾ ਸੀ।

ਸੁਤੰਤਰਤਾ ਦੇ ਘੋਲ ਦੌਰਾਨ ਵੀ ਇਹ ਅੰਦੇਸ਼ਾ ਜ਼ਾਹਿਰ ਕੀਤਾ ਗਿਆ ਸੀ ਕਿ ਸੱਤਾ ਕੁਝ ਚੋਣਵੇਂ ਵਿਅਕਤੀਆਂ ਦੀ ਕਠਪੁਤਲੀ ਬਣ ਕੇ ਰਹਿ ਜਾਵੇਗੀ ਅਤੇ ਉਹ ਅਮੀਰਾਂ ਤੇ ਨਿਰਭਰ ਕਰਨ ਵਾਲੇ ਲੱਖਾਂ ਕਰੋੜਾਂ ਦੱਬੇ ਕੁਚਲੇ ਅਤੇ ਬੇਵੱਸ ਲੋਕਾਂ ਦਾ ਸ਼ੋਸ਼ਣ ਕਰਨਗੇ।

ਡਾ. ਭੀਮ ਰਾਓ ਅੰਬੇਦਕਰ ਨੇ ਅੰਦੇਸ਼ਾ ਪ੍ਰਗਟ ਕੀਤਾ ਸੀ ਕਿ ਆਰਥਿਕ ਸਮਾਨਤਾ ਤੋਂ ਬਿਨਾਂ ਰਾਜਨੀਤਿਕ ਆਜ਼ਾਦੀ ਦਾ ਪਰਿਣਾਮ ਪ੍ਰਸਪਰ ਵਿਰੋਧੀ ਜੀਵਨ ਹੋਵੇਗਾ। ਉਹਨਾਂ ਨੇ ਇਹ ਗੱਲ 25 ਨਵੰਬਰ 1949 ਵਿਚ ਸੰਵਿਧਾਨ ਸਭਾ 'ਚ ਇੰਝ ਆਖੀ:

''26 ਜਨਵਰੀ 1950 ਨੂੰ ਅਸੀਂ ਇਕ ਪ੍ਰਸਪਰ ਵਿਰੋਧੀ ਜੀਵਨ 'ਚ ਪ੍ਰਵੇਸ਼ ਕਰ ਰਹੇ ਹਾਂ। ਰਾਜਨੀਤੀ 'ਚ ਸਾਨੂੰ ਸਮਾਨਤਾ ਮਿਲੇਗੀ ਪਰ ਸਮਾਜਿਕ ਅਤੇ ਆਰਥਿਕ ਜੀਵਨ 'ਚ ਮਿਲੇਗੀ ਅਸਮਾਨਤਾ। ਰਾਜਨੀਤੀ 'ਚ ਅਸੀਂ ਇਕ ਵਿਅਕਤੀ ਇਕ ਵੋਟ ਅਤੇ ਇਕ ਵੋਟ ਦੀ ਸਮਾਨ ਕਦਰ ਕੀਮਤ ਦਾ ਸਿਧਾਂਤ ਮੰਨਾਂਗੇ। ਆਪਣੇ ਸਮਾਜਿਕ ਅਤੇ ਆਰਥਿਕ ਜੀਵਨ 'ਚ ਸਾਡੇ ਸਮਾਜਿਕ ਅਤੇ ਆਰਥਿਕ ਢਾਂਚੇ ਕਾਰਨ, ਅਸੀਂ ਇਕ ਵੋਟ, ਇਕ ਕਦਰ ਕੀਮਤ ਦੇ ਸਿਧਾਂਤ ਨੂੰ ਨਕਾਰਦੇ ਰਹਾਂਗੇ। ਅਸੀਂ ਇਹ ਪ੍ਰਸਪਰ ਵਿਰੋਧੀ ਜੀਵਨ ਕਦੋਂ ਤੱਕ ਬਤੀਤ ਕਰਾਂਗੇ। ਕਦੋਂ ਤੱਕ ਆਪਣੇ ਸਮਾਜਿਕ ਅਤੇ ਆਰਥਿਕ ਜੀਵਨ ਦੀ ਸਮਾਨਤਾ ਨਕਾਰਦੇ ਰਹਾਂਗੇ। ਜ਼ਿਆਦਾ ਸਮੇਂ ਨਕਾਰਦੇ ਰਹਿਣ ਨਾਲ ਅਸੀਂ ਆਪਣੇ ਰਾਜਨੀਤਿਕ ਲੋਕਤੰਤਰ ਨੂੰ ਖ਼ਤਰੇ 'ਚ ਪਾ ਦੇਵਾਂਗੇ। ਸਾਨੂੰ ਇਹ ਵਿਰੋਧ, ਛੇਤੀ ਤੋਂ ਛੇਤੀ ਦੂਰ ਕਰਨਾ ਹੋਵੇਗਾ, ਵਰਨਾ ਅਸਮਾਨਤਾ ਤੋਂ ਪੀੜਤ ਲੋਕ ਇਸ ਰਾਜਨੀਤਿਕ ਲੋਕਤੰਤਰ ਨੂੰ, ਜੋ ਅਸੀਂ ਇੰਨੀ ਮਿਹਨਤ ਨਾਲ ਉਸਾਰਿਆ ਹੈ, ਤਬਾਹ ਕਰਕੇ ਰੱਖ ਦੇਣਗੇ। ਮੰਦੇ ਭਾਗੀਂ, ਸਾਡੇ ਵਿਚਾਰ 'ਚ ਉਸ ਤੋਂ ਵੀ ਕਿਤੇ ਬੁਰਾ ਵਾਪਰਿਆ ਹੈ, ਜਿਸ ਦੀ ਬਾਬਾ ਸਾਹਿਬ ਨੇ ਭਵਿੱਖਬਾਣੀ ਕੀਤੀ ਸੀ। ਅਸੀਂ ਸਿਰਫ ਆਰਥਿਕ ਸਮਾਨਤਾ ਲਿਆਉਣ 'ਚ ਹੀ ਅਸਫਲ ਨਹੀਂ ਹੋਏ ਸਗੋਂ ਰਾਜਨੀਤਿਕ ਸਮਾਨਤਾ ਵੀ ਨਹੀਂ ਲਿਆ ਸਕੇ।

ਗੈਰ-ਰਾਜਨੀਤਿਕ ਆਧਾਰ ਤੋਂ ਬਿਨਾਂ ਲੋਕ ਰਾਜਨੀਤਿਕ ਸੱਤਾ ਪ੍ਰਾਪਤ ਨਹੀਂ ਕਰ ਸਕਦੇ।

ਉਪਰੋਕਤ ਅਧਿਕਾਰੀਕਰਨ ਬਾਰੇ ਕੌੜਾ ਸੱਚ ਹੈ। ਭਾਰਤੀਆਂ ਦੀ ਅਕਸਰੀਅਤ ਵੰਚਿਤ ਸੀ ਅਤੇ ਸੁਤੰਤਰਤਾ ਮਿਲਣ ਵੇਲੇ ਉਹਨਾਂ ਕੋਲ ਗੈਰ-ਰਾਜਨੀਤਿਕ ਸਾਧਨ ਵੀ ਨਹੀਂ ਸਨ। ਉਹਨਾਂ ਦੀ ਹਾਲਤ ਸੁਧਾਰਨ ਲਈ ਜਬਰਦਸਤ ਯਤਨਾਂ ਦੀ ਲੋੜ ਸੀ। ਸੁਨਿਯੋਜਿਤ ਅਤੇ ਠੀਕ ਤਰ੍ਹਾਂ ਨੇਪਰੇ ਚਾੜ੍ਹੀਆਂ ਵਿਕਾਸ ਸਕੀਮਾਂ ਦੀ ਲੋੜ ਸੀ। ਇਹਨਾਂ ਪ੍ਰਬੰਧਕ ਕਦਮਾਂ ਬਿਨਾਂ ਜਨਤਾ ਦਾ ਅਧਿਕਾਰੀਕਰਣ ਅਸੰਭਵ ਸੀ। ਰਾਜਨੀਤਿਕ ਅਤੇ ਸਮਾਜਿਕ ਆਰਥਿਕ ਸਾਧਨਾਂ ਵਾਲੇ ਵਿਅਕਤੀਆਂ ਦਾ ਅਲਪ-ਸੰਖਿਆ ਵੱਲੋਂ ਲੋੜਵੰਦ ਅਤੇ ਦੱਬੇ ਕੁਚਲੇ ਅਸੰਖ ਲੋਕਾਂ ਦੇ ਨਸੀਬ ਤੇ ਰਾਜ ਕਰਨਾ ਜਾਰੀ ਰਹਿਣ ਦੀ ਸੰਭਾਵਨਾ ਸੀ। ਇਹੋ ਕੁਝ ਹੋਇਆ ਸਵੈ-ਸ਼ਾਸਨ ਅਤੇ ਵਿਕਾਸ ਵਿਵਸਥਾ ਇਸ ਸੰਭਾਵਨਾ ਨੂੰ ਵਾਪਰਨ ਤੋਂ ਰੋਕ ਨਹੀਂ ਸਕੇ।

ਜ਼ਾਹਿਰੀ ਤੌਰ ਤੇ ਦੇਸ਼ ਨੇ ਸਾਮਰਾਜ ਦੀ ਪੰਜਾਲੀ ਉਤਾਰ ਦਿੱਤੀ। ਪਰ ਅੰਦਰੂਨੀ ਤੌਰ ਤੇ ਆਮ ਜਨਤਾ ਵੱਖ ਬੇੜੀਆਂ 'ਚ ਜਕੜੀ ਸੀ, ਜਿਹਨਾਂ 'ਚ ਸ਼ਾਮਿਲ ਸਨ- ਆਰਥਿਕ ਤੌਰ ਤੇ ਉਨਤ ਲੋਕਾਂ ਦੀਆਂ ਬੇੜੀਆਂ, ਸ਼ਾਹੂਕਾਰਾਂ ਦਾ ਚੁੰਗਲ, ਦਰਜੇ ਦਾ ਅੰਤਰ, ਜ਼ਿੰਮੀਦਾਰਾਂ ਦਾ ਗਲਬਾ, ਜਾਤੀ ਪ੍ਰਣਾਲੀ ਦੀਆਂ ਬੰਦਿਸ਼ਾਂ, ਧਰਮਾਂ ਦੀਆਂ ਅਸਮਾਨਤਾਵਾਂ ਆਦਿ।

ਇਹ ਅਤੇ ਗੁਲਾਮੀ ਦੇ ਹੋਰ ਅਨੇਕ ਰੂਪਾਂ ਤੇ ਕਾਬੂ ਤਦ ਤੱਕ ਸੰਭਵ ਨਹੀਂ ਜਦੋਂ ਤੱਕ ਦਮਨ ਦੇ ਸ਼ਿਕਾਰਾਂ ਨੂੰ ਉਚਿਤ ਸੁਰੱਖਿਆ ਨਾ ਮਿਲੇ, ਰਵਾਇਤੀ ਹੁਨਰ ਅਤੇ ਵਿਵਸਾਇ ਸੁਰੱਖਿਅਤ ਅਤੇ ਬਿਹਤਰ ਨਾ ਬਣਾਏ ਜਾਣ, ਸਾਰੇ ਵੰਚਿਤ ਲੋਕਾਂ ਨੂੰ ਸਿੱਖਿਆ ਅਤੇ ਸੁਆਰਥ ਸੁਵਿਧਾਵਾਂ ਨਾ ਮਿਲਣ, ਰੁਜ਼ਗਾਰ ਦੇ ਅਵਸਰ ਸਾਰਿਆਂ ਨੂੰ ਨਾ ਮਿਲਣ, ਵਿਕਾਸ ਕਾਰਜ ਇੰਝ ਨਾ ਵਿਉਂਤੇ ਜਾਣ ਕਿ ਉਹਨਾਂ ਕਾਰਨ ਸਥਾਨਕ ਹੁਨਰ ਤਬਾਹ ਹੋਣ ਦੀ ਥਾਂ ਬਿਹਤਰ ਹੋ ਜਾਣ।

ਕੌਮੀ ਦ੍ਰਿਸ਼ਟੀਕੋਣ ਨਾਲ ਅਸੀਂ ਸੁਤੰਤਰਤਾ ਮਿਲਣ ਤੋਂ ਮਗਰੋਂ ਸਮੁੱਚੀ ਆਰਥਿਕ ਪ੍ਰਗਤੀ ਤੇ ਖੁਸ਼ੀ ਮਹਿਸੂਸ ਕਰ ਸਕਦੇ ਹਾਂ। ਕ੍ਰਿਸ਼ੀ ਖੇਤਰ 'ਚ ਦੇਸ਼ 1947 'ਚ ਲੱਗਭੱਗ ਭੁੱਖਮਰੀ ਦੀ ਸਥਿਤੀ ਤੋਂ ਪ੍ਰਗਤੀ ਕਰਕੇ ਅਨਾਜ ਉਤਪਾਦਨ 'ਚ ਆਤਮ ਨਿਰਭਰ ਹੋ ਗਿਆ ਹੈ। ਸਾਡੀ ਕ੍ਰਿਸ਼ੀ ਕ੍ਰਾਂਤੀ ਅਨਪੜ੍ਹ ਗਰੀਬ, ਕਿਸਾਨਾਂ ਦੀ ਦੂਰ ਦੁਰਾਡੇ ਗ੍ਰਾਮੀਣ ਖੇਤਰਾਂ 'ਚ ਮਿਹਨਤ ਦਾ ਪਰਿਣਾਮ ਹੈ। ਇਸੇ ਕਰਕੇ ਇਹ ਦੁਨੀਆਂ 'ਚ ਇਕ ਚਮਤਕਾਰ ਵਾਂਗ ਹੈ। ਸਿੱਖਿਆ ਦੇ ਖੇਤਰ 'ਚ ਸਾਡਾ ਦੇਸ਼, ਵਿਦੇਸ਼ੀ ਰਾਜ ਦੀ ਸੇਵਾ ਕਰਨ ਵਾਲੇ ਬਾਬੂ ਹੀ ਤਿਆਰ ਕਰਦਾ ਸੀ ਪਰ ਅੱਜ ਇਹ ਤਕਨੀਕੀ- ਆਰਥਿਕ ਮਾਨਵ-ਸ਼ਕਤੀ ਦਾ ਤੀਜਾ ਸਭ ਤੋਂ ਵੱਡਾ ਬੈਂਕ ਸਮਝਿਆ ਜਾਂਦਾ ਹੈ। ਉਸ ਵੇਲੇ ਸਾਡਾ ਉਦਯੋਗਿਕ ਆਧਾਰ ਬਹੁਤ ਛੋਟਾ ਸੀ, ਜਿਸ ਵਿਚ ਕੁਝ ਕ੍ਰਿਸ਼ੀ ਆਧਾਰਿਤ ਉਦਯੋਗ ਅਤੇ ਖਾਣਾਂ ਸ਼ਾਮਲ ਸਨ। ਅੱਜ ਅਸੀਂ ਦਸਵਾਂ ਸਭ ਤੋਂ ਵੱਡਾ ਉਦਯੋਗਿਕ ਦੇਸ਼ ਹਾਂ, ਜਿੱਥੇ ਸੇਫਟੀ ਪਿਨ ਤੋਂ ਲੈ ਕ ਸੁਪਰਸੋਨਿਕ ਜਹਾਜ਼ ਤੱਕ ਲੱਗਭੱਗ ਹਰ ਵਸਤੂ ਬਣਦੀ ਹੈ। ਸਾਡੇ ਨਾਲ ਹੀ ਸੁਤੰਤਰਤਾ ਪ੍ਰਾਪਤ ਕਰਨ ਵਾਲੇ ਕਿਸੇ ਹੋਰ ਦੇਸ਼ ਨੇ ਇੰਨੇ ਹੀ ਸਮੇਂ 'ਚ ਸਾਡੇ ਬਰਾਬਰ ਪ੍ਰਗਤੀ ਨਹੀਂ ਕੀਤੀ।

ਕੌਮੀ ਦ੍ਰਿਸ਼ਟੀਕੋਣ ਅਨੁਸਾਰ ਹਰ ਨਾਗਰਿਕ ਦੇ ਔਸਤ ਗੈਰ-ਰਾਜਨੀਤਿਕ ਸਾਧਨ ਵਧੇ ਨਜ਼ਰ ਆਉਂਦੇ ਹਨ।

ਪਰ 'ਔਸਤ' ਇਕ ਗੁੰਮਰਾਹ ਕਰਨ ਵਾਲਾ ਅੰਕੜਾ ਹੈ। ਜੇ ਸਾਡਾ ਇਕ ਪੈਰ ਬਰਫ ਦੀ ਸਿਲੀ ਤੇ ਹੋਏ ਅਤੇ ਦੂਜਾ ਲੋਹੇ ਦੀ ਤਪਦੀ ਚਾਦਰ ਤੇ ਹੋਏ, ਤਾਂ ਅਸੀਂ ਇਹ ਨਹੀਂ ਆਖ ਸਕਦੇ ਕਿ ਔਸਤਨ ਇਹ ਆਰਾਮਦੇਹ ਜੀਵਨ ਹੈ। ਇਹੋ ਗੱਲ ਸਾਡੀ ਅਰਥ ਵਿਵਸਥਾ ਦੀ ਹੈ। 'ਔਸਤ' ਅੰਕੜੇ ਇਹ ਨਹੀਂ ਦਰਸਾਉਂਦੇ ਕਿ ਸਾਧਨ ਰਹਿਤ ਲੋਕਾਂ ਨੂੰ ਵਿਕਾਸ ਯੋਜਨਾਵਾਂ ਦਾ ਲਾਭ ਨਹੀਂ ਮਿਲਿਆ।ਕ੍ਰਿਸ਼ੀ ਕ੍ਰਾਂਤੀ ਸਿਰਫ ਕਣਕ ਅਤੇ ਝੋਨੇ ਜਿਹੀ ਨਕਦੀ ਫਸਲਾਂ ਦੇ ਆਧਾਰ ਤੇ ਹੋਈ ਹੈ। ਪਰ ਗਰੀਬਾਂ ਦੇ ਮੋਟੇ ਅਨਾਜ ਜਵਾਰ, ਬਾਜਰਾ ਅਤੇ ਮੱਕੀ ਦੀ ਕੀ ਸਥਿਤੀ ਹੈ। ਸਿੰਚਾਈ ਦਾ ਛੋਟੇ ਅਤੇ ਮਾਮੂਲੀ ਕਿਸਾਨਾਂ ਨੂੰ ਲਾਭ ਨਹੀਂ ਮਿਲਿਆ। ਇਸ ਤੋਂ ਬਿਨਾਂ ਉਹਨਾਂ ਦੀਆਂ ਜ਼ਮੀਨਾਂ ਹੋਰ ਵੀ ਘਾਟੇਵੰਦੀਆਂ ਹੋ ਗਈਆਂ ਹਨ। ਉਹ ਪਹਿਲਾਂ ਨਾਲੋਂ ਵੱਧ ਆਪਦੇ ਅਮੀਰ ਗੁਆਂਢੀਆਂ ਤੇ ਸਿੰਚਾਈ ਯੰਤਰ ਅਤੇ ਪਾਣੀ ਉਧਾਰ ਲੈਣ ਲਈ ਨਿਰਭਰ ਹੋ ਗਏ ਹਨ। ਰਵਾਇਤੀ ਤੌਰ ਤੇ ਗਰੀਬਾਂ ਦੇ ਕਬਜ਼ੇ ਵਾਲੀ ਦਾਇਰਾ ਭੂਮੀ ਖਾਰੀ ਭੂਮੀ, ਊਸਰ ਭੂਮੀ ਦੇ ਸੁਧਾਰ ਤੇ ਉਚਿਤ ਧਿਆਨ ਨਹੀਂ ਦਿੱਤਾ ਗਿਆ। ਡੇਰੀ, ਸੂਰ ਪਾਲਣ, ਮੁਰਗੀ ਪਾਲਣ, ਮਧੂ ਮੱਖੀ ਪਾਲਣ ਦੇ ਵਿਵਸਾਇ ਵਿਰਲੇ ਹੀ ਸਫਲ ਹੋਏ ਹਨ। ਆਮ ਤੌਰ ਤੇ ਇਹ ਜੀਵਨ ਬਚਾਊ ਧੰਦੇ ਬਿਹਤਰ ਨਹੀਂ ਹੋਏ ਅਤੇ ਆਪਣੀ ਜੀਵਿਕਾ ਲਈ ਉਹਨਾਂ ਤੇ ਨਿਰਭਰ ਗਰੀਬਾਂ ਨੂੰ ਵਧੇਰੇ ਕਰਕੇ ਇਹ ਧੰਦੇ ਛੱਡ ਕੇ ਕੋਈ ਹੋਰ ਪੇਸ਼ਾ ਅਪਣਾਉਣਾ ਪਿਆ।

ਇਸੇ ਤਰ੍ਹਾਂ ਭਾਰਤ ਦਾ ਉਦਯੋਗਿਕ ਖੇਤਰ, ਮੁੱਖ ਤੌਰ ਤੇ ਸਰਵਜਨਕ ਖੇਤਰ ਦੇ ਉਦਯੋਗਾਂ ਅਤੇ ਵੱਡੇ ਨਿੱਜੀ ਉਦਯੋਗਾਂ ਦਾ ਸਮੂਹ ਹੈ। ਹੁਣ ਤੱਕ, ਦਰਮਿਆਨੇ ਅਤੇ ਲਘੂ ਖੇਤਰ ਲਈ ਜ਼ਿਆਦਾ ਕੁਝ ਨਹੀਂ ਕੀਤਾ ਗਿਆ। ਘਰੇਲੂ ਉਦਯੋਗ, ਆਪਣੇ ਆਪ ਤੇ ਨਿਰਭਰ ਹਨ।ਇਸ ਨਾਲ ਰੁਜ਼ਗਾਰ ਖਿਲਾਅ ਪੈਦਾ ਹੋ ਗਿਆ ਹੈ। ਨਵੇਂ ਉਦਯੋਗਾਂ ਨਾਲ ਰੁਜ਼ਗਾਰ ਅਵਸਰਾਂ ਵਿਚ ਚੋਖਾ ਵਾਧਾ ਨਹੀਂ ਹੋਇਆ। ਉਦਾਰੀਕਰਨ ਦੇ ਹਾਲ ਦੇ ਯਤਨਾਂ ਦੇ ਨਤੀਜੇ ਹਾਲੇ ਨਹੀਂ ਮਿਲੇ ਅਤੇ ਇਸ ਬਾਰੇ ਕਾਫੀ ਸ਼ੰਕਾ ਹੈ ਕਿ ਇਹ ਪਰਿਣਾਮ ਚੰਗੇ ਹੋਣਗੇ ਜਾਂ ਮਾੜੇ।

ਅਸਮਾਨਤਾ ਬਰਕਰਾਰ ਹੈ। ਸਗੋਂ ਵੱਧ ਗਈ ਹੈ। ਸੁਤੰਤਰਤਾ ਮਗਰੋਂ ਅਮੀਰਾਂ ਅਤੇ ਗਰੀਬਾਂ ਦੀ ਆਮਦਨੀ 'ਚ ਫਰਕ, ਕਈ ਗੁਣਾਂ ਵੱਧ ਗਿਆ ਹੈ। ਅਮੀਰਤਰੀਨ ਵਿਅਕਤੀ ਅੱਜ ਆਪਣੇ ਸਵੇਰ ਦੇ ਨਾਸ਼ਤੇ ਤੇ ਜੋ ਖਰਚ ਕਰਦੇ ਹਨ, ਉਹ ਅੱਤ ਗਰੀਬ ਦੀ ਕੁੱਲ ਸੰਪਤੀ ਤੋਂ ਵੀ ਵੱਧ ਹੁੰਦਾ ਹੈ। ਪਰਾਧੀਨਤਾ ਜਾਰੀ ਹੈ ਅਤੇ ਵੱਧ ਗਈ ਹੈ।

ਵਿਅਕਤੀ ਦੇ ਮਾਣ ਨੂੰ ਨਿਸਚਿਤ ਕਰਨ ਵਾਲਾ ਭਾਈਚਾਰਾ, ਸੁਪਰ ਸੋਨਿਕ ਜਹਾਜ਼ਾਂ ਦੇ ਦੌਰ 'ਚ, ਬੈਲ ਗੱਡੀ ਦੇ ਦੌਰ ਦੇ ਮੁਕਾਬਲੇ ਜ਼ਿਆਦਾ ਅਫਸੋਸਨਾਕ ਹੋ ਗਿਆ ਹੈ। ਸਮਾਜਿਕ ਇਨਸਾਫ ਤਾਂ ਜੋ ਜਾਤੀਆਂ,ਦੋਵੇਂ ਜਿਨਸਾਂ ਦੂਰ ਦੁਰਾਡੇ ਰਹਿਣ ਵਾਲੇ ਕਬਾਇਲੀਆਂ, ਅਨੁਸੂਚਿਤ ਜਾਤੀਆਂ, ਸਾਰੇ ਧਰਮਾਂ ਦੇ ਲੋਕਾਂ ਵਿਸ਼ੇਸ਼ ਕਰਕੇ ਘੱਟ ਗਿਣਤੀਆਂ ਲਈ ਉਪਲਬਧ ਨਹੀਂ ਹੋਇਆ।

ਅਸੀਂ ਆਰਥਿਕ ਸਮਾਨਤਾ ਅਤੇ ਰੁਜ਼ਗਾਰ, ਵਪਾਰ ਅਤੇ ਵਿਵਸਾਇ ਦੇ ਸਮਾਨ ਅਵਸਰ ਉਪਲਬਧ ਕਰਾਉਣ 'ਚ ਵੀ ਉਚਿਤ ਪ੍ਰਗਤੀ ਨਹੀਂ ਕੀਤੀ।

ਅਸੀਂ ਸਮਾਜਿਕ ਇਨਸਾਫ ਅਤੇ ਸ਼ਾਸਨ ਅਤੇ ਪ੍ਰਬੰਧ 'ਚ ਸ਼ਾਮਲ ਹੋਣ ਲਈ ਸਭ ਨੂੰ ਸਮਾਨ ਅਵਸਰ ਵੀ ਨਹੀਂ ਦਿਵਾ ਸਕੇ।

# ਸਵਾਧੀਨ ਭਾਰਤ 'ਚ ਬਹੁਜਨ ਸਮਾਜ ਪਰਾਧੀਨ ਕਿਉਂ ਹੈ?

ਵਿਚਾਰਾਂ ਅਤੇ ਪ੍ਰਗਟਾਉ ਦੀ ਆਜ਼ਾਦੀ, ਦਰਜੇ ਅਤੇ ਅਵਸਰਾਂ ਦੀ ਸਮਾਨਤਾ, ਉਪਰੋਕਤ ਸੁਵਿਧਾਵਾਂ ਨਾ ਮਿਲਣ ਕਾਰਨ ਵਾਦ-ਵਿਵਾਦ ਦਾ ਪ੍ਰਸ਼ਨ ਬਣ ਕੇ ਰਹਿ ਗਏ ਹਨ। ਲੱਖਾਂ ਭਾਰਤੀਆਂ ਲਈ ਸੱਚੀ ਆਜ਼ਾਦੀ ਦਾ ਸੂਰਜ ਹਾਲੇ ਚੜ੍ਹਿਆ ਹੀ ਨਹੀਂ।

ਸੰਤੋਸ਼ ਲਈ ਬਹੁਤ ਘੱਟ ਅਤੇ ਅਫਸੋਸ ਲਈ ਬਹੁਤ ਕੁਝ ਹੈ। ਆਮ ਨਾਗਰਿਕ ਦੀਆਂ ਆਸਾਂ ਮਾੜੀ ਵਿਵਸਥਾ, ਮਾੜੇ ਅਮਲ, ਕੁਚੱਜੇ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਦੇ ਢੇਰ ਹੇਠ ਦੱਬ ਗਈਆਂ ਹਨ।

ਸਾਨੂੰ ਮਾੜੀ ਵਿਵਸਥਾ ਦੇ, ਪੂਰੇ ਸਮਾਜਿਕ ਢਾਂਚੇ ਤੇ ਖਤਰਨਾਕ ਪ੍ਰਭਾਵ ਨੂੰ ਘੱਟ ਨਹੀਂ ਸਮਝਣਾ ਚਾਹੀਦਾ। ਗਲਤ ਵਿਉਂਤਬੰਦੀ ਅਤੇ ਨਾਕਸ ਵਿਕਾਸ ਕਾਰਨ, ਪੂਰਾ ਸਮਾਜ ਸੰਕਟ ਵਿਚ ਹੈ। ਨੇਤਾ, ਇਹਨਾਂ ਕਠਿਨਾਈਆਂ ਨੂੰ ਸਮਝ ਨਹੀਂ ਰਹੇ। ਅਟਕਲ ਪੱਚੂ ਆਰਥਿਕ ਪ੍ਰਗਤੀ ਕਾਰਨ ਸਾਡੇ ਸਮਾਜ ਦੇ ਤਾਣੇ-ਬਾਣੇ ਨੂੰ ਹੀ ਖਤਰਾ ਹੈ।

ਸਿੱਖਿਆ, ਸੁਆਸਥ ਅਤੇ ਡਾਕਟਰੀ ਸੁਵਿਧਾਵਾਂ, ਰੁਜ਼ਗਾਰ ਅਵਸਰਾਂ ਦੀ ਕਮੀ, ਪੋਸ਼ਣ ਦੇ ਨੀਵੇਂ ਮਿਆਰਾਂ ਅਤੇ ਪਿੰਡਾਂ 'ਚ ਜ਼ਿੰਮੀਦਾਰਾਂ ਅਤੇ ਸ਼ਾਹੂਕਾਰਾਂ ਤੇ ਨਿਰਭਰਤਾ ਕਾਰਨ, ਪਿੰਡਾਂ ਦੇ ਲੋਕ ਮਜਬੂਰਨ ਸ਼ਹਿਰੀ ਖੇਤਰਾਂ 'ਚ ਜਾ ਵੱਸੇ ਹਨ।

### ਸਿੱਖਿਆ

ਸਿੱਖਿਆ ਅਤੇ ਸੁਆਸਥ, ਉੱਚੀ ਸੋਝ ਅਤੇ ਸਮਾਜਿਕ ਉਥਾਨ ਲਈ ਬੁਨਿਆਦੀ ਲੋੜ ਹਨ। ਭਾਰਤ ਦੀ ਸਮਾਜਿਕ ਕ੍ਰਾਂਤੀ ਦੇ ਮੋਹਰੀ ਮਹਾਤਮਾ ਜਿਓਤੀਬਾ ਫੂਲੇ ਨੇ ਸੂਦਰਾਂ ਅਤੇ ਅਤਿ-ਸੂਦਰਾਂ ਦੀ ਗਿਰਾਵਟ ਦੇ ਕਾਰਨਾਂ ਦੀ ਘੋਖ ਕੀਤੀ। ਉਹਨਾਂ ਦਾ ਵਿਚਾਰ ਸੀ ਕਿ ਇਸ ਦਾ ਕਾਰਨ ਸਿੱਖਿਆ ਦੀ ਕਮੀ ਤੋਂ ਹੋਣ ਵਾਲੀ ਅਗਿਆਨਤਾ ਹੈ। ਸੱਚ ਤਾਂ ਇਹ ਹੈ ਕਿ ਜਾਤੀ ਪ੍ਰਣਾਲੀ ਕਾਰਨ ਸੂਦਰਾਂ ਅਤੇ ਅਤਿ ਸੂਦਰਾਂ ਨੂੰ ਸਿੱਖਿਆ ਤੋਂ ਵੰਚਿਤ ਰੱਖਿਆ। ਜਦੋਂ ਫੂਲੇ ਜੀ ਦੇ ਪਿਤਾ ਨੇ ਉਹਨਾਂ ਨੂੰ ਸਕੂਲ ਭੇਜਿਆ ਤਾਂ ਉਹਨਾਂ ਦੀ ਆਪਣੀ ਬਰਾਦਰੀ ਵਾਲਿਆਂ ਨੇ ਇਸ ਦੀ ਨਿਖੇਧੀ ਕੀਤੀ ਅਤੇ ਰੀਤ ਦੀ ਉਲੰਘਣਾ ਲਈ ਉਹਨਾਂ ਦਾ ਬਾਈਕਾਟ ਕੀਤਾ। ਪਰ ਜਦ ਤੱਕ ਦੱਬੇ ਕੁਚਲੇ ਲੋਕਾਂ ਨੂੰ, ਸਮਾਜ ਦੇ ਦੂਜੇ ਵਰਗਾਂ ਵਾਂਗ ਸਿੱਖਿਆ ਅਤੇ ਸੁਆਸਥ ਸੁਵਿਧਾ ਨਹੀਂ ਮਿਲਦੀ, ਦਰਜੇ ਦੀ ਸਮਾਨਤਾ ਸੰਭਵ ਨਹੀਂ।

ਸਿੱਖਿਆ ਨਾਲ ਸੋਝ ਵਧਦੀ ਹੈ, ਉਹ ਘਸੇ ਪਿਟੇ ਵਿਚਾਰਾਂ ਅਤੇ ਰਿਵਾਜਾਂ ਤੋਂ ਮੁਕਤ ਹੁੰਦੇ ਹਨ। ਅਤੇ ਵਿਅਕਤੀ ਜੀਵਨ 'ਚ ਚੰਗੇ ਸਥਾਨ ਪਾ ਸਕਦਾ ਹੈ। ਪੱਛੜੇ ਵਰਗ ਨੂੰ ਸਮਾਜ 'ਚ ਸਮਾਨ ਦਰਜਾ, ਸਿੱਖਿਆ ਦੀ ਬਦੌਲਤ ਹੀ ਮਿਲਦਾ ਹੈ।

ਇਕ ਪ੍ਰਤੀਯੋਗੀ ਸਮਾਜ 'ਚ, ਅਨਪੜ ਵਿਅਕਤੀ ਸਥਾਈ ਰੂਪ ਵਿਚ ਲਾਚਾਰ ਹੁੰਦਾ ਹੈ। ਸਾਖਰਤਾ ਪ੍ਰਤੀਯੋਗਤਾ ਦੀ ਯੋਗਤਾ ਵਧਾਉਂਦੀ ਹੈ। ਇਹ ਸਮਾਜਿਕ ਇਨਸਾਫ ਅਤੇ ਪਰਾਧੀਨਤਾ ਤੋਂ ਮੁਕਤੀ ਦਿਵਾਉਣ ਦਾ ਸਾਧਨ ਹੈ।

ਦਲਿਤ ਵਰਗ ਦਾ ਸਿੱਖਿਆ ਮਿਆਰ ਸੁਧਾਰਨ ਦੇ ਨਿਯੋਜਿਤ ਯਤਨ ਸਿਰਫ ਯੋਜਨਾ ਪੱਤਰਾਂ ਤੱਕ ਹੀ ਸੀਮਤ ਰਹੇ। ਸਾਡੇ ਯੋਜਨਾ ਤਿਆਰ ਕਰਨ ਵਾਲਿਆਂ ਗ੍ਰਾਮੀਣ ਖੇਤਰਾਂ, ਵਿਸ਼ੇਸ਼ ਕਰਕੇ ਉਹਨਾਂ ਖੇਤਰਾਂ ਵਿਚ ਸਿੱਖਿਆ ਪ੍ਰਸਾਰ ਤੇ ਜ਼ੋਰ ਦਿੱਤਾ, ਜਿੱਥੇ ਅਨੁਸੂਚਿਤ ਜਾਤੀਆਂ, ਜਨ ਜਾਤੀਆਂ ਦੀ ਵੱਸੋਂ ਹੈ। ਹਰ ਯੋਜਨਾ ਵਿਚ ਇਹਨਾਂ ਖੇਤਰਾਂ ਵਿਚ ਪ੍ਰਾਇਮਰੀ ਸਕੂਲ ਖੋਲ੍ਹਣ ਨੂੰ ਤਰਜੀਹ ਦਿੱਤੀ ਗਈ ਹੈ। ਇਹਨਾਂ ਖੇਤਰਾਂ ਵਿਚ ਸਕੂਲ ਬਿਲਡਿੰਗਾਂ ਉਸਾਰਨ ਲਈ ਵਿਸ਼ੇਸ਼ ਫੰਡ ਰੱਖੇ ਗਏ ਹਨ। ਸਿੱਖਿਆ ਵਿਚ ਟਰੇਨਿੰਗ ਲਈ ਇਹਨਾਂ ਵਰਗਾਂ ਦੇ ਯੁਵਕਾਂ ਨੂੰ ਵਿਸ਼ੇਸ਼ ਪ੍ਰੋਤਸਾਹਨ ਦਿੱਤੇ ਗਏ ਹਨ। ਉੱਚ ਸਿੱਖਿਆ ਲਈ ਵਜ਼ੀਫੇ ਦਿੱਤੇ ਗਏ ਹਨ। ਯੋਜਨਾਵਾਂ ਵਿਚ ਆਂਗਨਵਾੜੀ ਸਿਸਟਮ ਅਤੇ ਆਸ਼ਰਮਾਂ ਰਾਹੀਂ ਗੈਰ-ਰਸਮੀ ਸਿੱਖਿਆ ਵੀ ਸ਼ਾਮਲ ਹੈ।

ਉਪਰੋਕਤ ਯਤਨਾਂ ਦੇ ਬਾਵਜੂਦ ਅਸਲ ਸਫਲਤਾ ਉਤਸ਼ਾਹ ਜਨਕ ਨਹੀਂ ਰਹੀ। ਵਿਵਹਾਰਿਕ ਤੌਰ ਤੇ ਸਮੱਸਿਆ ਵੱਡੀ ਹੋ ਗਈ ਹੈ ਅਤੇ ਸਰਕਾਰ ਦੇ ਯਤਨਾਂ ਦੀ ਰਫ਼ਤਾਰ ਲੋੜ ਦੇ ਅਨੁਰੂਪ ਨਹੀਂ ਰਹੀ। ਇਸ ਦਾ ਕਾਰਨ ਹੈ। ਸਿਰਫ ਕਾਗਜ਼ੀ ਯੋਜਨਾਵਾਂ, ਉਹਨਾਂ ਤੇ ਅਮਲ ਕਰਨ ਦੇ ਰਾਜਨੀਤਿਕ ਸੰਕਲਪ ਦੀ ਕਮੀ ਅਤੇ ਸ਼ਾਇਦ ਅਮਲ ਕਰਨ ਦੇ ਇਰਾਦੇ ਦੀ ਕਮਜ਼ੋਰੀ।

ਸਾਧਨਾਂ ਅਤੇ ਸਮਾਜਿਕ ਮਾਨਤਾ ਦੀ ਕਮੀ ਕਾਰਨ ਅਨੁਸੂਚਿਤ ਜਾਤੀਆਂ, ਜਨ ਜਾਤੀਆਂ ਆਮ ਭਾਰਤੀਆਂ ਦੇ ਮੁਕਾਬਲੇ ਸਿੱਖਿਆ ਸੁਵਿਧਾਵਾਂ ਤੋਂ ਵੱਧ ਵੰਚਿਤ ਰਹੀਆਂ ਹਨ। ਦੇਸ਼ ਦੇ ਸੁਤੰਤਰ ਹੋਣ ਮਗਰੋਂ ਅਮੀਰ ਵਰਗ, ਸਿੱਖਿਆ ਅਤੇ ਉੱਚ ਸਿੱਖਿਆ ਦੇ ਲਾਭ ਪ੍ਰਾਪਤ ਕਰ ਰਹੇ ਹਨ ਅਤੇ ਦਲਿਤਾਂ ਤੇ ਵਿਸ਼ੇਸ਼ ਧਿਆਨ ਦੀ ਲੋੜ ਸੀ। ਆਰਥਿਕ ਸਾਧਨਾਂ ਅਤੇ ਸਮਾਜਿਕ ਅਵਸਰਾਂ ਤੇ ਨਿਰਭਰਤਾ ਕਾਰਨ, ਦਲਿਤ ਵਰਗ, ਸਰਕਾਰੀ ਯੋਜਨਾਵਾਂ ਦਾ ਪੂਰਾ ਲਾਭ ਨਹੀਂ ਉਠਾ ਸਕਿਆ। ਜੇਕਰ ਜ਼ਿਆਦਾ ਵਿਆਪਕ ਨੀਤੀ ਅਪਣਾਈ ਜਾਂਦੀ ਤਾਂ ਗਰੀਬਾਂ ਨੂੰ ਇਹ ਕਠਿਨਾਈ ਨਾ ਹੁੰਦੀ। ਅਫਸੋਸ ਦੀ ਗੱਲ ਹੈ ਕਿ ਦਲਿਤਾਂ ਅਤੇ ਆਮ ਨਾਗਰਿਕਾਂ ਵਿਚਕਾਰ ਸਾਖਰਤਾ ਦਾ ਅੰਤਰ ਇਕ ਤੋਂ ਮਗਰੋਂ ਦੂਜੀ ਯੋਜਨਾ 'ਚ ਵਧਦਾ ਹੀ ਗਿਆ ਹੈ।

ਐਨ ਸੀ ਈ ਆਰ ਟੀ ਅਤੇ ਐਨ ਆਈ ਸੀ ਨੇ ਮਿਲ ਕੇ ਜੋ ਛੇਵਾਂ ਅਖਿਲ ਭਾਰਤੀ ਸਿੱਖਿਆ ਸਰਵੇਖਣ ਕੀਤਾ, ਉਸ ਤੋਂ ਪਤਾ ਲੱਗਦਾ ਹੈ ਕਿ ਪ੍ਰਾਇਮਰੀ ਸਕੂਲਾਂ ਵਾਲੇ ਖੇਤਰਾਂ ਦੀ ਸੰਖਿਆ ਬਹੁਤ ਘੱਟ ਸੀ। ਇਹ ਵੀ ਪੱਕਾ ਪਤਾ ਨਹੀਂ ਕਿ ਪ੍ਰਾਇਮਰੀ ਸਕੂਲਾਂ ਤੋਂ ਵਾਂਝੇ ਕਿੰਨੇ ਖੇਤਰ ਜ਼ੈਲੀ-ਖੇਤਰਾਂ ਵਾਲੇ ਜਾਂ ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਜਨ ਜਾਤੀਆਂ ਵਾਲੇ ਸਨ। ਸਰਵੇਖਣ ਤੋਂ ਸ਼ਹਿਰੀ ਅਤੇ ਗ੍ਰਾਮੀਣ ਖੇਤਰਾਂ ਵਿਚ ਸਕੂਲਾਂ ਦੀ ਸੰਖਿਆ ਵਿਚ ਅਸਤੁਲਨ ਦਾ ਵੀ ਪਤਾ ਲੱਗਿਆ ਹੈ। ਇਹ ਗੱਲ ਇਸ ਕਰਕੇ ਪ੍ਰਾਸੰਗਿਕ ਜਾਪਦੀ ਹੈ ਕਿ ਅਨੁਸੂਚਿਤ ਜਾਤੀਆਂ, ਜਨ ਜਾਤੀਆਂ ਦੀ ਆਕਸਰੀਅਤ ਗ੍ਰਾਮੀਣ ਖੇਤਰਾਂ 'ਚ ਵੱਸੀ ਹੈ। ਗ੍ਰਾਮੀਣ ਖੇਤਰਾਂ ਵਿਚ 10,59,191 ਵਸੋਂ ਵਿਚੋਂ ਕੇਵਲ 5,32,962 ਵਿਚ ਪ੍ਰਾਇਮਰੀ ਸਕੂਲ, 1,45824 ਵਿਚ ਉਚੇ ਪ੍ਰਾਇਮਰੀ ਸਕੂਲ, 53174 ਵਿਚ ਸੈਕੰਡਰੀ ਸਕੂਲ ਅਤੇ ਸਿਰਫ 11,955 ਵਿਚ ਹਾਇਰ ਸਕੈਂਡਰੀ ਸਕੂਲ ਹਨ। ਇਸ ਤਰ੍ਹਾਂ 5 ਲੱਖ ਤੋਂ ਵੱਧ ਗ੍ਰਾਮੀਣ ਵਸੋਂ ਵਿਚੋਂ ਜੋ ਦੇਸ਼ ਦੀ ਕੁੱਲ ਵਸੋਂ ਦਾ ਲੱਗਭੱਗ 50 ਹਨ, ਕੋਈ ਪ੍ਰਾਇਮਰੀ ਸਕੂਲ ਵੀ ਨਹੀਂ ਹੈ।

ਪਿਛਲੇ ਦਹਾਕੇ ਵਿਚ ਪ੍ਰਾਇਮਰੀ ਸਕੂਲਾਂ ਦੀ ਸੰਖਿਆ ਵਿਚ 19.62 ਦਾ ਵਾਧਾ ਹੋਇਆ ਹੈ ਜਦਕਿ ਗ੍ਰਾਮੀਣ ਖੇਤਰਾਂ ਵਿਚ ਕੇਵਲ 7.57। ਆਮ ਦਲੀਲ ਇਹ ਹੈ ਕਿ ਟੀਚਰ, ਅੰਦਰੂਨੀ ਗ੍ਰਾਮੀਣ ਖੇਤਰਾਂ ਵਿਚ ਜਾਣਾ ਨਹੀਂ ਚਾਹੁੰਦੇ, ਇਸ ਲਈ ਗ੍ਰਾਮੀਣ ਖੇਤਰਾਂ ਵਿਚ ਖੋਲ੍ਹੇ ਗਏ ਸਕੂਲ ਠੀਕ ਤਰ੍ਹਾਂ ਨਹੀਂ ਚੱਲ ਸਕੇ। ਸਥਾਨਕ ਟੀਚਰ ਭਰਤੀ ਕਰਨ ਤੇ ਥੋੜ੍ਹਾ ਧਿਆਨ ਦਿੱਤਾ ਜਾਂਦਾ ਹੈ।

ਕਬਾਇਲੀਆਂ ਅਤੇ ਅਨੁਸੂਚਿਤ ਜਾਤੀਆਂ ਨੂੰ ਆਪਣੇ ਸਕੂਲ ਖੋਲ੍ਹਣ ਲਈ ਕੋਈ ਪ੍ਰੋਤਸਾਹਨ ਨਹੀਂ ਦਿੱਤਾ ਗਿਆ। ਉੱਚੀਆਂ ਅਤੇ ਖੁਸ਼ਹਾਲ ਜਾਤੀਆਂ ਨੇ ਹੀ ਸਕੂਲ ਅਤੇ ਕਾਲਜ ਖੋਲ੍ਹੇ ਹਨ। ਪ੍ਰੋਤਸਾਹਨਾਂ ਰਾਹੀਂ ਦਲਿਤ ਵਰਗ ਦੀ ਸਮਾਜਿਕ ਅਤੇ ਸਿੱਖਿਆ ਦੀ ਸਥਿਤੀ ਉੱਚੀਆਂ ਜਾਤੀਆਂ ਅਤੇ ਸਮਾਜ ਦੇ ਖੁਸ਼ਹਾਲ ਵਰਗ ਦੇ ਬਰਾਬਰ ਹੋਣ 'ਚ ਸਹਾਈ ਹੋ ਸਕਦੀ ਹੈ।

52.21 ਫੀਸਦੀ ਦੀ ਕੌਮੀ ਔਸਤ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਦੀ ਸਾਖਰਤਾ ਦਰ 37.41 ਫੀਸਦੀ ਹੈ। ਹਾਲਾਂਕਿ ਦੇਸ਼ ਦੇ 2/3 ਭਾਗ ਪੂਰਨ ਸਿੱਖਿਅਤ ਹਨ, ਅਨੁਸੂਚਿਤ ਜਾਤੀ ਦੇ ਕੇਵਲ 50 ਫੀਸਦੀ ਪੁਰਸ਼ ਹੀ ਸਿੱਖਿਅਤ ਹਨ। ਅਨੁਸੂਚਿਤ ਜਾਤੀ ਦੀਆਂ ਤਿੰਨ ਚੌਥਾਈ ਇਸਤਰੀਆਂ ਅਨਪੜ੍ਹ ਹਨ, ਜਦਕਿ ਆਮ ਇਸਤਰੀਆਂ ਦੀ ਸਾਖਰਤਾ ਦਰ 39.29 ਫੀਸਦੀ ਹੈ। ਕੁਝ ਰਾਜਾਂ ਵਿਚ ਇਹ ਅੰਕੜੇ ਹੋਰ ਵੀ ਗੰਭੀਰ ਹਨ। ਅਨੁਸੂਚਿਤ ਜਾਤੀਆਂ ਦੀ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਉਤਰ ਪ੍ਰਦੇਸ਼ 'ਚ ਇਸ ਵਰਗ ਦੀਆਂ ਇਸਤਰੀਆਂ ਦੀ ਸਾਖਰਤਾ ਦਰ 10 ਫੀਸਦੀ ਤੋਂ ਵੀ ਘੱਟ ਹੈ।

ਉਪਰੋਕਤ ਅੰਕੜਿਆਂ ਤੋਂ ਪ੍ਰਤੱਖ ਹੈ ਕਿ ਸੁਤੰਤਰਤਾ ਦੇ 50 ਵੇਂ ਵਰ੍ਹੇ 'ਚ ਵੀ ਗ੍ਰਾਮੀਣ ਖੇਤਰਾਂ 'ਚ ਅਨੁਸੂਚਿਤ ਜਾਤੀਆਂ, ਜਨ ਜਾਤੀਆਂ ਅਤੇ ਦੂਜੇ ਦਲਿਤ ਵਰਗ ਦੇ ਲੋਕਾਂ ਦੀ ਅਕਸਕੀਅਤ ਸਿੱਖਿਆ ਦੀ ਬੁਨਿਆਦੀ ਸੁਵਿਧਾ ਤੋਂ ਵੰਚਿਤ ਹੈ। ਮਤਲਬ ਇਹ ਕਿ ਉਹਨਾਂ ਦੇ ਅਧਿਕਾਰੀਕਰਣ ਦੇ ਬੁਨਿਆਦੀ ਸਾਧਨ ਪ੍ਰਾਪਤ ਕਰਨ ਦੀ ਕੋਈ ਆਸ ਨਹੀਂ।ਇਹ ਕਿੰਝ ਆਸ ਕੀਤੀ ਜਾ ਸਕਦੀ ਹੈ ਕਿ ਨਿਕਟ ਭਵਿੱਖ 'ਚ ਇਸ ਵਰਗ ਦੇ ਲੋਕ ਦੂਜਿਆਂ ਦੇ ਬਰਾਬਰ ਸਮਾਜਿਕ ਦਰਜਾ ਹਾਸਲ ਕਰ ਸਕਣਗੇ ਅਤੇ ਸੁਤੰਤਰ ਤੇ ਆਤਮ ਨਿਰਭਰ ਨਾਗਰਿਕਾਂ ਵਾਂਗ ਜੀਵਨ ਬਤੀਤ ਕਰ ਸਕਣਗੇ। ਉਹ ਸ਼ਾਇਦ ਆਪਣੇ ਜੀਵਨ ਕਾਲ 'ਚ ਆਜ਼ਾਦੀ ਪ੍ਰਾਪਤ ਕਰਨ ਦੀ ਆਸ ਨਹੀਂ ਕਰ ਸਕਦੇ।

ਅਨੁਸੂਚਿਤ ਜਨ ਜਾਤੀਆਂ ਦੀ ਸਾਖਰਤਾ ਸਤਹਿ ਵੀ ਇਕ ਦੁਖਦ ਕਹਾਣੀ ਹੈ। 1971 ਵਿਚ ਇਸ ਵਰਗ ਅਤੇ ਆਮ ਆਬਾਦੀ ਦੇ ਸਾਖਰ ਵਿਅਕਤੀਆਂ ਵਿਚਕਾਰ ਅੰਤਰ 18.15 ਫੀਸਦੀ ਸੀ। 1981 ਵਿਚ ਇਹ ਅੰਤਰ ਵੱਧ ਕੇ 19.88ਫੀਸਦੀ ਅਤੇ ਫਿਰ 22.61 ਫੀਸਦੀ ਹੋ ਗਿਆ। 1991 ਦੀ ਪਿਛਲੀ ਜਨਸੰਖਿਆ ਗਿਣਤੀ 70.40 ਫੀਸਦੀ ਕਬਾਇਲੀ ਅਨਪੜ੍ਹ ਸੀ ਜਦਕਿ ਆਮ ਆਬਾਦੀ ਵਿਚ ਇਹ ਦਰ 47.79 ਫੀਸਦੀ ਸੀ। ਕਬਾਇਲੀ ਇਸਤਰੀਆਂ 'ਚ ਇਹ ਸਥਿਤੀ ਹੋਰ ਵੀ ਮਾੜੀ ਸੀ। 1971 'ਚ ਆਮ ਆਬਾਦੀ ਦੀਆਂ ਇਸਤਰੀਆਂ ਅਤੇ ਕਬਾਇਲੀ ਇਸਤਰੀਆਂ 'ਚ ਨਿਰਪੱਖਤਾ ਦਾ ਅੰਤਰ 14ਫੀਸਦੀ ਸੀ। 1981 ਵਿਚ ਇਹ ਵੱਧ ਕੇ 16 ਫੀਸਦੀ ਅਤੇ 1991 ਵਿਚ 21.04 ਫੀਸਦੀ ਹੋ ਗਿਆ। ਅੱਜ ਹਰ 10 ਕਬਾਇਲੀ ਇਸਤਰੀਆਂ ਵਿਚੋਂ 8 ਅਨਪੜ੍ਹ ਹਨ। ਇਸਤਰੀ ਉਥਾਨ ਦੇ ਅੰਕੜੇ ਉਹਨਾਂ ਲਈ ਕਿੰਝ ਲਾਹੇਵੰਦ ਹੋ ਸਕਦੇ ਹਨ।

ਪਿਛਲੇ 3 ਦਹਾਕਿਆਂ ਦੌਰਾਨ, ਕਬਾਇਲੀਆਂ 'ਚ ਸਾਖਰਤਾ ਪ੍ਰਗਤੀ ਦੀ ਰਫ਼ਤਾਰ ਬਹੁਤ ਸੁਸਤ ਰਹੀ ਹੈ ਅਤੇ ਅਜਿਹਾ ਨਹੀਂ ਕਿ ਉਹ ਆਜ਼ਾਦੀ ਅਤੇ ਆਤਮ ਨਿਰਭਰਤਾ ਦਾ ਅਹਿਸਾਸ ਕਰ ਸਕੇ। ਆਮ ਆਬਾਦੀ ਲਈ ਸਾਖਰਤਾ 'ਚ 1971-81 ਦੇ ਦਹਾਕੇ 'ਚ 6.78 ਫੀਸਦੀ ਦਾ ਵਾਧਾ ਹੋਇਆ ਅਤੇ 1981-91 ਦਹਾਕੇ ਵਿਚ 16 ਫੀਸਦੀ ਦਾ ਜਦਕਿ ਕਬਾਇਲੀਆਂ ਵਿਚ ਇਹ ਵਾਧਾ 5.05 ਫੀਸਦੀ ਅਤੇ 13.25 ਫੀਸਦੀ ਹੋਇਆ।

ਪ੍ਰਾਇਮਰੀ ਪੱਧਰ ਤੇ ਸਕੂਲ ਛੱਡਣ ਦੀ ਦਰ ਅਨੁਸੂਚਿਤ ਜਾਤੀਆਂ ਲਈ 64.53 ਫੀਸਦੀ ਸੀ ਜਦਕਿ ਆਮ ਸ਼੍ਰੇਣੀ ਲਈ ਇਹ 47.93 ਫੀਸਦੀ ਸੀ। ਇਹ ਖਤਰਨਾਕ ਸਮਾਜਿਕ ਆਰਥਿਕ ਬੰਦਿਸ਼ਾਂ ਹਨ, ਜਿਹਨਾਂ ਤੇ ਕਾਬੂ ਪਾਉਣਾ, ਕਬਾਇਲੀਆਂ ਲਈ ਅਸੰਭਵ ਜਾਪਦਾ ਹੈ। ਉਹ ਇਹਨਾਂ ਬੰਦਿਸ਼ਾਂ ਦੇ ਗੁਲਾਮ ਬਣੇ ਹੋਏ ਹਨ।

ਜਦੋਂ ਤੱਕ ਦਲਿਤਾਂ ਦਾ ਸਾਖਰਤਾ ਪੱਧਰ ਨਹੀਂ ਸੁਧਰਦਾ ਉਹਨਾਂ ਦਾ ਸਮਾਜ 'ਚ ਏਕੀਕਰਨ ਸੰਭਵ ਨਹੀਂ ਹੋਏਗਾ।

ਅਫਸੋਸ ਹੈ ਕਿ ''ਸਾਰਿਆਂ ਲਈ ਸਿੱਖਿਆ'' ਦੇ ਅਲੰਕਾਰ ਵਿਚਾਰ ਅਤੇ ਯੋਜਨਾਵਾਂ ਕੇਵਲ ਕਾਗਜ਼ਾਂ 'ਚ ਹੀ ਹਨ, ਉਹਨਾਂ ਦੇ ਕੋਈ ਪ੍ਰਤੱਖ ਪਰਿਣਾਮ ਨਹੀਂ ਨਿਕਲੇ। ਇਹ ਵੀ ਅਫਸੋਸ ਦੀ ਗੱਲ ਹੈ ਕਿ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਨੇ ਕਦੇ ਨਹੀਂ ਸਮਝਿਆ ਕਿ ਸਮਾਜ ਦਾ ਇਕ ਵਿਸ਼ਾਲ ਵਰਗ ਮੂਲ ਧਾਰਾ ਤੋਂ ਅਲਹਿਦਾ ਕਿਉਂ ਹੈ। ਵਰਣ- ਪ੍ਰਣਾਲੀ ਨੇ ਪ੍ਰਸਪਰ ਸਬੰਧਾਂ ਲਈ, ਜਾਤੀਆਂ ਅਤੇ ਵਰਗਾਂ ਦੇ ਸੰਪਰਕ ਦੁਆਰ ਸਦਾ ਹੀ ਬੰਦ ਰੱਖੇ ਹਨ। ਇਸ ਲਈ ਉੱਚੀਆਂ ਜਾਤੀਆਂ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਅਨਪੜ੍ਹ ਜਨਤਾ ਦਾ ਸ਼ੋਸ਼ਣ ਨਿਰੰਤਰ ਕਰ ਰਹੇ ਹਨ। ਇਕ ਸਵਾਰਥੀ ਹਿੱਤ ਸਾਖਰਾਂ ਤੇ ਨਿਰੱਖਰਾਂ ਦੀ ਨਿਰਭਰਤਾ ਨੂੰ ਲੰਮੀ ਕਰ ਰਿਹਾ ਹੈ।

### ਸੁਆਰਸਥ ਅਤੇ ਡਾਕਟਰੀ ਸੇਵਾ

ਗਰੀਬਾਂ ਦੀ ਸਿਹਤ ਅਤੇ ਪੋਸ਼ਣ ਪੱਧਰ ਕਾਰਨ ਉਹਨਾਂ 'ਚ ਆਤਮ ਨਿਰਭਰਤਾ ਦਾ ਅਹਿਸਾਸ ਘੱਟ ਹੁੰਦਾ ਹੈ। ਬਿਮਾਰ ਵਿਅਕਤੀ ਸਭ ਤੋਂ ਵੱਧ ਲਾਚਾਰ ਹੁੰਦਾ ਹੈ। ਅਜਿਹੀ ਕੋਈ ਰਿਪੋਰਟ ਨਹੀਂ ਜੋ ਅੰਕੜਿਆਂ ਨਾਲ ਸਿੱਧ ਕਰ ਸਕੇ ਕਿ ਅਨੁਸੂਚਿਤ ਜਾਤੀਆਂ, ਜਨਜਾਤੀਆਂ ਸਮਾਜਿਕ ਅਤੇ ਆਰਥਿਕ ਤੌਰ ਤੇ ਪੱਛੜੇ ਵਰਗਾਂ ਦਾ ਸੁਆਸਥ ਅਤੇ ਪੋਸ਼ਣ ਪੱਧਰ ਆਮ ਸ਼੍ਰੇਣੀ ਤੋਂ ਬਹੁਤ ਕਮਜ਼ੋਰ ਹੈ। ਪਰ ਅਨੇਕ ਸਰਕਾਰੀ ਅਤੇ ਗੈਰ ਸਰਕਾਰੀ ਅਧਿਐਨ ਰਿਪੋਰਟਾਂ ਹਨ, ਜਿਹਨਾਂ ਤੋਂ ਪਤਾ ਚਲਦਾ ਹੈ ਕਿ ਇਹਨਾਂ ਵਰਗਾਂ 'ਚ ਪੋਸ਼ਣ ਦੀ ਘਾਟ ਆਮ ਹੈ। ਕਮਜ਼ੋਰ ਸਿਹਤ ਕਾਰਨ ਇਹ ਵਰਗ ਖੁਸ਼ਹਾਲ ਵਰਗਾਂ ਦੇ ਮੁਕਾਬਲੇ ਟਿਕ ਨਹੀਂ ਪਾਉਂਦੇ ਅਤੇ ਉਹ ਦੂਜਿਆਂ ਤੇ ਜ਼ਿਆਦਾ ਨਿਰਭਰ ਹੋ ਜਾਂਦੇ ਹਨ। ਨਾਕਸ ਡਾਕਟਰੀ ਸੇਵਾਵਾਂ, ਉਹਨਾਂ ਨੂੰ ਇਸ ਤਕਲੀਫ਼ ਤੋਂ ਬਚਾ ਨਹੀਂ ਪਾਉਂਦੀਆਂ। ਇਹਨਾਂ ਦਲਿਤਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਨਿਰਾਸ਼ਾਜਨਕ ਹਾਲਤ 'ਚੋਂ ਨਿਕਲਣਾ ਹੋਰ ਵੀ ਔਖਾ ਹੋ ਜਾਏਗਾ। ਅਮੀਰਾਂ ਅਤੇ ਗਰੀਬਾਂ ਦੀ ਸਿਹਤ 'ਚ ਅੰਤਰ ਵਧਦਾ ਜਾਏਗਾ। ਜਿਸ ਨਾਲ ਗਰੀਬ ਅਸੁਅਸਥਤਾ ਦੇ ਭਾਰ ਥੱਲੇ ਹੋਰ ਵੀ ਦੱਬ ਜਾਣਗੇ। ਪੱਛੜੀਆਂ ਜਾਤੀਆਂ ਦੀਆਂ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਅਤੇ ਬੱਚਿਆਂ 'ਚ ਭੁੱਸ ਰੋਗ ਆਮ ਵੇਖਿਆ ਗਿਆ ਹੈ। ਇਸ ਕਾਰਨ ਉਹਨਾਂ ਦੀਆਂ ਆਸਾਂ ਹੋਰ ਵੀ ਘੱਟ ਜਾਂਦੀਆਂ ਹਨ।

ਇਹ ਗੱਲ ਸਭ ਜਾਣਦੇ ਹਨ ਕਿ ਦਲਿਤਾਂ ਦੀ ਅਕਸਕੀਅਤ ਪ੍ਰਾਥਮਿਕ ਪੇਸ਼ਿਆਂ 'ਚ ਕੰਮ ਕਰਦੀ ਹੈ, ਜਿਸ ਦੇ ਵਾਤਾਵਰਣਿਕ ਖਤਰੇ ਹੁੰਦੇ ਹਨ। ਇਹ ਪੇਸ਼ੇ ਹਨ ਗੋਹਾ-ਕੂੜਾ, ਚਮੜਾ ਰੰਗਣਾ, ਮੋਚੀ ਦਾ ਕੰਮ, ਮਿੱਟੀ ਦੇ ਬਰਤਨ ਅਤੇ ਬੁਣਾਈ। ਉਹਨਾਂ ਦੀਆਂ ਬਸਤੀਆਂ ਅਤੇ ਘਰਾਂ ਦੇ ਗਿਰਦ ਆਮ ਤੌਰ ਤੇ ਗੰਦਗੀ ਹੁੰਦੀ ਹੈ। ਇਸ ਕਾਰਨ ਇਹਨਾਂ ਲੋਕਾਂ ਵਿਚ ਮਲੇਰੀਆ, ਤਪਦਿਕ, ਚਮੜੀ ਰੋਗ ਕੋੜ੍ਹ ਅਤੇ ਗਿਲ੍ਹੜ ਰੋਗ ਆਮ ਹੁੰਦੇ ਹਨ। ਇਹਨਾਂ ਰੋਗਾਂ ਲਈ ਵਿਸ਼ੇਸ਼ ਇਲਾਜ ਦੀ ਲੋੜ ਹੈ। ਅਫਸੋਸ ਕਿ ਦਲਿਤਾਂ ਦੀ ਬਸਤੀਆਂ 'ਚ ਜਾਂ ਵਿਸ਼ੇਸ਼ ਕਰਕੇ ਉਹਨਾਂ ਲਈ ਵਿਸ਼ੇਸ਼ ਸੁਵਿਧਾਵਾਂ ਵਾਲੇ ਇਨਡੋਰ ਹਸਪਤਾਲ ਸ਼ਾਇਦ ਹੀ ਹੋਣ। ਇਹ ਗਰੀਬਾਂ ਦੇ ਰੋਗ ਹਨ। ਅਮੀਰ ਸਾਫ ਸੁਥਰੇ ਵਾਤਾਵਰਣ ਵਿਚ ਰਹਿੰਦੇ ਹਨ। ਅਤੇ ਅਮੀਰ ਪ੍ਰਾਈਵੇਟ ਅਤੇ ਮਹਿੰਗੇ ਕਲੀਨਿਕਾਂ ਵਿਚ ਇਲਾਜ ਦਾ ਖਰਚਾ ਬਰਦਾਸ਼ਤ ਕਰ ਸਕਦੇ ਹਨ। ਦਲਿਤਾਂ ਨੂੰ ਇਹਨਾਂ ਰੋਗਾਂ ਅਤੇ ਇਲਾਜ ਦੀਆਂ ਸੁਵਿਧਾਵਾਂ ਨਾ ਹੋਣ ਕਾਰਨ, ਦੂਹਰਾ ਕਸ਼ਟ ਝੇਲਣਾ ਪੈਂਦਾ ਹੈ।

ਕਾਗਜ਼ਾਂ 'ਚ ਮਨਜ਼ੂਰੀ ਦੇ ਬਾਵਜੂਦ ਕਮਜ਼ੋਰ ਵਰਗ ਦੀ ਵੱਧ ਆਬਾਦੀ ਵਾਲੇ ਖੇਤਰਾਂ 'ਚ ਸੁਆਸਥ ਸੰਸਥਾਨਾਸ ਡਾਕਟਰੀ ਅਤੇ ਨੀਮ ਡਾਕਟਰੀ ਅਮਲੇ ਆਦਿ ਮੂਲ ਢਾਂਚੇ ਦੀ ਕਮੀ ਹੈ। ਇਹ ਸਾਰਿਆਂ ਲਈ ਸੁਆਸਥ ਦਾ ਟੀਚਾ ਪੂਰਾ ਕਰਨ 'ਚ ਮੁੱਖ ਰੁਕਾਵਟ ਹੈ। ਸਰਕਾਰ ਨੇ ਪ੍ਰਾਇਮਰੀ ਸੁਆਸਥ ਕੇਂਦਰਾਂ ਅਤੇ ਜ਼ੈਲੀ ਕੇਂਦਰ ਸਥਾਪਤ ਕਰਨ ਦੇ ਨਿਯਮਾਂ 'ਚ ਨਰਮੀ ਕੀਤੀ ਹੈ ਪਰ ਡਾਕਟਰੀ ਅਤੇ ਨੀਮ ਡਾਕਟਰੀ ਅਮਲਾ ਅੰਦਰੂਨੀ ਕਬਾਇਲੀ ਖੇਤਰਾਂ 'ਚ ਜਾਣਾ ਨਹੀਂ ਚਾਹੁੰਦਾ।

ਇਸ ਤਰ੍ਹਾਂ ਦਲਿਤ ਵੱਡੀ ਸੰਖਿਆ 'ਚ ਸਥਾਨਕ ਇਲਾਜਾਂ ਤੇ ਹੀ ਨਿਰਭਰ ਹਨ। ਇਹਨਾਂ ਖੇਤਰਾਂ ਵਿਚ ਨੀਮ ਹਕੀਮਾਂ ਦਾ ਰਾਜ ਹੈ। ਡਾਕਟਰੀ ਸਹਾਇਤਾ ਨਾਲ ਚਲਾਉਣਾ ਪੈਂਦਾ ਹੈ। ਉਹਨਾਂ ਲੋਕਾਂ ਲਈ ਬਿਮਾਰੀ ਅਤੇ ਗੰਦਗੀ ਤੋਂ ਛੁਟਕਾਰਾ ਪਾਉਣਾ ਦੂਰ ਦੀ ਗੱਲ ਹੈ। ਯੋਜਨਾ ਹੇਠ, ਜਿਹਨਾਂ ਦਲਿਤ ਖੇਤਰਾਂ ਲਈ ਡਾਕਟਰੀ ਸੁਵਿਧਾਵਾਂ ਉਪਲਬਧ ਕਰਾਈਆਂ ਗਈਆਂ ਹਨ, ਉਥੇ ਸੁਵਿਧਾਵਾਂ ਨਾਮ ਮਾਤਰ ਹਨ ਜਾਂ ਹਨ ਹੀ ਨਹੀਂ।

ਕੁਝ ਸੁਤੰਤਰਤਾ ਸੰਭਵ ਸੀ ਜੇ ਦੇਸੀ ਇਲਾਜ ਨੂੰ ਪ੍ਰੋਤਸਾਹਨ ਦਿੱਤਾ ਜਾਂਦਾ। ਖਾਸ ਕਰਕੇ ਉਹਨਾਂ ਕਬਾਇਲੀ ਖੇਤਰਾਂ ਵਿਚ ਜਿੱਥੇ ਪੱਕੇ ਦੇਸੀ ਇਲਾਜ ਮੌਜੂਦ ਹਨ। ਸਰਕਾਰੀ ਯੋਜਨਾਵਾਂ 'ਚ ਇਹਨਾਂ ਲਈ ਕੋਈ ਪ੍ਰੋਤਸਾਹਨ ਨਹੀਂ। ਇਸੇ ਕਰਕੇ ਸਥਾਨਕ ਯੋਗਤਾ ਦਾ ਕੋਈ ਵਿਕਾਸ ਨਹੀਂ ਹੋਇਆ। ਉਪਰੋਕਤ ਸਥਿਤੀ ਨਾਲ ਇਕ ਅਜੀਬ ਸਮੱਸਿਆ ਪੈਦਾ ਹੋ ਗਈ ਹੈ। ਦਲਿਤ ਖੇਤਰਾਂ ਵਿਚ ਪੁਰਾਣੇ ਸਿਸਟਮਾਂ ਦਾ ਪ੍ਰੋਤਸਾਹਨ ਨਹੀਂ ਹੋ ਰਿਹਾ, ਨਵੇਂ ਸਥਾਪਤ ਨਹੀਂ ਹੋ ਰਹੇ।ਨਤੀਜਾ ਇਹ ਕਿ ਗਰੀਬ ਨੀਮ ਹਕੀਮਾਂ ਅਤੇ ਨਕਲੀ ਡਾਕਟਰਾਂ ਦੇ ਚੁੰਗਲ ਵਿਚ ਫਸੇ ਹਨ।

### ਸੁਰੱਖਿਆ

ਭਾਰਤ ਦੇ ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਦੇਸ਼ ਦੀ ਪ੍ਰਗਤੀ ਨਾਲ ਦਲਿਤਾਂ ਵਿਰੁੱਧ ਅਪਰਾਧ ਘਟੇ ਨਹੀਂ ਵਧੇ ਹਨ। ਅੰਕੜਿਆਂ ਅਨੁਸਾਰ 1992 ਵਿਚ ਇਹਨਾਂ ਵਰਗਾਂ ਵਿਰੁੱਧ ਅਪਰਾਧਾਂ ਦੀ ਸੰਖਿਆ 24,922 ਤੋਂ ਵੱਧ ਕੇ 1994 ਵਿਚ 33,908 ਹੋ ਗਈ। 1994 ਦੇ ਅੰਕੜਿਆਂ ਅਨੁਸਾਰ ਉਤਰ ਪ੍ਰਦੇਸ਼ ਵਿਖੇ ਇਹਨਾਂ ਵਰਗਾਂ ਵਿਰੁੱਧ ਅਪਰਾਧ ਦਰ, ਸਾਰੇ ਦੇਸ਼ ਦੇ 47.7 ਪ੍ਰਤੀਸ਼ਤ ਰਹੀ। ਰਾਜਸਥਾਨ ਵਿਚ 14.2 ਅਤੇ ਮੱਧ ਪ੍ਰਦੇਸ਼ ਵਿਚ 11 ਪ੍ਰਤੀਸ਼ਤ ਰਹੀ। ਜਿੱਥੋਂ ਤੱਕ ਕੇਂਦਰ ਸ਼ਾਸ਼ਿਤ ਰਾਜਾਂ ਦਾ ਸਬੰਧ ਹੈ, ਦਾਦਰਾ ਅਤੇ ਨਗਰ ਹਵੇਲੀ 'ਚ ਜਿੱਥੇ 1991 ਦੀ ਜਨ ਗਣਨਾ ਅਨੁਸਾਰ ਅਨੁ ਜਾਂ ਅਨੁ ਜਨ ਜਾਤੀਆਂ ਦੀ ਸੰਖਿਆ 10 ਲੱਖ ਸੀ, ਉਹਨਾਂ ਵਿਰੁੱਧ ਅਪਰਾਧਾਂ ਦੀ ਦਰ, ਕੌਮੀ ਦਰ ਦਾ 1.3 ਫੀਸਦੀ ਸੀ। ਭਵਿੱਖ ਦਾ ਰੁਝਾਨ ਵੀ ਇਹੋ ਜਿਹਾ ਹੈ।

ਬਲਾਤਕਾਰ, ਕਮਜ਼ੋਰ ਵਰਗ ਦੀਆਂ ਔਰਤਾਂ ਨੂੰ ਨੰਗੇ ਕਰਕੇ ਜਲੂਸ ਕੱਢਣਾ, ਉਹਨਾਂ ਦੇ ਬੱਚਿਆਂ ਦੀ ਹੱਤਿਆ ਆਦਿ ਜਾਗੀਰਦਾਰਾਨਾ ਤੌਰ ਤਰੀਕੇ ਲੋਕਾਂ ਨੂੰ ਇਕ ਮਿਸਾਲ ਵਜੋਂ ਅਪਣਾਏ ਜਾਂਦੇ ਹਨ, ਤਾਂ ਜੋ ਉਹ ਫਿਰ ਸਿਰ ਨਾ ਚੁੱਕ ਸਕਣ।

ਇਹ ਚੇਤੇ ਰੱਖਣ ਯੋਗ ਹੈ ਕਿ ਅੱਤਿਆਚਾਰ ਦਾ ਹਥਿਆਰ ਸੁਤੰਤਰਤਾ ਤੋਂ ਮਗਰੋਂ ਭਾਰਤ 'ਚ ਇਜਾਤ ਕੀਤਾ ਗਿਆ। ਕਮਜ਼ੋਰ ਵਰਗ ਦੀਆਂ ਵਧਦੀਆਂ ਉਮੰਗਾਂ ਅਤੇ ਉੱਚ ਜਾਤੀਆਂ ਵੱਲੋਂ ਵਿਰੋਧ ਕਾਰਨ ਇਹ ਅਪਰਾਧ ਵਾਪਰਦੇ ਹਨ। ਵੇਖਿਆ ਗਿਆ ਹੈ ਕਿ ਜਦੋਂ ਵੀ ਅਨੁਸੂਚਿਤ ਜਾਤੀਆਂ ਰਾਜਨੀਤਿਕ- ਆਰਥਿਕ ਖੇਤਰ 'ਚ ਜ਼ਿਆਦਾ ਹਿੱਸਾ ਮੰਗਦੀਆਂ ਹਨ, ਸਮਾਜਿਕ ਹਿੰਸਾ ਵਧਦੀ ਹੈ। ਇਸੇ ਤਰ੍ਹਾਂ ਪੱਛੜੇ ਰਾਜਾਂ 'ਚ ਸਮਾਜਿਕ ਅਪਰਾਧਾਂ 'ਚ ਵਾਧਾ ਆਰਥਿਕ ਪੱਛੜੇਪਣ ਦਾ ਨਤੀਜਾ ਹੈ।

ਦਲਿਤਾਂ ਵਿਰੁੱਧ ਅੱਤਿਆਚਾਰ ਰੋਕਣ ਦੇ ਕਾਨੂੰਨ ਬੇਕਾਰ ਹਨ। 1994 ਦੇ ਨਾਗਰਿਕ ਅਧਿਕਾਰ ਕਾਨੂੰਨ ਅਤੇ ਅੱਤਿਆਚਾਰਾਂ ਦੀ ਰੋਕਥਾਮ ਦੇ ਕਾਨੂੰਨ ਹੇਠ, ਰਜਿਸਟਰ ਕੀਤੇ ਵਧੇਰੇ ਕਰਕੇ ਕੇਸ ਕਾਨੂੰਨ ਦੀ ਕਮਜ਼ੋਰੀ ਕਾਰਨ ਰੱਦ ਹੋ ਜਾਂਦੇ ਹਨ। ਇਸ ਨਾਲ ਕਮਜ਼ੋਰ ਵਰਗ ਤੇ ਜ਼ਿਆਦਤੀਆਂ ਕਰਨ ਵਾਲਿਆਂ ਨੂੰ ਪ੍ਰੋਤਸਾਹਨ ਮਿਲਦਾ ਹੈ। 1992 ਦੀ ਐਸ ਸੀ/ ਐਸ ਟੀ ਕਮਿਸ਼ਨਰ ਦੀ ਰਿਪੋਰਟ ਅਨੁਸਾਰ 1975-86 ਦੌਰਾਨ, ਕਮਜ਼ੋਰ ਵਰਗ ਵਿਰੁੱਧ ਅਪਰਾਧਾਂ ਦੇ 1.67 ਲੱਖ ਕੇਸ ਦਰਜ ਹੋਏ, 4322 ਵਿਅਕਤੀਆਂ ਨੂੰ ਸਜ਼ਾ ਮਿਲੀ, ਲੱਗਭੱਗ 15000 ਮੁਕਤ ਕਰ ਦਿੱਤੇ ਗਏ ਅਤੇ 19240 ਦਾ ਫੈਸਲਾ ਨਹੀਂ ਹੋਇਆ।

### ਭੂਮੀਹੀਣ ਕਾਸ਼ਤਕਾਰ ਅਤੇ ਛੋਟੇ ਕਿਸਾਨ

ਲੱਗਭੱਗ 75 ਫੀਸਦੀ ਗ੍ਰਾਮੀਣ ਆਬਾਦੀ ਅਨੁਸੂਚਿਤ ਜਾਤੀ ਅਨੁ ਜਨਜਾਤੀ ਅਤੇ ਦੂਜੇ ਪੱਛੜੇ ਵਰਗ ਦੇ ਲੋਕਾਂ ਦੀ ਹੈ। ਉਹ ਸਭ ਤੋਂ ਵੱਧ ਲੋੜਵੰਦ ਅਤੇ ਪਰਾਧੀਨ ਹਨ। ਅਕਸਰੀਅਤ ਦਾ ਕੰਮ ਕਰਨ ਦਾ ਸਾਧਨ ਸਿਰਫ ਉਹਨਾਂ ਦਾ ਸਰੀਰ ਹੈ। ਉਹ ਕਾਸ਼ਤ ਕਰਦੇ ਹਨ, ਪਰ ਭੂਮੀ ਉਹਨਾਂ ਦੀ ਨਹੀਂ। 50 ਫੀਸਦੀ ਤੋਂ ਵੱਧ ਭੂਮੀਹੀਣ ਹਨ। ਉਹਨਾਂ ਨੂੰ 'ਬਟਾਈਦਾਰ' ਆਖਦੇ ਹਨ। ਉਹ ਪੂਰੀ ਤਰ੍ਹਾਂ ਉਹਨਾਂ ਤੇ ਨਿਰਭਰ ਹਨ, ਜਿਹਨਾਂ ਕੋਲ ਕਾਗਜ਼ਾਂ 'ਚ ਭੂਮੀ ਹੈ ਅਤੇ ਉਹਨਾਂ ਦੇ ਰਹਿਮ ਕਰਮ ਤੇ ਹਨ ਅਤੇ ਆਮ ਤੌਰ ਤੇ ਸ਼ਾਹੂਕਾਰਾਂ ਦੇ ਕਰਜ਼ਦਾਰ ਹੁੰਦੇ ਹਨ।

ਬਾਕੀ 25 ਫੀਸਦੀ ਦਲਿਤ ਗ੍ਰਾਮੀਣ ਛੋਟੇ ਅਤੇ ਮਾਮੂਲੀ ਕਿਸਾਨ ਹਨ, ਜਿਹਨਾਂ ਦੀ ਭੂਮੀ ਤੋਂ ਉਹਨਾਂ ਨੂੰ ਕੁਝ ਖਾਸ ਲਾਭ ਪ੍ਰਾਪਤ ਨਹੀਂ ਹੁੰਦਾ, ਉਹਨਾਂ ਦੀ ਹਾਲਤ ਭੂਮੀ ਹੀਣਾਂ ਵਾਂਗ ਹੀ ਹੁੰਦੀ ਹੈ।

ਇਸ ਵਰਗ ਦੀ ਦਸ਼ਾ ਸੁਧਾਰਨ ਦੀਆਂ ਸਰਕਾਰੀ ਯੋਜਨਾਵਾਂ ਅਸਫਲ ਰਹੀਆਂ ਜਾਂ ਨਿਤ ਨੇਮੀ ਹੋ ਕੇ ਰਹਿ ਗਈਆਂ ਹਨ। ਮਿਸਾਲ ਵਜੋਂ ਤੀਬਰ ਵਿਕਾਸ ਪ੍ਰੋਗਰਾਮ ਨਾਲ ਅੱਤ ਗਰੀਬਾਂ ਦੀ ਹਾਲਤ ਨਹੀਂ ਸੁਧਰੀ। ਇਸ ਸਕੀਮ ਦਾ ਉਦੇਸ਼ ਇਹਨਾਂ ਵਰਗਾਂ ਦੇ ਅਨੁਰੂਪ ਲਾਭਕਾਰੀ ਪ੍ਰਾਜੈਕਟਾਂ ਰਾਹੀਂ ਆਮਦਨੀ ਦੇ ਸਾਧਨ ਵਧਾਉਣਾ ਸੀ। ਪਰ ਇਹ ਲਾਭ ਉਠਾਉਣ ਵਾਲਿਆਂ ਦੀ ਰੁਚੀ ਅਨੁਸਾਰ ਨਹੀਂ ਸਨ। ਮਹਾਰਤ ਸੁਧਾਰਨ ਤੇ ਜ਼ੋਰ ਨਹੀਂ ਦਿੱਤਾ ਗਿਆ। ਚੋਣਵੇਂ ਪ੍ਰਾਜੈਕਟਾਂ ਲਈ ਕੱਚੇ ਮਾਲ ਦੀ ਨਿਰੰਤਰ ਸਪਲਾਈ ਅਤੇ ਉਤਪਾਦਨ ਵਿੱਕਰੀ ਦਾ ਪੱਕਾ ਪ੍ਰਬੰਧ ਨਹੀਂ ਕੀਤਾ ਗਿਆ। ਸੱਚੀ ਗੱਲ ਇਹ ਹੈ ਕਿ ਗਰੀਬੀ ਹਟਾਓ ਯੋਜਨਾਵਾਂ ਨੇ ਬਹੁਤ ਸਾਰੇ ਗਰੀਬਾਂ ਦੀ ਸਹਾਇਤਾ ਦੀ ਬਜਾਏ, ਹੋਰ ਵੀ ਵੱਧ ਕਰਜ਼ਦਾਰ ਅਤੇ ਪਰਾਧੀਨ ਬਣਾ ਦਿੱਤਾ।

ਬਾਕੀ 25 ਫੀਸਦੀ ਦਲਿਤ ਗ੍ਰਾਮੀਣ ਛੋਟੇ ਅਤੇ ਮਾਮੂਲੀ ਕਿਸਾਨ ਹਨ, ਜਿਹਨਾਂ ਦੀ ਭੂਮੀ ਤੋਂ ਉਹਨਾਂ ਨੂੰ ਕੁਝ ਖਾਸ ਲਾਭ ਪ੍ਰਾਪਤ ਨਹੀਂ ਹੁੰਦਾ, ਉਹਨਾਂ ਦੀ ਹਾਲਤ ਭੂਮੀਹੀਣਾਂ ਵਾਂਗ ਹੀ ਹੁੰਦੀ ਹੈ। ਇਸ ਵਰਗ ਦੀ ਦਸ਼ਾ ਸੁਧਾਰਨ ਦੀਆਂ ਸਰਕਾਰੀ ਯੋਜਨਾਵਾਂ ਅਸਫਲ ਰਹੀਆਂ ਜਾਂ

# ਸਵਾਧੀਨ ਭਾਰਤ 'ਚ ਬਹੁਜਨ ਸਮਾਜ ਪਰਾਧੀਨ ਕਿਉਂ ਹੈ?

ਨਿੱਤ ਨੇਮੀ ਹੋ ਕੇ ਰਹਿ ਗਈਆਂ ਹਨ। ਮਿਸਾਲ ਵਜੋਂ ਤੀਬਰ ਵਿਕਾਸ ਪ੍ਰੋਗਰਾਮ ਨਾਲ ਅੱਤ ਗਰੀਬਾਂ ਦੀ ਹਾਲਤ ਨਹੀਂ ਸੁਧਰੀ। ਇਸ ਸਕੀਮ ਦਾ ਉਦੇਸ਼ ਇਹਨਾਂ ਵਰਗਾਂ ਦੇ ਅਨੁਰੂਪ ਲਾਭਕਾਰੀ ਪ੍ਰਾਜੈਕਟਾਂ ਰਾਹੀਂ ਆਮਦਨੀ ਦੇ ਸਾਧਨ ਵਧਾਉਣਾ ਸੀ। ਪਰ ਇਹ ਲਾਭ ਉਠਾਉਣ ਵਾਲਿਆਂ ਦੀ ਰੁਚੀ ਅਨੁਸਾਰ ਨਹੀਂ ਸਨ। ਮਹਾਰਤ ਸੁਧਾਰਨ ਤੇ ਜ਼ੋਰ ਨਹੀਂ ਦਿੱਤਾ ਗਿਆ। ਚੋਣਵੇਂ ਪ੍ਰਾਜੈਕਟਾਂ ਲਈ ਕੱਚੇ ਮਾਲ ਦੀ ਨਿਰੰਤਰ ਸਪਲਾਈ ਅਤੇ ਉਤਪਾਦਨ ਵਿੱਕਰੀ ਦਾ ਪੱਕਾ ਪ੍ਰਬੰਧ ਨਹੀਂ ਕੀਤਾ ਗਿਆ। ਸੱਚੀ ਗੱਲ ਇਹ ਹੈ ਕਿ ਗਰੀਬੀ ਹਟਾਉ ਯੋਜਨਾਵਾਂ ਨੇ ਬਹੁਤ ਸਾਰੇ ਗਰੀਬਾਂ ਦੀ ਸਹਾਇਤਾ ਦੀ ਬਜਾਏ, ਹੋਰ ਵੀ ਵੱਧ ਕਰਜ਼ਦਾਰ ਅਤੇ ਪਰਾਧੀਨ ਬਣਾ ਦਿੱਤਾ।

ਮਿਸਾਲ ਵਜੋਂ ਗ੍ਰਾਮੀਣ ਦਸਤਕਾਰਾਂ ਨੂੰ ਵਿਉਂਤਬੰਦੀ ਅਤੇ ਬੇਤਰਤੀਬ ਵਿਕਾਸ ਤੋਂ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਘੁਮਿਆਰ ਬੁਣਕਰ ਕਸ਼ੀਦਾਕਾਰ, ਲੱਕੜੀ ਦੇ ਕਾਰੀਗਰ, ਖਿਡੌਣੇ ਬਣਾਉਣ ਵਾਲੇ, ਜਰੀ ਦਾ ਕੰਮ ਕਰਨ ਵਾਲੇ, ਸਾੜੀ ਬੁਣਨ ਵਾਲੇ ਅਤੇ ਹੋਰ ਅਨੇਕ ਕਾਰੀਗਰ ਸੁਰੱਖਿਅਤ ਰੁਜ਼ਗਾਰ 'ਚ ਰੁੱਝੇ ਸੀ। ਦਸਤਕਾਰੀ ਉਤਪਾਦਨਾਂ ਦੇ ਆਧੁਨਿਕੀਕਰਨ ਅਤੇ ਵਪਾਰੀਕਰਨ ਨਾਲ, ਇਹ ਦਸਤਕਾਰ ਹੋਰਾਂ ਤੇ ਨਿਰਭਰ ਹੋ ਗਏ ਹਨ। ਉਹਨਾਂ ਨੂੰ ਵਿਕਲਪਿਕ ਕੰਮ ਧੰਦੇ ਦਿੱਤੇ ਬਿਨਾਂ ਆਪਣੇ ਕੰਮਾਂ ਤੋਂ ਉਖਾੜ ਦਿੱਤਾ ਗਿਆ ਹੈ।

''ਗਰੀਬੀ ਹਟਾਓ'' ਸਕੀਮਾਂ ਰਾਜਨੀਤਿਕ ਨਾਅਰੇ ਦੇ ਰੂਪ 'ਚ ਆਰੰਭ ਹੋਈਆਂ ਅਤੇ ਹੁਣ ਵੀ ਵੋਟ ਖਿੱਚਣ ਦਾ ਇਕ ਦਾਅ ਹਨ।

ਗਰੀਬੀ ਹਟਾਉ ਸਕੀਮਾਂ ਦੇ ਅਸਰ ਦੇ ਨਿਰੀਖਣ ਤੋਂ ਪਤਾ ਚਲਦਾ ਹੈ ਕਿ ਜਾਂ ਤਾਂ ਇਹਨਾਂ ਦਾ ਮਾੜਾ ਮੋਟਾ ਅਸਰ ਹੋਇਆ ਜਾਂ ਇਹ ਬਿਲਕੁਲ ਹੀ ਅਸਫਲ ਰਹੀਆਂ। ਇਹਨਾਂ ਸਕੀਮਾਂ ਕਾਰਨ, ਗਰੀਬ ਵਿਅਕਤੀ ਨੌਕਰਸ਼ਾਹੀ ਦੇ ਮੁਥਾਜ ਹੋ ਕੇ ਰਹਿ ਗਏ ਹਨ। ਇਹਨਾਂ ਕਾਰਨ ਗਰੀਬ ਆਤਮ ਨਿਰਭਰ ਨਹੀਂ ਬਣ ਸਕੇ। ਉਹਨਾਂ ਨੂੰ ਕਰਜ਼ੇ ਅਤੇ ਗ੍ਰਾਂਟਾਂ ਤਾਂ ਦਿੱਤੀਆਂ ਗਈਆਂ ਪਰ ਕੱਚੇ ਮਾਲ ਦੀ ਸਪਲਾਈ ਅਤੇ ਉਤਪਾਦਨ ਵਿੱਕਰੀ ਦਾ ਪੱਕਾ ਪ੍ਰਬੰਧ ਨਹੀਂ ਕੀਤਾ ਗਿਆ। ਗਰੀਬ ਪਹਿਲਾਂ ਨਾਲੋਂ ਵੱਧ ਪਰਾਧੀਨ ਹੋ ਗਏ।

ਜਾਤੀਵਾਦ ਦੀਆਂ ਬੰਦਿਸ਼ਾਂ ਅਤੇ ਨੌਕਰਸ਼ਾਹੀ ਦੇ ਬੇਤਰਤੀਬੇ ਰਵੱਈਏ ਕਾਰਨ 'ਗਰੀਬੀ ਹਟਾਓ' ਸਕੀਮਾਂ ਦੇ ਲਾਭ ਵਿਸ਼ੇਸ਼ ਕਰ ਅਨੁਸੂਚਿਤ ਜਾਤੀਆਂ ਤੱਕ ਨਹੀਂ ਪਹੁੰਚੇ। ਨਿਰਖਰਤਾ ਅਤੇ ਨਿਰਧਾਰਿਤ ਰਕਮਾਂ ਦੀ ਵਰਤੋਂ ਅਤੇ ਸਕੀਮਾਂ ਤੇ ਅਮਲ ਲਈ ਮੁਹਾਰਤ ਦੀ ਕਮੀ ਕਾਰਨ, ਉਹ ਇਸ ਸਕੀਮ ਦਾ ਲਾਭ ਨਹੀਂ ਉਠਾ ਸਕੇ। ਇਹਨਾਂ ਜਾਤੀਆਂ ਤੇ ਜ਼ਿਆਦਾ ਧਿਆਨ ਦੇਣ ਲਈ ਸਰਕਾਰ ਨੇ 1978 ਵਿਚ ਇਕ 'ਵਿਸ਼ੇਸ਼ ਸੰਘਟਨ ਯੋਜਨਾ' ਤਿਆਰ ਕੀਤੀ ਪਰ ਇਹ ਵੀ ਅਸਫਲ ਰਹੀ ਅਤੇ ਇਸ ਤਰ੍ਹਾਂ ਪੂਰੀ ਗਰੀਬੀ ਹਟਾਓ ਸਕੀਮ ਕੇਵਲ ਕਾਗਜ਼ਾਂ ਤੇ ਹੀ ਰਹੀ। ਕ੍ਰਿਸ਼ੀ ਉਤਪਾਦਨਾਂ 'ਚ ਕਈ ਗੁਣਾਂ ਵਾਧਾ ਹੋਇਆ ਹੈ, ਜਦਕਿ ਵਧੇਰੇ ਕਰਕੇ ਅਨੁਸੂਚਿਤ ਜਾਤੀ ਦੇ ਪਰਿਵਾਰ ਕ੍ਰਿਸ਼ੀ ਉਜਰਤਦਾਰ ਹਨ ਜੋ ਉਹਨਾਂ ਦਾ ਸ਼ੋਸ਼ਣ ਕਰਨ ਵਾਲਿਆਂ ਤੇ ਪ੍ਰਾਚੀਨ ਸਮੇਂ ਵਾਂਗ ਨਿਰਭਰ ਹਨ। ਦੇਸ਼ ਦੀ ਵਿਸ਼ਾਲ ਭੂਮੀ 'ਚ ਸਿੰਚਾਈ ਸੁਵਿਧਾਵਾਂ ਹਨ, ਪਰ ਅਨੁਸੂਚਿਤ ਜਾਤੀਆਂ ਕੋਲ ਸੀਮਤ ਭੂਮੀ ਲਈ ਇਹ ਸੁਵਿਧਾ ਉਪਲਬਧ ਨਹੀਂ।

ਛੋਟੇ ਅਤੇ ਮਾਮੂਲੀ ਕਿਸਾਨਾਂ ਲਈ ਸਕੀਮਾਂ ਨਾਲ ਉਹਨਾਂ ਦੀ ਆਰਥਿਕ ਦਸ਼ਾ ਕੋਈ ਖਾਸ ਨਹੀਂ ਸੁਧਰੀ। ਹੁਣ ਤੱਕ ਭੂਮੀਹੀਣ ਕ੍ਰਿਸ਼ੀ ਕਿਸਾਨਾਂ ਨੂੰ ਉਜਰਤਦਾਰ ਸਮਝਿਆ ਜਾਂਦਾ ਹੈ, ਜ਼ਮੀਨ ਦੇ ਕਾਸ਼ਤਕਾਰ ਨਹੀਂ ਜਿਹਨਾਂ ਨੂੰ ਉਸ ਭੂਮੀ ਦਾ ਅਸਲੀ ਹੱਕ ਮਿਲਣਾ ਚਾਹੀਦਾ ਹੈ, ਜਿਸ ਦੀ ਉਹ ਵਾਹੀ ਕਰਦੇ ਹਨ। ਬੰਧੂਆ ਮਜ਼ਦੂਰੀ ਗੰਭੀਰ ਰੂਪ 'ਚ ਜਾਰੀ ਹੈ ਅਤੇ ਦੇਸ਼ ਦੇ ਦੋ ਤਿਹਾਈ ਬੰਧੂਆ ਮਜ਼ਦੂਰ ਅਨੁਸੂਚਿਤ ਜਾਤੀਆਂ ਦੇ ਲੋਕ ਹਨ।

ਵੱਡੇ ਸਿੰਚਾਈ ਅਤੇ ਬਹੁ ਉਦੇਸ਼ੀ ਪ੍ਰਾਜੈਕਟਾਂ ਖਾਣਾ ਅਤੇ ਭਾਰੇ ਉਦਯੋਗਾਂ ਆਦਿ ਆਸ ਵਿਕਾਸ ਯੋਜਨਾਵਾਂ ਵਾਲੇ ਕਬਾਇਲੀਆਂ ਦੀਆਂ ਮੁਸੀਬਤਾਂ ਵਿਚ ਹੋਰ ਵੀ ਵਾਧਾ ਕਰ ਦਿੱਤਾ ਹੈ। ਉਹਨਾਂ ਦੇ ਭੂਮੀ ਅਤੇ ਜੰਗਲਾਂ ਆਦਿ ਸੰਯੁਕਤ ਸੰਪਤੀ ਸਾਧਨ ਘਟਦੇ ਜਾ ਰਹੇ ਹਨ। ਉਹਨਾਂ ਦਾ ਵਾਤਾਵਰਣ ਅਤੇ ਜੀਵਨ ਪੱਧਰ ਗਿਰ ਰਿਹਾ ਹੈ।

ਸੰਵਿਧਾਨ 'ਚ ਅਨੁਸੂਚਿਤ ਖੇਤਰਾਂ ਦੇ ਵਿਸ਼ੇਸ਼ ਪ੍ਰਬੰਧ ਅਤੇ ਵਿਕਾਸ ਦੀ ਵਿਉਂਤ ਹੈ। ਦੇਸ਼ 'ਚ ਅੱਠ ਰਾਜਾਂ 'ਚ ਕਬਾਇਲੀ ਖੇਤਰ ਹਨ, ਜਿਹਨਾਂ ਨੂੰ ਅਨੁਸੂਚਿਤ ਖੇਤਰ ਘੋਸ਼ਿਤ ਕੀਤਾ ਗਿਆ ਹੈ। ਪੰਜਵੀਂ ਅਨੁਸੂਚੀ ਹੇਠ ਇਹਨਾਂ ਖੇਤਰਾਂ ਵਿਚ ਸ਼ਾਂਤੀ ਅਤੇ ਸੁਚੱਜੀ ਸਰਕਾਰ ਨਿਸਚਿਤ ਕਰਨ ਦੀ ਰਾਜ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ। ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸਵਰਗੀ ਪੰਡਤ ਨਹਿਰੂ ਨੇ ਇਕ 'ਕਬਾਇਲੀ ਪੰਚਸ਼ੀਲ' ਤਿਆਰ ਕੀਤਾ, ਜਿਸ ਦੀ ਮਗਰੋਂ ਢੇਬਰ ਕਮਿਸ਼ਨ ਨੇ ਪੁਸ਼ਟੀ ਕੀਤੀ। ਕਬਾਇਲੀ ਪੰਚਸ਼ੀਲ ਅਨੁਸਾਰ:

1. ਕਬਾਇਲੀਆਂ ਦਾ ਵਿਕਾਸ ਉਹਨਾਂ ਦੀ ਪ੍ਰਵਿਰਤੀ ਅਨੁਸਾਰ ਹੋਣਾ ਚਾਹੀਦਾ ਹੈ।
2. ਉਹਨਾਂ ਤੇ ਕੁਝ ਥੋਪਿਆ ਨਾ ਜਾਵੇ
3. ਉਹਨਾਂ ਦੀ ਰਵਾਇਤੀ ਕਲਾ ਅਤੇ ਸੰਸਕ੍ਰਿਤੀ ਦਾ ਪ੍ਰੋਤਸਾਹਨ ਕੀਤਾ ਜਾਵੇ।
4. ਬਾਕੀ ਸਮਾਜ ਨਾਲ ਉਹਨਾਂ ਦਾ ਏਕੀਕਰਨ ਉਹਨਾਂ ਦੀਆਂ ਰਵਾਇਤਾਂ ਅਤੇ ਸੰਸਕ੍ਰਿਤੀ ਨੂੰ ਛੇੜੇ ਬਿਨਾਂ ਕੀਤਾ ਜਾਵੇ।
5. ਭੂਮੀ ਅਤੇ ਜੰਗਲਾਂ ਤੇ ਕਬਾਇਲੀਆਂ ਦੇ ਅਧਿਕਾਰ ਬਰਕਰਾਰ ਰਹਿਣ ਅਤੇ ਉਹ ਆਪ ਆਪਣੀ ਵਿਵਸਥਾ ਅਤੇ ਵਿਕਾਸ ਕਰਨ।

'ਕਬਾਇਲੀ ਪੰਚਸ਼ੀਲ' ਨੂੰ ਸਰਕਾਰੀ ਤੌਰ ਤੇ ਕੋਈ ਅਮਲੀ ਰੂਪ ਨਹੀਂ ਦਿੱਤਾ ਗਿਆ। ਪੰਜਵੀਂ ਸੂਚੀ ਦੀਆਂ ਵਿਸ਼ੇਸ਼ ਧਾਰਾਵਾਂ ਤੇ, ਜੋ ਇਹਨਾਂ ਕਬਾਇਲੀਆਂ ਵੱਲੋਂ ਭੂਮੀ ਇੰਤਕਾਲ, ਭੂਮੀ ਅਲਾਟਮੈਂਟ ਅਤੇ ਖੇਤਰ 'ਚ ਸਾਹੂਕਾਰਾ ਵਿਵਸਾਇ ਬਾਰੇ ਹਨ, ਪ੍ਰਭਾਵਸ਼ਾਲੀ ਅਮਲ ਨਹੀਂ ਕੀਤਾ ਗਿਆ। ਇਸ ਕਾਰਨ ਉਹਨਾਂ ਦਾ ਰਵਾਇਤੀ ਰਾਜਨੀਤਿਕ ਢਾਂਚਾ ਗਿਰ ਰਿਹਾ ਹੈ।

ਸੰਵਿਧਾਨ (73ਵੇਂ ਅਤੇ 74ਵੇਂ) ਸੰਸ਼ੋਧਨ ਕਾਨੂੰਨਾਂ ਦੀ ਪ੍ਰਸਤੁਤੀ ਨਾਲ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਮਾਲੀ ਅਤੇ ਪ੍ਰਬੰਧਕ ਅਧਿਕਾਰ ਦੇਣ ਦਾ ਕੰਮ ਅਮਲੀ ਰੂਪ ਧਾਰ ਰਿਹਾ ਹੈ। ਪਰ ਇਸ ਵੇਲੇ ਪੰਚਾਇਤੀ ਰਾਜ ਸੰਸਥਾਵਾਂ ਬਾਰੇ ਧਾਰਾਵਾਂ, ਅਨੁਸੂਚਿਤ ਖੇਤਰਾਂ ਤੇ ਲਾਗੂ ਨਹੀਂ।

### ਕਮਜ਼ੋਰ ਵਰਗ ਦੀ ਸਮਾਜਿਕ ਕਬੂਲੀਅਤ ਦੀ ਕਮੀ ਅਤੇ ਇਸ ਕਾਰਨ ਉਹਨਾਂ ਦੀ ਕਮਜ਼ੋਰ ਆਰਥਿਕ ਹਾਲਤ।

ਛੂਤ ਛਾਤ ਦੇ ਰਿਵਾਜ ਕਾਰਨ ਸਮਾਜਿਕ ਸਿੱਖਿਅਕ ਅਤੇ ਆਰਥਿਕ ਪੱਛੜਾਪਣ, ਇਹਨਾਂ ਵਰਗਾਂ ਦੇ ਸ਼ੋਸ਼ਣ ਦਾ ਕਾਰਨ ਬਣਿਆ ਹੋਇਆ ਹੈ। ਸੰਵਿਧਾਨ ਦੀ 17ਵੀਂ ਧਾਰਾ ਹੇਠ, ਛੂਤ ਛਾਤ ਦੀ ਮਨਾਹੀ ਕਰ ਦਿੱਤੀ ਗਈ ਹੈ। ਨਾਗਰਿਕ ਅਧਿਕਾਰ ਸੁਰੱਖਿਆ ਕਾਨੂੰਨ, 1955 ਵੀ ਪਾਸ ਕੀਤਾ ਗਿਆ ਹੈ। ਪਰ ਅਨੁਸੂਚਿਤ ਜਾਤੀਆਂ ਨੂੰ ਕਈ ਔਕੜਾਂ ਹਨ। ਦੇਸ਼ ਦੇ ਕਈ ਖੇਤਰਾਂ ਵਿਚ ਛੂਤ ਛਾਤ ਦਾ ਰਿਵਾਜ ਜਾਰੀ ਹੈ। ਇਹਨਾਂ ਜਾਤੀਆਂ ਦਾ ਸ਼ੋਸ਼ਣ ਅਤੇ ਪਰਾਪੀਨਤਾ ਨਿਰੰਤਰ ਜਾਰੀ ਹੈ। ਹਾਲਾਂਕਿ ਇਹ ਜਾਤੀਆਂ ਦੂਜੀਆਂ ਬਰਾਦਰੀਆਂ ਨਾਲ ਰਹਿੰਦੀਆਂ ਹਨ। ਪਰ ਜ਼ਿਆਦਾਤਰ ਪਿੰਡ ਅਤੇ ਉਪਨਕਾਰ ਜਾਤੀ ਆਧਾਰ ਤੇ ਵੰਡੇ ਹੋਏ ਹਨ। ਇਸ ਦਾ ਪਤਾ ਇਸ ਗੱਲ ਤੋਂ ਚਲਦਾ ਹੈ ਕਿ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਕੁਝ ਦੂਰ ਵੱਖਰੀਆਂ ਹੁੰਦੀਆਂ ਹਨ।

ਅਨੁਸੂਚਿਤ ਜਾਤੀਆਂ ਦੀ ਸੰਖਿਆ 13.82 ਕਰੋੜ ਅਤੇ ਦੇਸ਼ ਦੀ ਆਬਾਦੀ ਦਾ 1/6ਹੈ। ਪਰ ਉਹ ਆਰਥਿਕ ਤੌਰ ਤੇ ਸਭ ਤੋਂ ਥੱਲੇ ਹਨ। ਦੇਸ਼ ਦੀ ਅਰਥ ਵਿਵਸਥਾ ਵਿਚ ਉਹਨਾਂ ਦਾ ਯੋਗਦਾਨ ਸਭ ਤੋਂ ਵੱਧ ਹੈ। ਉਹਨਾਂ ਦੀ ਤਿੰਨ ਚੌਥਾਈ ਤੋਂ ਵੱਧ ਸੰਖਿਆ, ਪ੍ਰਾਥਮਿਕ ਪੇਸ਼ੇ 'ਚ ਕੰਮ ਕਰਦੀ ਹੈ ਜਦਕਿ ਇਸ ਖੇਤਰ ਦੀ ਕੌਮੀ ਔਸਤ 67 ਫੀਸਦੀ ਹੈ। ਭਾਰਤ ਵਿਚ ਤੀਜੇ ਖੇਤਰ ਵਿਚ ਕੁੱਲ ਮਜ਼ਦੂਰਾਂ ਦੀ ਦਰ 20 ਫੀਸਦੀ ਹੈ ਜਦਕਿ ਅਨੁ ਜਾਤੀਆਂ ਲਈ ਇਹ ਦਰ 13 ਫੀਸਦੀ ਹੈ।

ਆਰਥਿਕ ਸਥਿਤੀਆਂ ਕਾਰਨ ਵਿਸ਼ੇਸ਼ ਕਰ ਅਨੁਸੂਚਿਤ ਜਾਤੀ ਦੀਆਂ ਇਸਤਰੀਆਂ ਨੂੰ ਸਰੀਰਕ ਮਿਹਨਤ ਕਰਨੀ ਪੈਂਦੀ ਹੈ, ਜਦਕਿ ਉਹਨਾਂ ਦੀ ਪ੍ਰਤੀ ਵਿਅਕਤੀ ਆਮਦਨੀ ਸਭ ਤੋਂ ਘੱਟ ਹੈ। ਇਸੇ ਕਰਕੇ ਉਹ ਦੂਜਿਆਂ ਦੇ ਅਧੀਨ ਹਨ। ਬਹੁਤ ਸਾਰੇ ਰਾਜਾਂ 'ਚ ਕਿਰਤੀ ਇਸਤਰੀਆਂ ਦੀ ਸੰਖਿਆ ਕੌਮੀ ਔਸਤ ਤੋਂ ਕਿਤੇ ਵੱਧ ਹੈ।

50 ਫੀਸਦੀ ਅਨੁਸੂਚਿਤ ਜਾਤੀ ਕਿਰਤੀ ਕ੍ਰਿਸ਼ੀ ਉਜਰਤ ਕਿਰਤੀ ਹਨ, ਜਦਕਿ ਕੌਮੀ ਔਸਤ 26 ਫੀਸਦੀ ਹੈ। ਕੇਵਲ 25 ਫੀਸਦੀ ਕਾਸ਼ਤਕਾਰ ਹਨ, ਜਦਕਿ ਕੌਮੀ ਔਸਤ 31 ਫੀਸਦੀ ਹੈ। ਇਹ ਵੀ ਅਕਸਰ ਛੋਟੇ ਅਤੇ ਮਾਮੂਲੀ ਕਿਸਾਨ ਹਨ। ਸਪਸ਼ਟ ਹੈ ਕਿ ਸਮਾਜਿਕ ਵਿਤਕਰੇ ਅਤੇ ਜਾਤੀਵਾਦ ਦੀ ਤੀਬਰਤਾ ਕਾਰਨ ਅਨੁਸੂਚਿਤ ਜਾਤੀ ਦੇ ਮਜ਼ਦੂਰ ਛੋਟੇ ਕੰਮਾਂ 'ਚ ਹੀ ਮਜ਼ਦੂਰੀ ਕਰਦੇ ਹਨ। ਉਦਾਰੀਕਰਨ ਅਤੇ ਸਮਾਜਿਕ ਕਾਨੂੰਨਾਂ ਨਾਲ ਇਸ ਪ੍ਰਣਾਲੀ ਤੇ ਕੋਈ ਫਰਕ ਨਹੀਂ ਪਿਆ। ਉਹਨਾਂ ਦੇ ਬੱਚੇ ਵੀ ਇਹੋ ਕਿੱਤੇ ਕਰਦੇ ਹਨ ਜਿਸ ਨਾਲ ਉਹਨਾਂ ਦੀ ਗਰੀਬ ਅਤੇ ਪਰਾਧੀਨਤਾ ਸਦਾ ਬਣੀ ਰਹਿੰਦੀ ਹੈ।

ਇਹਨਾਂ ਅਸਫਲਤਾਵਾਂ ਦਾ ਅਸਰ ਇਹ ਹੈ ਕਿ ਇਸ ਵੇਲੇ ਲੱਗਭੱਗ 45 ਫੀਸਦੀ ਅਨੁ ਜਾਤੀ ਪਰਿਵਾਰ ਅੱਤ ਗਰੀਬ ਹਨ ਜਦਕਿ ਕੌਮੀ ਦਰ 37.40 ਫੀਸਦੀ ਹੈ।

ਆਜ਼ਾਦੀ ਮਗਰੋਂ ਕ੍ਰਿਸ਼ੀ ਉਜਰਤੀ ਮਜ਼ਦੂਰਾਂ ਕਾਸ਼ਤਕਾਰਾਂ, ਰਵਾਇਤੀ ਕਾਰੀਗਰਾਂ, ਚਮੜੇ ਦੇ ਕਿਰਤੀਆਂ, ਬੁਣਕਰਾਂ, ਹੋਰ ਕਾਰੀਗਰਾਂ, ਮਹੀਗੀਰਾ ਸਿਹਤ ਕਰਮਚਾਰੀਆਂ, ਸਫਾਈ ਅਮਲਾ, ਰਵਾਇਤੀ ਦਾਈਆਂ, ਸ਼ਹਿਰੀ ਛੋਟੇ ਮਜ਼ਦੂਰਾਂ ਆਦਿ ਦੀ ਹਾਲਤ 'ਚ ਮੁਹਾਰਤ ਅਤੇ ਆਧੁਨਿਕੀਕਰਨ ਦੀ ਕਮੀ ਕਾਰਨ ਕੋਈ ਸੁਧਾਰ ਨਹੀਂ ਹੋਇਆ। ਜੇ ਆਧੁਨਿਕੀਕਰਨ ਕੀਤਾ ਵੀ ਗਿਆ ਤਾਂ ਰਵਾਇਤੀ ਰਿਕਤੀ ਆਪਣੇ ਪੁਰਾਣੇ ਪੇਸ਼ੇ ਤੋਂ ਵੱਖ ਹੋ ਗਿਆ ਅਤੇ ਦੂਜੇ ਬਿਹਤਰ ਪੇਸ਼ੇ ਉਹਨਾਂ ਨੂੰ ਮਿਲੇ ਨਹੀਂ।

### ਵਿਚੋਲੀਆਂ ਨੂੰ ਹਟਾਉਣ ਦੀਆਂ ਸਕੀਮਾਂ ਜ਼ਿਆਦਾ ਸਫਲ ਨਹੀਂ ਰਹੀਆਂ

ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਸਾਡੀਆਂ ਪਹਿਲੀਆਂ ਪੰਜ ਵਰਸ਼ੀ ਯੋਜਨਾਵਾਂ 'ਚ ਗਰੀਬੀ ਹਟਾਉਣ ਦੀਆਂ ਸਕੀਮਾਂ ਲਈ ਕੋਈ ਖਾਸ ਰਕਮ ਨਹੀਂ ਰੱਖੀ ਗਈ ਸੀ। ਕੇਵਲ 5ਵੀਂ ਪੰਜ ਵਰਸ਼ੀ ਯੋਜਨਾ ਦੇ ਸ਼ੁਰੂ ਵਿਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਨੇ ਗਰੀਬੀ ਤੇ 'ਸਿੱਧਾ ਹੱਲਾ', ਸ਼ੁਰੂ ਕੀਤਾ। ਗਰੀਬੀ ਹਟਾਓ ਇਕ ਰਾਜਨੀਤਿਕ ਨਾਅਰਾ ਬਣ ਗਿਆ, ਜਿਸ ਰਾਹੀਂ ਸ਼ਾਸਕ ਰਾਜਨੀਤਿਕ ਪਾਰਟੀ ਸ਼ਾਸਨ ਤੇ ਆਪਣੀ ਮੁੱਕਦੀ ਪਕੜ ਨੂੰ ਫਿਰ ਮਜ਼ਬੂਤ ਕਰਨੀ ਚਾਹੁੰਦਾ ਸੀ। ਅਤੇ ਹੁਣ ਵੀ ਇਸ ਨਾਅਰੇ ਦੀ ਵਰਤੋਂ ਸਿਰਫ ਵੋਟ ਲੈਣ ਦੇ ਦਾਅ ਵਜੋਂ ਕੀਤੀ ਜਾ ਰਹੀ ਹੈ, ਨਾ ਕਿ ਦਲਿਤ ਵਰਗ ਨੂੰ ਸ਼ੋਸ਼ਣ ਤੋਂ ਮੁਕਤ ਕਰਾਉਣ ਲਈ। ਮਜਬੂਰੀ ਵਿਚ ਪਿੰਡਾਂ ਤੋਂ ਸ਼ਹਿਰਾਂ 'ਚ ਜਾਣ ਕਾਰਨ ਨਿਰਭਰਤਾ ਵੀ ਸ਼ਹਿਰਾਂ 'ਚ ਜਾ ਪੁੱਜੀ ਹੈ। ਕਰੋੜਾਂ ਗ੍ਰਾਮੀਣ ਸ਼ਹਿਰਾਂ 'ਚ ਜਾ ਵੱਸੇ ਹਨ। ਗ੍ਰਾਮੀਣ ਜ਼ਿੰਮੀਦਾਰਾਂ ਦੇ ਚੁੰਗਲ ਵਿਚੋਂ ਨਿਕਲ ਕੇ ਇਹ ਗਰੀਬ ਸ਼ਹਿਰਾਂ ਝੁੱਗੀ ਝੌਂਪੜੀ ਦਾਦ ਲੋਕਾਂ ਦੇ ਚੁੰਗਲ ਵਿਚ ਜਾ ਫਸੇ ਹਨ।

ਇਕ ਮੋਟੇ ਅਨੁਮਾਨ ਅਨੁਸਾਰ ਇਹਨਾਂ ਝੁੱਗੀਆਂ ਝੌਂਪੜੀਆਂ 'ਚ ਰਹਿਣ ਵਾਲੇ 10 ਕਰੋੜ ਤੋਂ ਵੱਧ ਗਰੀਬ ਸ਼ੋਸ਼ਣ ਤੋਂ ਪੀੜਤ ਹਨ। ਕਲਕੱਤੇ ਦੀ ਵੋਟਰ ਲਿਸਟ ਵਿਚ 10 ਲੱਖ ਵਿਅਕਤੀ ਉਹ ਹਨ ਜੋ ਸਿਰਫ ਪਟੜੀਆਂ ਤੇ ਰਹਿੰਦੇ ਹਨ। ਦਿੱਲੀ ਵਿਚ 20 ਲੱਖ ਲੋਕ, ਝੁੱਗੀ ਝੌਂਪੜੀਆਂ 'ਚ ਰਹਿੰਦੇ ਹਨ। ਬੰਬਈ ਵਿਚ ਵੀ ਬਹੁਤ ਸਾਰੇ ਝੌਂਪੜ ਪੱਟੀ ਵਸਨੀਕ ਹਨ। ਇਸ ਅਮੀਰ ਸ਼ਹਿਰ ਵਿਚ 75 ਫੀਸਦੀ ਲੋਕ, ਬਿਨਾਂ ਉਚਿਤ ਸ਼ਰਨ ਤੇ ਰੁਜ਼ਗਾਰ ਦੇ ਰਹਿ ਰਹੇ ਹਨ। ਮਦਰਾਸ, ਅਹਿਮਦਾਬਾਦ, ਬੰਗਲੌਰ, ਹੈਦਰਾਬਾਦ ਆਦਿ ਵਿਚ ਝੁੱਗੀ ਝੌਂਪੜੀ ਵਾਸੀਆਂ ਦੀ ਗਿਣਤੀ ਦਾ ਕੋਈ ਹਿਸਾਬ ਹੀ ਨਹੀਂ।
ਇਸ ਤੋਂ ਇਲਾਵਾ ਲੱਖਾਂ ਅਜਿਹੇ ਲੋਕ ਹਨ, ਜੋ ਰੋਜ਼ ਕੰਮ ਦੀ ਤਲਾਸ਼ ਵਿਚ ਮੀਲਾਂ, ਚੱਲ ਕੇ ਸ਼ਹਿਰ ਆਉਂਦੇ ਹਨ।

ਇਹਨਾਂ ਦੀ ਦਸ਼ਾ ਵੇਖਦੇ ਹੋਏ ਸ਼ਹਿਰੀ ਅਤੇ ਉਪ ਨਗਰੀ ਸਮਾਜ ਲਈ ਨਾਕਸ ਵਿਵਸਥਾ ਅਤੇ ਅਰਥ ਵਿਵਸਥਾ ਦੇ ਅਸਾਵੇਂ ਵਿਕਾਸ ਦੇ ਪ੍ਰਭਾਵ ਦੀ ਹੋਰ ਅਣਦੇਖੀ ਨਹੀਂ ਕੀਤੀ ਜਾ ਸਕਦੀ। ਅਤੇ ਇਸ ਗੱਲ ਦੀ ਵੀ ਕਿ ਪਿੰਡਾਂ ਤੋਂ ਸ਼ਹਿਰਾਂ ਵਿਚ ਆਏ ਜ਼ਿਆਦਾਤਰ ਲੋਕ ਉਹ ਹਨ, ਜੋ ਪਿੰਡਾਂ ਵਿਚ ਕੋਈ ਸੁਰੱਖਿਅਤ ਕਿੱਤਾ ਕਰ ਰਹੇ ਹਨ। ਇਹਨਾਂ ਵਿਚੋਂ ਬਹੁਤ ਸਾਰੇ ਅਜਿਹੇ ਹਨ ਜੋ ਪਿੰਡਾਂ 'ਚ ਛੋਟੇ ਕਿਸਾਨ, ਬਟਾਈ ਤੇ ਕਾਸ਼ਤ ਕਰਨ ਵਾਲੇ ਅਤੇ ਕਾਰੀਗਰ, ਰਵਾਇਤੀ ਦਸਤਕਾਰ ਜਿਵੇਂ ਬੁਣਕਰ ਅਤੇ ਘੁਮਿਆਰ ਆਦਿ ਹਨ, ਜੋ ਆਧੁਨਿਕੀਕਰਨ ਦਾ ਮੁਕਾਬਲਾ ਨਹੀਂ ਕਰ ਸਕੇ। ਅਤੇ ਸਰਕਾਰ ਨੇ ਵੀ ਉਹਨਾਂ ਬਾਰੇ ਕੋਈ ਵਿਉਂਤ ਨਹੀਂ ਬਣਾਈ, ਉਹ ਵਿਚਾਰੇ ਸਾਡੇ ਅਸਪਸ਼ਟ ਆਰਥਿਕ ਵਿਕਾਸ ਦੀ ਦੇਣ ਹਨ।

ਸ਼ਹਿਰੀ ਗਰੀਬ ਆਜ਼ਾਦ ਦੇਸ਼ ਦੇ ਨਾਗਰਿਕ ਨਹੀਂ ਸਗੋਂ ਗੁਲਾਮਾਂ ਤੋਂ ਵੀ ਬਦਤਰ ਹਨ। ਉਹ ਆਪਣੇ ਮੁੱਢ ਤੋਂ ਉੱਖੜੇ ਹਨ ਅਤੇ ਪਹਿਲਾਂ ਕੁਝ ਧੰਦਾ ਕਰ ਰਹੇ ਸੀ ਅਤੇ ਹੁਣ ਕੇਵਲ ਦਿਹਾੜੀਦਾਰਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਇਕ ਮਾਮੂਲੀ ਦੰਗੇ ਨਾਲ ਉਹਨਾਂ ਦਾ ਜੀਵਨ ਰੁਕ ਜਾਂਦਾ ਹੈ। ਕਿਸੇ ਕੁਦਰਤੀ ਆਫਤ ਨਾਲ ਉਹ ਦਰਖ਼ਤ ਦੇ ਪੱਤਿਆਂ ਵਾਂਗ ਫਿਰ ਉਖੜ ਜਾਂਦੇ ਹਨ। ਸ਼ਹਿਰਾਂ ਵਿਚ ਬੇਰੁਜ਼ਗਾਰੀ ਉਹਨਾਂ ਨੂੰ ਅਪਰਾਧ ਵੱਲ ਲੈ ਜਾਂਦੀ ਹੈ। ਉਹ ਮਾਫੀਆ ਦੇ ਚੁੰਗਲ ਵਿਚ ਫਸ ਜਾਂਦੇ ਹਨ। ਉਹਨਾਂ ਦੇ ਬੱਚੇ ਸ਼ਾਇਦ ਹੀ ਸਕੂਲ ਦਾ ਮੂੰਹ ਦੇਖਦੇ ਹਨ। ਉਹ ਅਪਰਾਧੀਆਂ ਦੇ ਪਰਾਧੀਨ ਹੋ ਜਾਂਦੇ ਹਨ। ਉਹਨਾਂ ਲਈ ਆਜ਼ਾਦੀ ਦਾ ਕੋਈ ਮਤਲਬ ਨਹੀਂ, ਉਹ ਸਭ ਤੋਂ ਵੱਧ ਸ਼ੋਸ਼ਿਤ ਹਨ।

ਅਸੀਂ ਸਮਾਜਿਕ ਅਤੇ ਸਿੱਖਿਅਕ ਪੱਛੜਿਆਂ ਲਈ ਕੀ ਕੀਤਾ ਹੈ।

ਦੂਜੇ ਪੱਛੜੇ ਵਰਗ, ਭਾਰਤ ਦੀ ਆਬਾਦੀ ਦਾ 52 ਫੀਸਦੀ ਹਨ। 1990 ਤੱਕ ਯਾਨਿ ਆਜ਼ਾਦੀ ਤੋਂ 43 ਸਾਲ ਅਤੇ ਪੰਜ ਵਰਸ਼ੀ ਯੋਜਨਾਵਾਂ ਸ਼ੁਰੂ ਹੋਣ ਦੇ 40 ਸਾਲ ਬਾਅਦ ਤੱਕ ਉਹਨਾਂ ਲਈ ਕੋਈ ਨਿਯਮਿਤ ਕਾਰਵਾਈ ਨਹੀਂ ਕੀਤੀ ਗਈ।

ਸੰਵਿਧਾਨ 'ਚ ਇਹ ਸਵੀਕਾਰ ਕੀਤਾ ਗਿਆ ਕਿ ਸਮਾਜਿਕ ਅਤੇ ਸਿੱਖਿਅਕ ਤੌਰ ਤੇ ਪੱਛੜੇ ਵਰਗ ਔਕੜਾਂ ਪੀੜਤ ਹਨ ਅਤੇ ਰਾਸ਼ਟਰਪਤੀ ਦੁਆਰਾ ਧਾਰਾ 340 (1) ਹੇਠ ਇਕ ਕਮਿਸ਼ਨ ਨਿਯੁਕਤ ਕਰਨ ਦਾ ਪ੍ਰਸਤਾਵ ਕੀਤਾ ਗਿਆ। ਧਾਰਾ 430 (1) 'ਚ ਕਿਹਾ ਗਿਆ ਹੈ:

ਰਾਸ਼ਟਰਪਤੀ ਇਕ ਕਮਿਸ਼ਨ ਨਿਯੁਕਤ ਕਰ ਸਕਦੇ ਹਨ, ਜੋ ਭਾਰਤ ਵਿਚ ਸਮਾਜਿਕ ਅਤੇ ਸਿੱਖਿਅਕ ਤੌਰ ਤੇ ਪੱਛੜੇ ਵਰਗ ਦੇ ਹਾਲਾਤ ਅਤੇ ਉਹਨਾਂ ਦੇ ਕੰਮ 'ਚ ਔਕੜਾਂ ਦੀ ਜਾਂਚ ਕਰੇ ਅਤੇ ਸਿਫਾਰਸ਼ ਕਰੇ ਕਿ ਕੇਂਦਰੀ ਅਤੇ ਰਾਜ ਸਰਕਾਰਾਂ ਇਹਨਾਂ ਬਾਰੇ ਕੀ ਕਰਨ ਅਤੇ ਇਸ ਲਈ ਕੀ ਗ੍ਰਾਂਟ ਦਿੱਤੀ ਜਾਵੇ।

ਸੰਵਿਧਾਨ 'ਚ ਅਜਿਹੀ ਸਪਸ਼ਟ ਧਾਰਾ ਦੇ ਬਾਵਜੂਦ ਆਜ਼ਾਦੀ ਦੇ 40 ਵਰ੍ਹੇ ਮਗਰੋਂ ਹੀ ਪਹਿਲਾਂ ਲਾਹੇਵੰਦ ਕਦਮ ਚੁੱਕਿਆ ਗਿਆ। 1953 ਵਿਚ ਨਿਯੁਕਤ ਕੀਤੇ ਕਾਕਾ ਕਲੇਲਕਰ ਕਮਿਸ਼ਨ ਨੇ ਆਪਣੀ ਰਿਪੋਰਟ 1955 ਵਿਚ ਪੇਸ਼ ਕੀਤੀ। ਸਰਕਾਰ ਨੇ 1961 ਵਿਚ ਇਹ ਰਿਪੋਰਟ ਰੱਦ ਕਰ ਦਿੱਤੀ। 1979 ਤੇ ਮੰਡਲ ਕਮਿਸ਼ਨ ਨਿਯੁਕਤ ਕੀਤਾ ਗਿਆ। ਉਸ ਨੇ ਦਸੰਬਰ 1980 ਵਿਚ ਆਪਣੀ ਰਿਪੋਰਟ ਪੇਸ਼ ਕੀਤੀ। 10 ਵਰ੍ਹੇ ਤੱਕ ਇਸ ਦਾ ਹਾਲ ਵੀ ਕਾਕਾ ਕਲੇਲਕਾਰ ਕਮਿਸ਼ਨ ਵਾਂਗ ਰਿਹਾ। ਅਗਸਤ 1991 ਵਿਚ ਹੀ ਭਾਰਤ ਸਰਕਾਰ ਨੇ, ਮੰਡਲ ਕਮਿਸ਼ਨ ਰਿਪੋਰਟ ਦੇ ਆਧਾਰ ਤੇ ਓ. ਬੀ. ਸੀ. ਵਰਗ ਲਈ 27 ਫੀਸਦੀ ਰਿਜ਼ਰਵੇਸ਼ਨ ਸ਼ੁਰੂ ਕਰਨ ਦਾ ਫੈਸਲਾ ਕੀਤਾ।

ਕੇਂਦਰੀ ਪੱਧਰ ਤੇ ਓ. ਬੀ. ਸੀ. ਨੂੰ ਮਾਨਤਾ ਨਾ ਦੇਣ ਦਾ ਮਤਲਬ ਸੀ ਕਿ ਕੌਮੀ ਪੱਧਰ ਤੇ ਉਹਨਾਂ ਦੇ ਵਿਕਾਸ ਅਤੇ ਕਲਿਆਣ ਲਈ ਕੋਈ ਯੋਜਨਾ ਨਹੀਂ ਬਣਾਈ ਗਈ। ਇਸ ਕਾਰਨ ਸੁਤੰਤਰ ਭਾਰਤ ਵਿਚ ਦੂਜੇ ਪੱਛੜੇ ਵਰਗ, ਵਿਕਾਸ ਅਤੇ ਕਲਿਆਣ ਕਾਰਜਾਂ ਦੇ ਲਾਭ ਤੋਂ ਵੰਚਿਤ ਰਹਿ ਗਏ। ਇਹ ਉਹਨਾਂ ਦੇ ਇਤਿਹਾਸਕ ਸ਼ੋਸ਼ਣ ਤੋਂ ਇਲਾਵਾ ਸੀ।
ਇਹ ਤਾਂ ਸੀ ਸਮਾਜਿਕ ਅਤੇ ਆਰਥਿਕ ਇਨਸਾਫ ਰਾਜਨੀਤਿਕ ਇਨਸਾਫ ਦੀ ਸਥਿਤੀ। ਰਾਜਨੀਤਿਕ ਅਧਿਕਾਰਾਂ ਅਤੇ ਸ਼ਾਸ਼ਨ ਵਿਚ ਸ਼ਾਮਲ ਹੋਣ ਬਾਰੇ, ਦਲਿਤਾਂ ਦੀ ਸਥਿਤੀ ਹੈ।

ਇਹ ਇਕ ਇਤਿਹਾਸਕ ਤੱਥ ਹੈ ਕਿ ਬਹੁਜਨ ਸਮਾਜ ਨੂੰ ਆਪਣੀ ਰਾਜਨੀਤਿਕ ਲੀਡਰਸ਼ਿਪ ਬਣਾਉਣ ਤੋਂ ਰੋਕਿਆ ਗਿਆ। ਗਰੀਬਾਂ ਦੇ ਲੀਡਰਾਂ ਦਾ ਸਾਥ ਨਾ ਦੇਣ ਦੀਆਂ ਸਦਾ ਕੋਸ਼ਿਸ਼ਾਂ ਕੀਤੀਆਂ ਗਈਆਂ।

ਅਮੀਰ ਅਤੇ ਉੱਚੀ ਜਾਤੀਆਂ ਨੇ ਉਹਨਾਂ ਦੀ ਲੀਡਰਸ਼ਿਪ ਸੰਭਾਲਣ ਅਤੇ ਉਹਨਾਂ ਦੀ ਆਰਥਿਕ ਨਿਰਭਰਤਾ ਅਤੇ ਭੋਲੇਪਣ ਦਾ ਲਾਭ ਉਠਾਉਣ ਅਤੇ ਉਹਨਾਂ ਨੂੰ ਵੋਟ ਬੈਂਕ ਦੇ ਤੌਰ ਤੇ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਅਤੇ ਉਹਨਾਂ ਦੇ ਕਿਸੇ ਵਿਅਕਤੀ ਨੂੰ ਸਮਾਜ ਦੀਆਂ ਰਾਜਨੀਤਿਕ ਉਮੰਗਾਂ ਦਾ ਰਖਵਾਲਾ ਨਹੀਂ ਬਣਨ ਦਿੱਤਾ। ਪਰ ਡਾ. ਅੰਬੇਦਕਰ ਦਾ ਕਹਿਣਾ ਹੈ।

''ਕੇਵਲ ਵੋਟਰ ਕਾਫੀ ਨਹੀਂ ਕਾਨੂੰਨ ਸਾਜ਼ ਹੋਣਾ ਜ਼ਰੂਰੀ ਹੈ। ਵਰਨਾ ਕਾਨੂੰਨ ਸਾਜ਼ ਉਹਨਾਂ ਦਾ ਮਾਲਿਕ ਬਣ ਜਾਣਗੇ ਜੋ ਕੇਵਲ ਵੋਟਰ ਬਣ ਸਕਦੇ ਹਨ।''

ਵੋਟਰਾਂ ਵਜੋਂ ਵੀ ਬਹੁਜਨ ਸਮਾਜ ਦਾ ਸਦਾ ਸ਼ੋਸ਼ਣ ਹੋਇਆ ਹੈ। ਦਲਿਤ ਵਰਗ ਦੇ ਵੋਟਰਾਂ ਨੂੰ ਧਮਕਾਉਣਾ ਆਮ ਗੱਲ ਹੈ। ਉਮੀਦਵਾਰਾਂ ਨੂੰ ਧਮਕਾਇਆ ਜਾਂਦਾ ਹੈ। ਗੈਰ-ਰਾਖਵੇਂ ਹਲਕਿਆਂ ਤੋਂ ਬਹੁਤ ਥੋੜ੍ਹੇ ਪੱਛੜੇ ਵਰਗ ਦੇ ਉਮੀਦਵਾਰ ਚੁਣੇ ਜਾਂਦੇ ਹਨ। ਇਸ ਤੋਂ ਹੀ ਸਪਸ਼ਟ ਹੈ ਕਿ ਸੁਤੰਤਰਤਾ ਦੇ 50 ਸਾਲ ਮਗਰੋਂ ਵੀ ਕਮਜ਼ੋਰ ਵਰਗ ਖੁੱਲ੍ਹੀ ਪ੍ਰਤੀਯੋਗਤਾ ਵਿਚ ਕਿਤੇ ਮੁਕਾਬਲੇ ਯੋਗ ਨਹੀਂ।

ਇਸ ਬਾਰੇ ਕੋਈ ਅੰਕੜੇ ਨਹੀਂ ਕਿ ਕਿੰਨੇ ਦਲਿਤ ਰਜਿਸਟਰਡ ਵੋਟਰ ਹਨ, ਕਿੰਨਿਆਂ ਨੇ ਵੋਟ ਪਾਏ, ਕਿੰਨਿਆਂ ਨੂੰ ਵੋਟ ਨਹੀਂ ਪਾਉਣ ਦਿੱਤਾ ਗਿਆ। ਕਿੰਨਿਆਂ ਨੂੰ ਸੁਤੰਤਰ ਅਤੇ ਇਨਸਾਫ ਨਾਲ ਵੋਟ ਨਹੀਂ ਪਾਉਣ ਦਿੱਤਾ ਗਿਆ।

ਸਾਡੇ ਮੁਲਕ ਵਿਚ ਚੋਣ ਸੁਧਾਰਾਂ ਦੀਆਂ ਗੱਲਾਂ ਤਾਂ ਸਭ ਤੋਂ ਵੱਧ ਹੁੰਦੀਆਂ ਹਨ ਪਰ ਕੀਤਾ ਕੁਝ ਨਹੀਂ ਜਾਂਦਾ। ਸਮਾਜ ਦੇ ਮੈਂਬਰਾਂ ਦੇ ਰਾਜਨੀਤਿਕ ਮਾਲਿਕ ਬਣਨ ਵਿਚ ਰੁਕਾਵਟਾਂ ਹਨ- ਮਾਲੀ ਸ਼ਕਤੀ, ਮਾਫੀਆ ਸ਼ਕਤੀ ਅਤੇ ਮੀਡੀਆ ਸ਼ਕਤੀ ਚੋਣਾਂ ਦਾ ਲਾਭ ਉਹੀ ਉਠਾ ਰਹੇ ਹਨ, ਜਿਹਨਾਂ ਕੋਲ ਇਹ ਤਿੰਨ ਸ਼ਕਤੀਆਂ ਹਨ।

ਬਹੁਜਨ ਸਮਾਜ ਦੇ ਰਾਜਨੀਤਿਕ ਅਧਿਕਾਰ ਬਿਨਾਂ ਆਪਣੀ ਆਰਥਿਕ ਖੁਸ਼ਹਾਲੀ 'ਚ ਵਾਧਾ ਨਹੀਂ ਕਰ ਸਕਦੇ। ਅਤੇ ਨਾ ਹੀ ਰਾਜਨੀਤਿਕ ਖੇਤਰ ਵਿਚ ਮੁਕਾਬਲਾ ਕਰ ਸਕਦੇ ਹਨ। ਦੋਹਾਂ ਖੇਤਰਾਂ ਤੇ ਥੋੜ੍ਹੇ ਜਿਹੇ ਅਧਿਕਾਰ ਪ੍ਰਾਪਤ ਲੋਕਾਂ ਦਾ ਕਬਜ਼ਾ ਹੈ। ਬਹੁਜਨ ਸਮਾਜ ਆਪਣੀ ਲਾਚਾਰੀ ਤੇ ਤੜਪ ਰਿਹਾ ਹੈ। ਡਾ. ਅੰਬੇਦਕਰ ਦਾ ਕਥਨ ਹੈ:

ਇਸ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਦੇਸ਼ ਵਿਚ ਰਾਜਨੀਤਿਕ ਸ਼ਕਤੀ ਬਹੁਤ ਸਮੇਂ ਤੋਂ ਕੁਝ ਲੋਕਾਂ ਦੀ ਇਜਾਰੇਦਾਰੀ ਬਣੀ ਹੋਈ ਹੈ ਅਤੇ ਬਾਕੀ ਵੋਟ ਭਾਵ ਦੇਣ ਵਾਲੇ ਜਾਨਵਰ ਹੀ ਨਹੀਂ ਸ਼ਿਕਾਰ ਹੋਣ ਵਾਲੇ ਜਾਨਵਰ ਵੀ ਹਨ। ਇਸ ਇਜਾਰੇਦਾਰੀ ਨੇ ਉਹਨਾਂ ਨੂੰ ਬਿਹਤਰੀ ਦੇ ਅਵਸਰਾਂ ਤੋਂ ਹੀ ਵੰਚਿਤ ਨਹੀਂ ਕੀਤਾ, ਉਹਨਾਂ ਦੇ ਜੀਵਨ ਦਾ ਮੁੱਲ ਹੀ ਚੂਸਿਆ ਗਿਆ ਹੈ। ਸਵੈ-ਸ਼ਾਸਨ ਦੀ ਇੱਛਾ ਨੂੰ ਵਰਗ ਸੰਘਰਸ਼ ਦਾ ਰੂਪ ਨਹੀਂ ਲੈਣ ਦੇਣਾ ਚਾਹੀਦਾ।

ਇਸ ਨਾਲ ਘਰ ਵਿਚ ਵੰਡ ਹੋ ਜਾਵੇਗੀ। ਇਹ ਤਬਾਹੀ ਦਾ ਦਿਹਾੜਾ ਹੋਵੇਗਾ। ਜਿਵੇਂ ਕਿ ਅਬ੍ਰਾਹਮ ਲਿੰਕਨ ਨੇ ਠੀਕ ਹੀ ਕਿਹਾ ਹੈ। 'ਆਪਣੇ ਆਪ 'ਚ ਵੰਡਿਆ ਘਰ ਜ਼ਿਆਦਾ ਸਮੇਂ ਖੜ੍ਹਾ ਨਹੀਂ ਰਹਿ ਸਕਦਾ।' ਇਸ ਲਈ ਜਿੰਨਾ ਛੇਤੀ ਉਹਨਾਂ ਦੀਆਂ ਉਮੰਗਾਂ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇ, ਉਹਨਾਂ ਹੀ ਆਜ਼ਾਦੀ ਬਰਕਰਾਰ ਰੱਖਣ ਅਤੇ ਲੋਕਤੰਤਰੀ ਢਾਂਚਾ ਜਾਰੀ ਰੱਖਣ ਲਈ ਬਿਹਤਰ ਹੋਵੇਗਾ। ਇਹ ਜੀਵਨ ਦੇ ਸਾਰੇ ਪੱਖਾਂ 'ਚ ਸਮਾਨਤਾ ਅਤੇ ਭਾਈਚਾਰਾ ਸਥਾਪਤ ਕਰਕੇ ਹੀ ਸੰਭਵ ਹੋਵੇਗਾ।'

ਪਿੱਛੇ ਜਿਹੇ ਕੁਝ ਲੋਕਾਂ ਨੇ ਲੋਕਤੰਤਰ ਦੇ ਢਾਂਚੇ ਵਿਚ ਹੀ ਅਵਿਸ਼ਵਾਸ ਪ੍ਰਗਟ ਕੀਤਾ ਹੈ। ਨਕਸਲ ਤਹਿਰੀਕ ਇਸ ਦੀ ਇਕ ਮਿਸਾਲ ਹੈ। ਪਰ ਬਹੁਜਨ ਸਮਾਜ ਸਿਸਟਮ ਵਿਚ ਵਿਸ਼ਵਾਸ ਰੱਖਦਾ ਹੈ। ਸਮਾਜ ਇਸ ਨੂੰ ਸਾਫ ਸੁਥਰਾ ਬਣਾ ਕੇ ਇਸ ਦੇ ਰਾਹੀਂ ਸਮਾਜਿਕ ਪਰਿਵਰਤਨ ਲਿਆਉਣਾ ਚਾਹੁੰਦਾ ਹੈ। ਆਰਥਿਕ ਤੌਰ ਤੇ ਕਮਜ਼ੋਰ ਹੋਣ ਕਾਰਨ, ਸਮਾਜ ਦਾ ਚੋਣ ਵਪਾਰ ਦੇ ਤਿੰਨ ਐਮ ਰੁਪਿਆ, ਮਾਫੀਆ, ਮੀਡੀਆ ਤੇ ਕੋਈ ਜ਼ੋਰ ਨਹੀਂ।

ਇਹ ਚਾਲਬਾਜ਼ੀ ਰਾਹੀਂ ਨਹੀਂ ਸਗੋਂ ਆਪਣੇ ਪ੍ਰੋਗਰਾਮਾਂ ਅਤੇ ਨੀਤੀਆਂ ਦੇ ਬਲਬੂਤੇ ਆਪਣੇ ਆਪ ਨੂੰ ਸੰਗਠਿਤ ਕਰ ਰਿਹਾ ਹੈ। ਇਸੇ ਲਈ ਸਾਡੀ ਪ੍ਰਗਤੀ ਸੁਸਤ ਪਰ ਨਿਸਚਿਤ ਹੈ। ਅਸੀਂ ਭੂਮੀਹੀਣ ਕਾਸ਼ਤਕਾਰਾਂ ਛੋਟੇ ਅਤੇ ਮਾਮੂਲੀ ਕਿਸਾਨਾਂ, ਕਾਰੀਗਰਾਂ, ਪ੍ਰਾਥਮਿਕ ਕਿਰਤੀਆਂ, ਓ. ਬੀ. ਸੀਜ਼, ਪੱਛੜੇ ਵਰਗ, ਅਨੁਸੂਚਿਤ ਜਾਤੀਆਂ, ਕਬਾਇਲੀਆਂ ਅਤੇ ਅਲਪ ਸੰਖਿਅਕਾਂ ਨੂੰ ਭਾਰਤੀ ਸੰਵਿਧਾਨ ਦੀਆਂ ਧਾਰਾਵਾਂ ਦੀ ਅਸਲੀ ਪਾਲਣਾ ਦੇ ਆਧਾਰ ਤੇ ਇਕ ਸਾਂਝੇ ਪਲੇਟਫਾਰਮ (ਮੰਚ) ਤੇ ਇਕੱਠਾ ਕਰਨ ਦੇ ਯਤਨ ਕਰ ਰਹੇ ਹਨ। ਅਸੀਂ ਸਮਾਜਿਕ ਤਬਦੀਲੀ ਲਈ ਰਾਜਨੀਤਿਕ ਸ਼ਕਤੀ ਵਰਤਾਂਗੇ ਅਤੇ ਰਿਵਾਜਾਂ, ਸੰਸਕ੍ਰਿਤੀਆਂ, ਪੇਸ਼ਿਆਂ, ਧਰਮਾਂ ਸਾਥੀ ਦੇਸ਼ਵਾਸੀਆਂ ਦੇ ਮਾਣ ਦੇ ਆਧਾਰ ਤੇ ਸਮਾਜ ਨੂੰ ਇੱਕਜੁਟ ਕਰਾਂਗੇ।

ਰਾਜਨੀਤਿਕ ਸ਼ਕਤੀ ਰਾਹੀਂ ਸਮਾਜਿਕ ਪਰਿਵਰਤਨ ਲਿਆਉਣ ਵਿਚ ਅਸੀਂ ਡਾ. ਅੰਬੇਦਕਰ ਦੀ ਲੋਕਤੰਤਰ ਦੀ ਦੱਸੀ ਹੋਈ ਪਰਿਭਾਸ਼ਾ ਤੋਂ ਰਹਿਨੁਮਾਈ ਹਾਸਲ ਕਰਾਂਗੇ।

''ਲੋਕਤੰਤਰ ਸਰਕਾਰ ਦਾ ਆਧਾਰ ਹੈ। ਲੋਕਤੰਤਰੀ ਸਮਾਜ ਜੇ ਕਰੇ ਸਮਾਜਿਕ ਲੋਕਤੰਤਰ ਨਾ ਹੋਏ ਤਾਂ ਲੋਕਤੰਤਰ ਦੇ ਢਾਂਚੇ ਦਾ ਕੋਈ ਮੁੱਲ ਨਹੀਂ ਹੋਵੇਗਾ।

ਰਾਜਨੀਤਿਕਾਂ ਨੇ ਕਦੇ ਇਹ ਅਹਿਸਾਸ ਨਹੀਂ ਕੀਤਾ ਕਿ ਲੋਕਤੰਤਰ ਇਕ ਸਰਕਾਰ ਦੀ ਕਿਸਮ ਨਹੀਂ, ਸਮਾਜ ਦੀ ਕਿਸਮ ਹੈ ਕਰੜੇ ਸਮਾਜਿਕ ਬੰਧਨਾਂ ਤੋਂ ਮੁਕਤ ਇਕ ਸਮਾਜਿਕ ਸੰਗਠਨ ਹੈ।

ਲੋਕਤੰਤਰ ਵੱਖ ਹੋਣ ਅਤੇ ਵਿਲੱਖਣਤਾ ਦੇ ਅਨੁਕੂਲ ਨਹੀਂ ਜਿਸ ਨਾਲ ਅਧਿਕਾਰ ਪ੍ਰਾਪਤ ਅਤੇ ਅਧਿਕਾਰਾਂ ਤੋਂ ਵਾਂਝਿਆਂ ਵਿਚਕਾਰ ਵਿਤਕਰਾ ਹੁੰਦਾ ਹੈ।''

# ਪੁਰਖਿਆਂ ਦੀ ਰੀਤ ਦਾ ਹਾਮੀ ਅਤੇ ਐਵਾਰਡਾਂ ਦਾ ਧਨੀ- ਦਲਜੀਤ ਸਿੰਘ ਸੰਧੂ ਭਾਈਕਾ

## ਅਮਰੀਕਾ 'ਚ ਰੈਸਟੋਰੈਂਟ "ਇੰਡੀਆ ਹਾਊਸ" ਦੀ ਸਫਲਤਾ ਦਾ ਬੁਲੰਦ ਮੁਕਾਮ



ਰੇਸ਼ਮ ਕਰਨਾਣਵੀ
9815880104

ਸ਼੍ਰੀ ਗੁਰੂ ਰਾਮ ਦਾਸ ਜੀ ਦੀ ਵਰੋਸਾਈ ਧਰਤੀ ਸ਼੍ਰੀ ਅਮ੍ਰਿਤਸਰ ਸਾਹਿਬ ਦੀ ਬੁੱਕਲ ਵਿਚ ਵਸਿਆ ਪਿੰਡ ਕੋਟ ਖਾਲਸਾ, ਜਿਸ 'ਤੇ ਗੁਰੂ ਸਾਹਿਬਾਨਾਂ ਦੀ ਅਪਾਰ ਕਿਰਪਾ ਹੋਈ। ਕੋਟ ਸੱਯਦ ਮਹਿਮੂਦ ਤੋਂ ਕੋਟ ਖਾਲਸਾ ਬਣਿਆਂ ਇਹ ਪਿੰਡ ਦੁਨੀਆਂ ਦੇ ਨਕਸ਼ੇ ਤੇ ਚਮਕਿਆ ਹੈ। ਉਥੋਂ ਦੇ ਵਸ਼ਿੰਦਿਆਂ ਦੀ ਫ਼ਰਾਖ਼ਦਿਲੀ ਨਾ.ਲ ਇਤਿਹਾਸਕ ਖਾਲਸਾ ਕਾਲਜ ਦੀ ਜੜ੍ਹ ਲੱਗੀ। ਉਹਨਾਂ ਦਾ ਖਾਲਸਾ ਕਾਲਜ ਵਾਸਤੇ ਜ਼ਮੀਨ ਦਾਨ ਕਰਨਾ ਆਪਣੇ ਆਪ




From Left to Right: Jolly Sandhu (Son), Jobanjit Sadhu (Son), Daljit Singh Sandhu, Mrs. Beth Gaines ( Assemblywomen 6th District), Mrs. Afsh Sandhu & Hunar Partap Sandhu(Daughter in law/ Grandson)

Time of getting Small Business of the Year award from California State by Mrs. Beth Gaiens..

'ਚ ਇੱਕ ਮਿਸਾਲ ਬਣ ਗਿਆ।

ਇਲਾਕੇ ਭਰ ਦੇ ਲੋਕਾਂ ਨੇ ਆਪੋ ਆਪਣੀ ਹੈਸੀਅਤ ਮੁਤਾਬਕ ਉਸ ਬੂਟੇ ਨੂੰ ਹਰਿਆ ਭਰਿਆ ਕਰਨ ਦੀ ਕੋਈ ਕਸਰ ਨਹੀਂ ਛੱਡੀ। ਅੱਜ ਤੱਕ ਉਸ ਦੀ ਛਤਰ ਛਾਇਆ, ਫੁੱਲਾਂ ਅਤੇ ਫਲਾਂ ਦੀ ਸੁਗੰਧੀ ਤੇ ਸੁਆਦ ਨਾ.ਲ ਸ਼ਰਸ਼ਾਰ ਹੋਏ ਰਾਹੀਆਂ ਰੂਪੀ ਵਿਦਿਆਰਥੀਆਂ ਨੇ ਦੇਸ਼ ਵਿਦੇਸ਼ਾਂ 'ਚ ਆਪਣੀ ਸਫਲਤਾ ਦੇ ਝੰਡੇ ਬੁਲੰਦ ਕੀਤੇ ਹਨ।

ਉਹਨਾਂ ਵਿਚ ਇੱਕ ਸਖ਼ਸ਼ੀਅਤ ਦਾ ਜ਼ਿਕਰਯੋਗ




ਨਾਮ ਹੈ ਦਲਜੀਤ ਸਿੰਘ ਸੰਧੂ। ਜਿਸ ਦੇ ਪੁਰਖ਼ਿਆਂ ਨੇ ਖਾਲਸਾ ਕਾਲਜ ਦੀ ਸਥਾਪਨਾ ਵਾਸਤੇ ਜ਼ਮੀਨ ਦੇਣ ਵਾਲਿਆਂ ਵਿਚ ਮੋਹਰੀ ਭੂਮਿਕਾ ਨਿਭਾਈ ਸੀ। ਪਿੰਡ ਦੇ ਕਰੀਬ 25 ਸਾਲ ਸਰਪੰਚ ਰਹੇ ਸ. ਮੇਹਰ ਸਿੰਘ ਥਾਣੇਦਾਰ ਦਾ ਪੋਤਰਾ, ਮਾਤਾ ਗੁਰਬਚਨ ਕੌਰ ਸੰਧੂ ਅਤੇ ਪਿਤਾ ਕਸ਼ਮੀਰ ਸਿੰਘ ਸੰਧੂ ਦਾ ਸਪੁੱਤਰ ਦਲਜੀਤ ਸਿੰਘ ਸੰਧੂ ਭਾਈਕਾ ਪਹਿਲੀ ਤੋਂ ਲੈ ਕੇ ਐਮ.ਏ. ਤੱਕ ਖਾਲਸਾ ਕਾਲਜ ਕੰਪਲੈਕਸ ਵਿਚ ਪੜ੍ਹਿਆ ਲਿਖਿਆ, ਜਿਸ ਕਾਲਜ ਦੀ 1945 ਦੀ ਫੁਟਬਾਲ ਦੀ ਟੀਮ ਦਾ ਕਪਤਾਨ ਉਸ ਦਾ ਪਿਤਾ ਕਸ਼ਮੀਰ ਸਿੰਘ ਸੰਧੂ ਅਤੇ ਹਾਕੀ ਦੀ ਟੀਮ ਦੇ ਕਪਤਾਨ ਚਾਚਾ ਕੁਲਵੰਤ ਸਿੰਘ ਸੰਧੂ ਰਹੇ। ਦਾਨ-ਵੀਰਾਂ ਦੇ ਇਸ ਪਿੰਡ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਹੂਲਤਾਂ ਵੀ ਮੁਹੱਈਆ ਹੁੰਦੀਆਂ ਹਨ। ਇਸ ਕਾਲਜ ਵਲੋਂ ਵਿੱਦਿਆ ਦਾ ਵਡਮੁੱਲਾ ਦਾਨ ਪਿੰਡ ਵਾਸੀਆਂ ਦੇ ਨਾ.ਲ ਨਾਲ ਹੋਰ ਲੱਖਾਂ ਵਿਦਿਆਰਥੀ ਨੂੰ ਪ੍ਰਾਪਤ ਹੋਇਆ।

ਦਲਜੀਤ ਸਿੰਘ ਸੰਧੂ ਨੇ ਖਾਲਸਾ ਕਾਲਜ ਤੋਂ ਹੀ ਅਰਥ ਸਾਸ਼ਤਰ ਦੀ ਐਮ. ਏ. ਪਹਿਲੇ ਦਰਜੇ ਵਿਚ ਪਾਸ ਕੀਤੀ। ਉਪਰੰਤ 6 ਮਈ 1972 ਨੂੰ ਬੈਂਕ ਦੀ



From left to right: Mr. Sandhu (Chairmen), Proff. M.S. Gill, Pargan Singh Bains, Mr. Daljit Singh Sa[ndhu] At the back Amrik Singh Parihar (President), Balbir Singh ( Head Priest LC Gurudwara)

Daljit Singh Sandhu being honored by Sikh Virsa Sambhal Society, Sacramento CA being honore[d] a small business person of the year 2014 by the state of California.

ਨੌਕਰੀ ਅਮ੍ਰਿਤਸਰ ਦੇ ਹਾਲ ਬਜ਼ਾਰ 'ਚ ਜੁਆਇਨ ਕੀਤੀ। ਫਿਰ ਬਦਲੀਆਂ ਦੇ ਸਿਲਸਿਲੇ ਕਰਕੇ ਜੈਤੋ ਮੰਡੀ, ਕਪੂਰਥਲਾ, ਰੋਡੇ ਲੰਡੇ ਕੇ, ਅਹਿਮਦਾਬਾਦ ਗੁਜਰਾਤ ਅਤੇ ਬਾਅਦ ਵਿਚ ਫਿਰ ਗੁਰੂ ਕੀ ਨਗਰੀ ਸ਼੍ਰੀ ਗੁਰੂ ਰਾਮ ਦਾਸ ਸਰਾਂ ਵਿਚ ਯਾਦਗਾਰੀ ਸਾਢੇ ਪੰਜ ਸਾਲ ਦੀ ਨੌਕਰੀ ਅਤੇ ਹੋਰ ਸਮਾਜਿਕ ਸੇਵਾਵਾਂ ਨਿਭਾਉਂਦਿਆਂ ਇੱਥੋਂ ਹੀ ਮਾਰਚ 2001 ਵਿਚ ਸੇਵਾ ਮੁਕਤੀ ਪ੍ਰਾਪਤ ਕੀਤੀ। ਸ਼੍ਰੀ ਗੁਰੂ ਰਾਮਦਾਸ ਸਰਾਂ ਵਿਚ ਸੇਵਾ ਦੌਰਾਨ ਗੁਰੂ ਘਰ ਦੀਆਂ ਦੀਆਂ ਹੋਰ ਗਤੀਵਿਧੀਆਂ ਵਿਚ ਵਧ ਚੜ੍ਹ ਕੇ ਯੋਗਦਾਨ ਪਾਇਆ। ਜਿਸ ਕਰਕੇ ਗੁਰਦੁਆਰਾ ਪ੍ਰਬੰਧਕੀ ਕਮੇਟੀ ਵਲੋਂ ਵੀ ਐਵਾਰਡ ਦਿੱਤਾ ਗਿਆ।

ਆਪਣੇ ਪੁਰਖਿਆਂ ਵਲੋਂ ਮਿਲੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਰਗਰਮੀਆਂ ਦੀ ਗੁੜ੍ਹਤੀ ਕਰਕੇ ਸੰਧੂ ਇਹਨਾਂ ਹਲਕਿਆਂ ਵਿਚ ਜਾਣੀ ਪਹਿਚਾਣੀ ਸਖਸ਼ੀਅਤ ਬਣਿਆ। ਸੰਧੂ ਖਾਲਸਾ ਕਾਲਜ ਦੀ ਗਵਰਨਿੰਗ ਕਾਉਂਸਲ ਦੇ ਮੈਂਬਰ ਵਜੋਂ ਵੀ ਸੇਵਾ ਨਿਭਾ ਰਹੇ ਹਨ। ਉਹਨਾਂ ਵਲੋਂ ਚੀਫ਼ ਖਾਲਸਾ ਦੀਵਾਨ ਦੀ 19,20,21 ਜਨਵਰੀ 1996 ਦੀ ਵਿਸ਼ਵ ਸਿੱਖ ਸੰਮੇਲਨ 'ਚ ਪ੍ਰੋਫੈਸਰ ਦਰਸ਼ਨ ਸਿੰਘ ਦੀ ਹਾਜ਼ਰੀ ਵਿਚ ਖਾਲਸਾ ਕਾਲਜ ਦੀ ਇਮਾਰਤ ਵਾਸਤੇ ਆਪਣੀ ਕਿਰਤ ਕਮਾਈ ਵਿਚੋਂ 5100 ਰੁਪਏ ਦਾ ਯੋਗਦਾਨ ਪਾਇਆ।

ਉਹਨਾਂ ਦੇ ਨਿੱਘੇ ਸੱਦੇ ਤੇ ਮਈ 2002 ਵਿਚ ਉਹ ਪਰਿਵਾਰ ਸਮੇਤ ਪੱਕੇ ਤੌਰ ਤੇ ਅਮਰੀਕਾ ਜਾ ਵਸੇ। ਅਮਰੀਕਾ ਆ ਕੇ ਫਿਰ ਤੋਂ ਮਿਹਨਤ ਕੀਤੀ ਬਰੌਡ ਸਟੋਨ ਮਾਰਕੀਟ ਪੈਲਿਸ ਦੇ ਸ਼ਾਪਿੰਗ ਸੈਂਟਰ ਵਿਚ ਗਾਰਡ ਦੀ ਜੌਬ ਕੀਤੀ। ਮਿਹਨਤ ਦਾ ਰੰਗ ਸੀ ਕਿ ਉਸ ਦੇ ਸਾਹਮਣੇ ਹੀ ਬਾਅਦ ਵਿਚ ਆਪਣਾ ਸਟੋਰ ਬਣਾ ਲਿਆ। ਨੌਂ ਮਹੀਨੇ ਵਿਚ ਹੀ ਆਪਣਾ ਘਰ ਲੈ ਲਿਆ ਆਪਣੇ ਪੈਸੇ ਦਾ ਨਿਵੇਸ਼ ਅਮਰੀਕਾ ਵਿਚ ਕੀਤਾ। ਆਈਸ ਕਰੀਮ ਦਾ ਕਾਰੋਬਾਰ ਅਤੇ ਫਿਰ ਆਪਣਾ ਰੈਸਟੋਰੈਂਟ ਸਥਾਪਿਤ ਕੀਤਾ, ਅੱਠ ਸਾਲ ਤੋਂ ਸਫਲਤਾ ਨਾਲ ਚਲ ਰਹੇ ਇਸ ਰੈਸਟੋਰੈਂਟ 'ਚ ਇੱਕ ਸਮੇਂ ਹੀ ਸੌ ਵਿਅਕਤੀਆਂ ਦੀ ਸਿਟਿੰਗ ਹੋ ਜਾਂਦੀ ਹੈ। ਕਾਰੋਬਾਰ ਦੀ ਚੜ੍ਹਦੀ ਕਲਾ ਇਸ ਗੱਲ ਦਾ ਨਤੀਜਾ ਹੈ ਕਿ ਸੰਧੂ ਹੋਰੀਂ ਦਸਵੰਧ ਕੱਢ ਕੇ ਸਮਾਜ ਸੇਵਾ ਵਿਚ ਯੋਗਦਾਨ ਪਾਉਣ ਦੀ ਪਰਿਵਾਰਕ ਰੀਤ ਨੂੰ ਨਹੀਂ ਭੁੱਲਦੇ।


ਧਾਰਮਿਕ ਪਰੰਪਰਾਵਾਂ ਦੇ ਅਨੁਕੂਲ ਵਿਚਰਦੇ ਹੋਏ ਸੰਧੂ ਹੋਰੀਂ ਕੌਮੀ ਸੇਵਾ ਤਹਿਤ ਵੀ ਆਪਣਾ ਯੋਗਦਾਨ ਪਾਉਣ ਤੋਂ ਨਹੀਂ ਖੁੰਝਦੇ। ਉਹ ਆਪਣੇ ਸ਼ਹਿਰ ਵਿਚ ਹੁੰਦੇ ਫੰਡ ਇਕੱਤਰ ਕਰਨ ਦੇ ਸਮਾਗਮਾਂ ਵਿਚ ਮੁਫ਼ਤ ਖਾਣਾ ਮੁਹੱਈਆ ਕਰਵਾਉਂਦੇ ਹਨ। ਦਲਜੀਤ ਸਿੰਘ ਸੰਧੂ ਦੀ ਦਿਆਨਤਦਾਰੀ, ਮਿਹਨਤ ਅਤੇ ਸੂਝ-ਬੂਝ ਸਦਕਾ ਅਮਰੀਕਾ 'ਚ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਭਾਰਤੀ ਰੈਸਟੋਰੈਂਟ "ਇੰਡਆ ਹਾਊਸ'' ਨੇ ਬੁਲੰਦ ਮੁਕਾਮ ਹਾਸਲ ਕੀਤਾ ਹੈ। "ਇੰਡਆ ਹਾਊਸ'' ਦੇ ਖਾਣੇ ਦੀ ਗੁਣਵੱਤਾ ਦੀ ਧੁੰਮ ਅਮਰੀਕਾ ਵਿਚ ਪੈ ਰਹੀ ਹੈ। ਜਿਸ ਦਾ ਪ੍ਰਮਾਣ ਹਨ ਉਹ ਪ੍ਰਮਾਣ ਪੱਤਰ, ਉਹ ਐਵਾਰਡ ਜੋ ਸਮੇਂ ਸਮੇਂ ਅਮਰੀਕਾ ਪ੍ਰਸ਼ਾਸ਼ਨ ਵਲੋਂ ਉਹਨਾਂ ਨੂੰ ਦਿੱਤੇ ਜਾਂਦੇ ਹਨ। ਇਹਨਾਂ ਐਵਰਡਾਂ ਦਾ ਨਿਰੰਤਰ ਮਿਲਣਾ ਹੀ ਇਸ ਗੱਲ ਦੀ ਸੱਚੀ ਗਵਾਹੀ ਹੈ।




Sarakaria, Daljit Singh Sandhu (bhaika), Parkash Singh Magitaha (president Khalsa College), Jaspal Singh Dhillon, Pinder Singh Sandhu, Pritbal Singh Sethi

ਇੰਡੀਆ ਵਿਚ ਸੰਧੂ ਦੀਆਂ ਸੇਵਾਵਾਂ ਕਰਕੇ ਜਿੱਥੇ ਉਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਸਨਮਾਨ ਕੀਤਾ ਹੈ ਉੱਥੇ ਅਮਰੀਕਾ ਦੀ ਪੰਜਾਬੀ ਵਿਰਸਾ ਸੰਭਾਲ ਕਮੇਟੀ ਵਲੋਂ ਕੀਤਾ ਮਾਣ-ਸਨਮਾਨ ਕੀਤਾ ਗਿਆ ਹੈ। ਨਿਊਕੀਮੀਆ ਐਂਡ ਲਾਈਫੋਮਾ ਸੋਸਾਇਟੀ ਵਲੋਂ 2013'ਚ ਕੁਆਇਨ ਬੋਰਡ ਅਪੀਲ 'ਚ ਭਾਗ ਲੈਣ ਤੇ ਪ੍ਰਸੰਸਾ ਪ੍ਰਮਾਣ ਐਵਾਰਡ, ਕੈਲੇਫੋਰਨੀਆਂ ਦੀ ਰੋਟਰੀ ਕਲੱਬ ਆਫ਼ ਹਿਸਟਾਰਿਕ ਫੌਲਸਮ ਦੇ ਪ੍ਰਧਾਨ ਕੇਵਿਨ ਗਲੀਵ ਦੇ ਦਸਤਖ਼ਤਾਂ ਵਾਲਾ ਐਵਾਰਡ 17 ਮਈ 2014 'ਚ ਸੰਧੂ ਨੂੰ ਮਿਲਿਆ ਹੈ। ਇੰਡੀਆ ਹਾਊਸ ਨੂੰ ''2013 ਸਰਟੀਫਿਕੇਟ ਆਫ਼ ਰੈਕੋਗਨੇਸ਼ਨ ਫਰਾਮ ਕੈਲੇਫੋਰਨੀਆ ਅਸੈਂਬਲੀ ਬੈਸਟ ਇੰਡੀਅਨ ਰੈਸਟੋਰੈਂਟ'' ਦਾ ਮਾਣ ਵੀ ਪ੍ਰਾਪਤ ਹੋਇਆ। 23 ਮਾਰਚ 2014'ਚ ਇੰਟਰਨੈਸ਼ਨਲ ਕਲੀਨਰੀ ਫੈਸਟੀਵਲ ਦਾ ਐਵਾਰਡ ਮਿਲਿਆ। ਇੰਡੀਆ ਸੰਧੂ ਦੀਆਂ ਦੋ ਲੜਕੀਆਂ 'ਚੋ ਇੱਕ ਸਿੰਗਾਪੁਰ ਅਤੇ ਇੱਕ ਰੋਡੇ ਪਿੰਡ ਵਿਆਹੀ ਗਈ ਹੈ। ਸੰਧੂ ਦੀਆਂ ਤਿੰਨ ਭੈਣਾਂ ਅਮਰੀਕਾ ਵਿਚ ਪੱਕੇ ਤੌਰ ਤੇ ਵਸਦੀਆਂ ਹਨ।

ਹਾਊਸ ਨੂੰ ਬੈਸਟ ਇੰਡੀਅਨ ਫੂਡ ਦਾ ਕੇ.ਸੀ.ਆਰ.ਏ. ਵਲੋਂ "ਕੈਲੇਫੋਰਨੀਆ ਸਮਾਲ ਬਿਜ਼ਨੈਸ ਆਫ਼ ਦਾ ਯੀਅਰ ਐਵਾਰਡ '' ਲਗਾਤਾਰ 2011, 2012, 2013, 2014 ਵਿਚ ਸੰਧੂ ਪਰਿਵਾਰ ਨੂੰ ਮਿਲਿਆ। ਚੌਥੀ ਵਾਰ ਇਹ ਐਵਾਰਡ ਦਲਜੀਤ ਸਿੰਘ ਸੰਧੂ, ਉਹਨਾਂ ਦੀ ਪਤਨੀ ਲਖਵਿੰਦਰ ਕੌਰ ਸੰਧੂ, ਉਹਨਾਂ ਦੇ ਹੋਣਹਾਰ ਡੈਂਟਿਸਟ ਸਪੁੱਤਰ ਜੋਬਨਜੀਤ ਸਿੰਘ ਸੰਧੂ, ਨੂੰਹ ਅਰਸ਼ ਸੰਧੂ ਸਪੁੱਤਰ ਜੌਲੀ ਯੁਗਰਾਜਵੀਰ ਸਿੰਘ ਸੰਧੂ ਅਤੇ ਪੋਤਰੇ ਹੁਨਰਪ੍ਰਤਾਪ ਸਿੰਘ ਸੰਧੂ ਨੂੰ ਕੈਲੇਫੋਰਨੀਆ ਸਟੇਟ ਸਮਾਲ ਬਿਜ਼ਨਸ ਸੈਲੀਬਰੇਸ਼ਨ ਡੇ ਮੌਕੇ ਪ੍ਰਧਾਨ ਬੈਥ ਗੇਨਸ਼ ਅਸੈਂਬਲੀ ਵੋਮੈਨ ਮੈਂਬਰ ਵਲੋਂ 100 ਅਸੈਂਬਲੀ ਮੈਂਬਰ 15 ਕਾਂਗਰਸ ਮੈਂਬਰਾਂ ਅਤੇ 15 ਸੈਨੇਟਰਾਂ ਦੀ ਮੌਜੂਦਗੀ ਵਿਚ ਦਿੱਤਾ ਗਿਆ। ਇੱਥੇ ਜ਼ਿਕਰਯੋਗ ਹੈ ਕਿ ਸਾਰੇ ਕੈਲੇਫੋਰਨੀਆ 'ਚੋਂ ਅੱਸੀ ਐਵਾਰਡੀ ਚੁਣੇ ਗਏ ਸਨ। ਜਿਹਨਾਂ ਵਿਚ ਸੰਧੂ ਪਰਿਵਾਰ ਨੂੰ ਇਹ ਐਵਾਰਡ ਪ੍ਰਾਪਤ ਹੋਇਆ। ਐਵਾਰਡਾਂ ਦੇ ਧਨੀ ਦਲਜੀਤ ਸਿੰਘ ਸੰਧੂ ਰੈਸਟੋਰੈਂਟ ਵਿਚ ਖ਼ੁਦ ਕੰਮ ਕਰਕੇ ਇਸ ਮੁਕਾਮ 'ਤੇ ਲੈ ਕੇ ਆਏ ਹਨ। ਸੰਧੂ ਤੇ ਜਿੱਥੇ ਪੰਜਾਬੀਆਂ ਨੂੰ ਮਾਣ ਹੈ ਉੱਥੇ ਸਿੱਖ ਭਾਈਚਾਰੇ ਦਾ ਮਾਣ ਵਧਿਆ ਹੈ। ਸਿੱਖ ਸੰਸਥਾਵਾਂ ਵਲੋਂ ਵੀ ਉਹਨਾਂ ਦਾ ਮਾਣ ਤਾਣ ਕੀਤਾ ਜਾਂਦਾ ਹੈ। ਆਪਣੀ ਜੀਵਨ ਅਤੇ ਕਾਰੋਬਾਰ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਧੂ ਹੋਰਾਂ ਦੇਸ਼ ਦੁਆਬਾ ਅਤੇ ਇਸ ਦੇ ਨਾਲ ਆਉਂਦੀ ਅੰਬੇਦਕਰ ਟਾਈਮਜ਼ ਅਖ਼ਬਾਰ ਦੀ ਵਿਲੱਖਣਤਾ ਦੀ ਸ਼ਲਾਘਾ ਕੀਤੀ। ਦਲਜੀਤ ਸਿੰਘ ਸੰਧੂ ਦਾ ਅਮਰੀਕਾ ਵਸਦਾ ਪਰਿਵਾਰ ਇਸ ਕਮਿਊਨਿਟੀ ਵਿਚ ਵੀ ਆਪਣਾ ਖ਼ਾਸ ਮੁਕਾਮ ਬਣਾ ਚੁੱਕਾ ਹੈ। ਆਪਣੇ ਕਾਰੋਬਾਰ ਦੀ ਵੱਖਰੀ ਛਾਪ ਛੱਡ ਰਿਹਾ ਹੈ। ਕਾਮਨਾ ਹੈ ਕਿ ਹਰ ਮੈਦਾਨ ਫ਼ਤਹਿ ਪਾਉਂਦਾ ਸਫ਼ਲਤਾ ਦਾ ਇਹ ਸਫ਼ਰ ਨਿਰੰਤਰ ਜਾਰੀ ਰਹੇ।









ਖਾਲਸਾ ਕਾਲਜ, ਅੰਮ੍ਰਿਤਸਰ

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈਂ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

Since 1990

Non Profit

# PCS SACRAMENTO

Presents

(USA)

14ਵੀਆਂ

# ਤੀਆਂ

# TEEYAN

On Sunday, the 17th AUGUST 2014

At 1.00 P. M.

AT

## S.E.S. Hall

10427 E. STOCKTON BLVD.
ELK GROVE, CA 95624



Featuring : Songs, Gidha, Dances, Skits, D.J. and Much More

## All LADIES AND GIRLS ARE INVITED

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010,
Email: palpharwala@yahoo.com I Website : www.sacpcs.com

ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

Printer : Barapind Printing Press, Email: bpp467@gmail.com